ਬੀ.ਏ. ਭਾਗ ਦੂਜਾ **ਰਾਜਨੀਤੀ ਵਿਗਿਆਨ**

(ਸਮੈਸਟਰ ਤੀਜਾ)

ਭਾਰਤੀ ਰਾਜਨੀਤਿਕ ਪ੍ਰਣਾਲੀ

ਯੂਨਿਟ ਨੰ. 2

ਪਾਠ ਨੰ :

2.1 : ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ

2.2 : ਰਾਸ਼ਟਰਪਤੀ: ਚੋਣ, ਸ਼ਕਤੀਆਂ, ਸਥਿਤੀ ਅਤੇ ਭੂਮਿਕਾ

2.3 : ਭਾਰਤੀ ਸੰਸਦ: ਬਣਤਰ, ਸ਼ਕਤੀਆਂ ਅਤੇ ਸਥਿਤੀ

2.4 : ਮੰਤਰੀ ਪਰਿਸ਼ਦ

2.5 : ਪ੍ਰਧਾਨ ਮੰਤਰੀ

2.6 : ਸੁਪਰੀਮ ਕੋਰਟ ਅਤੇ ਨਿਆਇਕ ਪੁਨਰ ਨਿਰੀਖਣ

ਡਿਸਟੈਂਸ ਐਜੂਕੇਸ਼ਨ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

ਪਾਠ ਨੰਬਰ : 2.1 **ਲੇਖਕ : ਡਾ. ਐਸ.ਐਸ. ਜੰਜੂਆ**

ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ
(Directive Principles of State Policy)

Structure

ਪਾਠ ਦਾ ਵਿਸ਼ਾ-ਵਸਤੂ

2.1.0 ਪਾਠ ਦਾ ਉਦੇਸ਼
2.1.1 ਜਾਣਕਾਰੀ
2.1.2 ਮੌਲਿਕ ਅਧਿਕਾਰ ਅਤੇ ਨਿਰਦੇਸ਼ਕ ਸਿਧਾਂਤ
2.1.3 ਨਿਰਦੇਸ਼ਕ ਸਿਧਾਂਤਾਂ ਨੂੰ ਲਾਗੂ ਕਰਨਾ
2.1.4 ਸਵੈ-ਪਰਖ ਅਭਿਆਸ
2.1.5 ਆਲੋਚਨਾਤਮਕ ਮੁਲਾਂਕਣ
2.1.6 ਸਿੱਟਾ
2.1.7 ਸਵੈ-ਪਰਖ ਅਭਿਆਸ
2.1.8 ਜਰੂਰੀ ਪੁਸਤਕਾਂ ਸਬੰਧੀ ਜਾਣਕਾਰੀ

2.1.0 ਪਾਠ ਦਾ ਉਦੇਸ਼

ਇਸ ਪਾਠ ਦਾ ਉਦੇਸ਼ ''ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤਾਂ'' ਦਾ ਆਲੋਚਨਾਤਮਕ ਅਧਿਐਨ ਅਤੇ ਮੁਲਾਂਕਣ ਕਰਨਾ ਹੈ। ਸੰਵਿਧਾਨ ਰਚਣਹਾਰਿਆਂ ਨੂੰ ਇਸ ਗੱਲ ਦਾ ਵਿਸ਼ਵਾਸ ਸੀ ਕਿ ਮੌਲਿਕ ਅਧਿਕਾਰਾਂ ਰਾਹੀਂ ਸਥਾਪਿਤ ਕੀਤਾ ਰਾਜਨੀਤਿਕ ਲੋਕਤੰਤਰ ਮਹੱਤਵਹੀਣ ਹੋ ਜਾਵੇਗਾ, ਜੇਕਰ ਭਾਰਤ ਵਿਚ ਸਮਾਜਿਕ ਤੇ ਆਰਥਿਕ ਲੋਕਤੰਤਰ ਦੀ ਸਥਾਪਨਾ ਨਾ ਕੀਤੀ ਗਈ। ਇਸ ਲਈ ਉਹਨਾਂ ਨੇ ਨਿਰਦੇਸ਼ਕ ਸਿਧਾਂਤਾਂ ਦੇ ਰੂਪ ਵਿਚ ਕੁਝ ਅਜਿਹੇ ਨਿਯਮ ਸੰਵਿਧਾਨ ਦੇ ਚੌਥੇ ਭਾਗ ਵਿਚ ਅੰਕਿਤ ਕੀਤੇ ਜਿਨ੍ਹਾਂ ਤੇ ਅਮਲ ਕਰਨ ਨਾਲ ਸਹੀ ਅਰਥਾਂ ਵਿਚ ਭਾਰਤ ਵਿੱਚ ਇੱਕ ਕਲਿਆਣਕਾਰੀ ਰਾਜ ਸਥਾਪਿਤ ਹੋ ਜਾਵੇਗਾ। ਸੰਵਿਧਾਨ ਲਾਗੂ ਕਰਣ ਸਮੇਂ ਦੇਸ਼ ਦੇ ਅੰਦਰ ਸਮਾਜਿਕ ਅਤੇ ਆਰਥਿਕ ਸਥਿਤੀ ਬਹੁਤ ਮਜਬੂਤ ਨਾ ਹੋਣ ਕਾਰਨ ਇਹਨਾਂ ਨਿਯਮਾਂ ਨੂੰ ਮੌਲਿਕ ਅਧਿਕਾਰਾਂ ਵਿਚ ਸ਼ਾਮਿਲ ਕਰਨਾ ਸੰਭਵ ਨਹੀਂ ਸੀ। ਇਸ ਲਈ ਇਹ ਸਿਧਾਂਤ ਨਿਰਦੇਸ਼ਕ ਸਿਧਾਂਤਾਂ ਦੇ ਰੂਪ ਵਿਚ ਅੰਕਿਤ ਕੀਤੇ ਗਏ। ਡਾ. ਅੰਬੇਦਕਰ ਨੇ ਇਹਨਾਂ ਸਿਧਾਂਤਾਂ ਦਾ ਉਦੇਸ਼ ਦੱਸਦੇ ਹੋਏ ਕਿਹਾ ਸੀ, ''ਇਹ ਕਹਿਣਾ ਵਿਅਰਥ ਹੈ ਕਿ ਨਿਰਦੇਸ਼ਕ ਸਿਧਾਂਤ ਨਿਰਮੂਲ ਹਨ। ਮੇਰੇ ਵਿਚਾਰ ਅਨੁਸਾਰ ਉਹਨਾਂ ਦੀ ਵੱਡੀ ਮਹੱਤਤਾ ਇਹ ਹੈ ਕਿ ਇਹਨਾਂ ਸਿਧਾਂਤਾਂ ਦਾ ਉਦੇਸ਼ ਭਾਰਤ ਵਿਚ ਸਮਾਜਿਕ ਅਤੇ ਆਰਥਿਕ ਇਨਕਲਾਬ ਲਿਆਉਣਾ ਹੈ''।ਡਾ. ਰਜਿੰਦਰ ਪ੍ਰਸਾਦ ਨੇ ਬੜੇ ਸੁੰਦਰ ਸ਼ਬਦਾਂ ਵਿਚ ਕਿਹਾ ਸੀ, ''ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦਾ ਉਦੇਸ਼ ਉਹਨਾਂ ਸਾਧਨਾਂ ਨੂੰ ਪ੍ਰਫੁੱਲਤ ਕਰਨਾ ਹੈ ਜੋ ਵੱਧ ਤੋਂ ਵੱਧ ਜਨਤਕ ਭਲਾਈ ਕਰ ਸਕਣ।'' ਨਿਰਦੇਸ਼ਕ ਸਿਧਾਂਤਾਂ ਦਾ ਉਦੇਸ਼ ਡਾਕਟਰ ਅੰਬੇਦਕਰ ਦੇ ਇਹ ਸ਼ਬਦ ਵਧੇਰੇ ਸਪੱਸ਼ਟ ਕਰਦੇ ਹਨ, ''ਨਿਰਦੇਸ਼ਕ ਸਿਧਾਂਤ ਵਿਸ਼ੇਸ਼ ਕਰਕੇ ਦੇਸ਼ ਵਿਚ ਸਮਾਜਿਕ ਤੇ ਆਰਥਿਕ ਲੋਕਤੰਤਰ ਕਾਇਮ ਕਰਨ ਦੇ ਉਦੇਸ਼ ਨਾਲ ਬਣਾਏ ਗਏ ਹਨ?''

2.1.1 ਜਾਣਕਾਰੀ

ਸੁਤੰਤਰ ਭਾਰਤ ਦੇ ਸੰਵਿਧਾਨ ਨਿਰਮਾਤਾਵਾਂ ਨੇ ਭਾਰਤ ਦੀ ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਨੂੰ ਨੀਤੀਆਂ ਦੇ ਨਿਰਮਾਣ ਸਬੰਧੀ ਕੁਝ ਵੱਡਮੁੱਲੇ ਨਿਰਦੇਸ਼ ਦਿੱਤੇ ਹਨ ਜਿਨ੍ਹਾਂ ਨੂੰ ''ਰਾਜ ਦੇ ਨੀਤੀ ਦੇ ਨਿਰਦੇਸ਼ਕ ਸਿਧਾਂਤ'' (Directive Principles of State Policy) ਕਿਹਾ ਜਾਂਦਾ ਹੈ। ਇਹਨਾਂ ਨਿਰਦੇਸ਼ਕ ਸਿਧਾਂਤਾਂ ਦਾ ਵਰਣਨ

ਸੰਵਿਧਾਨ ਦੇ ਭਾਗ ਚੌਥੇ ਵਿਚ ਅਨੁਛੇਦ 36 ਤੋਂ 51 ਅਧੀਨ ਕੀਤਾ ਗਿਆ ਹੈ। ਇਹ ਨਿਰਦੇਸ਼ਕ ਸਿਧਾਂਤ ਸੰਵਿਧਾਨ ਸਭਾ ਦੇ ਸੰਵਿਧਾਨਿਕ ਸਲਾਹਕਾਰ, ਸਰ.ਬੀ.ਐਨ.ਰਾਓ (Sir B.N. Rao) ਦੇ ਸੁਝਾਅ ਉੱਤੇ ਸੰਵਿਧਾਨ ਦੇ ਖਰੜੇ ਵਿਚ ਸ਼ਾਮਿਲ ਕੀਤੇ ਗਏ ਸਨ। ਇਹਨਾਂ ਸਿਧਾਂਤਾਂ ਨੂੰ ਸੰਵਿਧਾਨ ਵਿਚ ਸ਼ਾਮਿਲ ਕਰਨ ਦੀ ਪ੍ਰੇਰਣਾ ਆਇਰਲੈਂਡ ਦੇ ਸੰਵਿਧਾਨ ਤੋਂ ਮਿਲੀ ਸੀ ਕਿਉਂਕਿ ਆਇਰਲੈਂਡ ਦੇ ਸੰਵਿਧਾਨ ਵਿਚ ਇਹ ਸਿਧਾਂਤ ਮੌਲਿਕ ਅਧਿਕਾਰਾਂ ਦੇ ਨਾਲ-ਨਾਲ 1937 ਵਿਚ ਅਪਨਾਏ ਗਏ ਹਨ।

ਭਾਰਤੀ ਸੰਵਿਧਾਨ ਦੇ ਭਾਗ ਚੌਥੇ ਵਿਚ ਅੰਕਿਤ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ ਸਾਡੇ ਦੇਸ਼ ਦੇ ਮੌਲਿਕ ਕਾਨੂੰਨ ਦੀ ਇੱਕ ਅਨੋਖੀ ਵਿਸ਼ੇਸ਼ਤਾ ਹੈ। ਭਾਵੇਂ ਇਹ ਨਿਆਂਯੋਗ ਨਹੀਂ ਪ੍ਰੰਤੂ ਅਨੁਛੇਦ 37 ਵਿੱਚ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਇਹ ਦੇਸ਼ ਦੇ ਸ਼ਾਸਨ ਪ੍ਰਬੰਧ ਵਿਚ ਮੌਲਿਕ ਸਮਝੇ ਜਾਣਗੇ। ਜਿਵੇਂ ਸੰਵਿਧਾਨ ਦੇ ਨਿਰਮਾਤਿਆਂ ਨੇ ਅਨੁਭਵ ਕੀਤਾ ਕਿ ਇਨ੍ਹਾਂ ਅਗਵਾਈ ਕਰਨ ਵਾਲੇ ਸਿਧਾਂਤਾਂ ਨੂੰ ਸੰਵਿਧਾਨ ਵਿੱਚ ਅੰਕਿਤ ਕਰਨ ਦਾ ਉਦੇਸ਼ ਭਾਰਤ ਵਿੱਚ ਸਮਾਜਿਕ ਤੇ ਆਰਥਿਕ ਇਨਕਲਾਬ ਲਿਆਉਣਾ ਸੀ ਜੋ ਸੁਤੰਤਰਤਾ ਮਿਲਣ ਉਪਰੰਤ ਹਾਲੇ ਲਿਆਉਣਾ ਰਹਿੰਦਾ ਸੀ। ਸੰਵਿਧਾਨ ਦੇ ਇਸ ਭਾਗ ਦਾ ਉਦੇਸ਼ ਭਾਰਤ ਵਿਚ ਸਮਾਜਿਕ ਤੇ ਆਰਥਿਕ ਲੋਕਤੰਤਰਤਾ ਦੀ ਸੰਭਾਵਨਾ ਦੇ ਰੂਪ ਵਿਚ ਦੂਜਾ ਇਨਕਲਾਬ ਲਿਆਉਣਾ ਸੀ। ਪਹਿਲੇ ਇਨਕਲਾਬ ਦਾ ਉਦੇਸ਼ ਸੁਤੰਤਰਤਾ ਦੇ ਰੂਪ ਵਿਚ ਪੂਰਾ ਹੋ ਗਿਆ ਸੀ।

ਸੰਵਿਧਾਨ ਦੇ ਅਨੁਛੇਦ 36 ਤੋਂ 51 ਤੱਕ ਅੰਕਿਤ ਰਾਜ ਦੀ ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤ ਗਾਂਧੀਅਨ ਆਦਰਸ਼ਵਾਦ ਦੀ ਛੋਹ ਵਾਲਾ ਲੋਕਤੰਤਰੀ ਸਮਾਜਵਾਦ ਦਾ ਫਲਸਫਾ ਨਿਰਧਾਰਤ ਕਰਦੇ ਹਨ ਜੋ ਇਨ੍ਹਾਂ ਦੇ ਵਿਸਥਾਰ ਪੂਰਵਕ ਵਰਨਣ ਵਾਲੀ ਸੂਚੀ ਤੋਂ ਸਪੱਸ਼ਟ ਹੈ।

ਅਨੁਛੇਦ 38 ਅਨੁਸਾਰ ਰਾਜ ਅਜਿਹੇ ਸਮਾਜ ਨੂੰ ਸਥਾਪਿਤ ਕਰਨ ਦਾ ਯਤਨ ਕਰੇਗਾ ਜਿਸਦਾ ਉਦੇਸ਼ ਜਨਤਾ ਦੀ ਭਲਾਈ ਹੋਵੇਗੀ ਅਤੇ ਇਸ ਵਿੱਚ ਰਾਸ਼ਟਰ ਜੀਵਨ ਦੇ ਹਰੇਕ ਖੇਤਰ ਵਿਚ ਲੋਕਾਂ ਨੂੰ ਸਮਾਜਿਕ, ਆਰਥਿਕ ਤੇ ਰਾਜਨੀਤਿਕ ਨਿਆਂ ਮਿਲ ਸਕੇਗਾ।

44ਵੀਂ ਸੋਧ ਅਧੀਨ ਇੱਕ ਨਵਾਂ ਨਿਰਦੇਸ਼ਕ ਸਿਧਾਂਤ ਅਨੁਛੇਦ 38 ਵਿਚ ਜੋੜਿਆ ਗਿਆ ਹੈ। ਇਸ ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਰਾਜ ਵਿਸ਼ੇਸ਼ ਤੌਰ ਤੇ ਆਮਦਨ ਦੀਆਂ ਅਸਮਾਨਤਾਵਾਂ ਨੂੰ ਘੱਟ ਕਰਨ ਅਤੇ ਨਾ ਕੇਵਲ ਵਿਅਕਤੀਆਂ ਵਿਚਕਾਰ, ਸਗੋਂ ਵੱਖ-ਵੱਖ ਖੇਤਰਾਂ ਵਿੱਚ ਰਹਿਣ ਵਾਲੇ ਅਤੇ ਵੱਖ-ਵੱਖ ਧੰਦਿਆਂ ਨੂੰ ਕਰਨ ਵਾਲੇ ਲੋਕਾਂ ਦੇ ਸਮੂਹਾਂ ਵਿਚਕਾਰ, ਰੁਤਬੇ ਸਹੂਲਤਾਂ, ਅਵਸਰਾਂ ਦੀਆਂ ਅਸਮਾਨਤਾਵਾਂ ਨੂੰ ਵੀ ਦੂਰ ਕਰਨ ਦਾ ਯਤਨ ਕਰੇਗਾ।

ਪੰਡਿਤ ਨਹਿਰੂ ਦੁਆਰਾ ਅਨੁਭਵ ਕੀਤੇ ਗਏ ਲੋਕਰਾਜੀ ਸਮਾਜਵਾਦ ਦਾ ਫਲਸਫਾ ਅਨੁਛੇਦ 39 ਵਿਚ ਅੰਕਿਤ ਹੈ। ਇਸ ਅਨੁਛੇਦ ਅਨੁਸਾਰ ਰਾਜ ਵਿਸ਼ੇਸ਼ ਤੌਰ ਤੇ ਆਪਣੀ ਨੀਤੀ ਦਾ ਨਿਰਦੇਸ਼ਨ ਇਸ ਤਰ੍ਹਾਂ ਕਰੇਗਾ ਕਿ :

- (ੳ) ਨਾਗਰਿਕਾਂ ਨੂੰ ਆਪਣੀ ਰੋਜ਼ੀ ਕਮਾਉਣ ਲਈ ਕਾਫੀ ਸਾਧਨ ਪ੍ਰਾਪਤ ਹੋਣ।
- (ਅ) ਸਮਾਜਿਕ ਤੇ ਭੌਤਿਕ ਸੋਮਿਆਂ ਦੀ ਮਾਲਕੀ ਤੇ ਨਿਯੰਤਰਣ ਇਸ ਤਰਾਂ ਸਥਾਪਿਤ ਕੀਤਾ ਜਾਵੇ ਕਿ ਆਮ ਲੋਕਾਂ ਦੀ ਭਲਾਈ ਹੋ ਸਕੇ।
- (ੲ) ਦੇਸ਼ ਦੀ ਆਰਥਿਕ ਪ੍ਰਣਾਲੀ ਇਸ ਤਰ੍ਹਾਂ ਚਲਾਈ ਜਾਵੇ ਕਿ ਆਮ ਹਿੱਤਾਂ ਦੇ ਵਿਪਰੀਤ ਉਤਪਾਦਨ ਦੇ ਸਾਧਨ ਥੋੜ੍ਹੇ ਜਿਹੇ ਵਿਅਕਤੀਆਂ ਦੇ ਹੱਥਾਂ ਵਿੱਚ ਕੇਂਦਰਿਤ ਨਾ ਹੋਣ।
- (ਸ) ਮਰਦ ਤੇ ਔਰਤਾਂ ਨੂੰ ਇਕੋ ਜਿਹੇ ਕੰਮ ਲਈ ਇਕੋ ਜਿਹੀ ਤਨਖਾਹ ਮਿਲੇ।
- (ਹ) ਕਿਰਤੀ ਮਰਦ ਤੇ ਔਰਤਾਂ, ਛੋਟੀ ਉਮਰ ਦੇ ਬੱਚਿਆਂ ਦੀ ਸਿਹਤ ਤੇ ਸ਼ਕਤੀ ਦਾ ਦੁਰਉਪਯੋਗ ਨਾ ਹੋਵੇ ਅਤੇ ਨਾ ਹੀ ਉਨ੍ਹਾਂ ਨੂੰ ਆਪਣੀਆਂ ਆਰਥਿਕ ਜਰੂਰਤਾਂ ਤੋਂ ਮਜ਼ਬੂਰ ਹੋ ਕੇ ਅਜਿਹਾ ਕੰਮ ਕਰਨਾ ਪਵੇ ਜੋ ਉਨ੍ਹਾਂ ਦੀ ਉਮਰ ਤੇ ਤਾਕਤ ਦੇ ਅਨੁਕੂਲ ਨਹੀਂ।
- (ਕ) ਬੱਚਿਆਂ ਨੂੰ ਸੁਤੰਤਰ ਅਤੇ ਗੌਰਵਮਈ ਮਾਹੌਲ ਵਿਚ ਸਿਹਤਮੰਦ ਰੂਪ ਵਿਚ ਵਿਕਸਿਤ ਹੋਣ ਲਈ

ਅਵਸਰ ਤੇ ਸਹੂਲਤਾਂ ਪ੍ਰਾਪਤ ਹੋਣ ਅਤੇ ਬਚਪਨ ਤੇ ਜਵਾਨੀ ਨੂੰ ਨੈਤਿਕ ਸ਼ੋਸ਼ਣ ਤੋਂ ਬਚਾਇਆ ਜਾ ਸਕੇ।

2. 44ਵੀਂ ਸੋਧ ਨਾਲ ਜੋੜੇ ਗਏ ਅਨੁਛੇਦ 39-ਏ ਅਨੁਸਾਰ ਰਾਜ ਇਹ ਯਤਨ ਕਰੇਗਾ ਕਿ ਕਾਨੂੰਨ ਸਮਾਨ ਅਵਸਰਾਂ ਦੇ ਆਧਾਰ ਤੇ ਨਿਆਂ ਨੂੰ ਵਿਕਸਿਤ ਕਰੇ। ਇਸ ਉਦੇਸ਼ ਦੇ ਲਈ ਰਾਜ ਵਿਸ਼ੇਸ਼ ਰੂਪ ਵਿਚ ਉਚਿਤ ਕਾਨੂੰਨ ਜਾਂ ਯੋਜਨਾਵਾਂ ਜਾਂ ਕਿਸੇ ਹੋਰ ਵਿਧੀ ਦੁਆਰਾ ਮੁਫਤ ਕਾਨੂੰਨੀ ਸਹਾਇਤਾ ਦੀ ਵਿਵਸਥਾ ਕਰੇ ਤਾਂ ਜੋ ਕੋਈ ਵੀ ਨਾਗਰਿਕ ਆਰਥਿਕ ਜਾਂ ਕੁਝ ਹੋਰ ਆਯੋਗਤਾਵਾਂ ਕਾਰਨ ਨਿਆਂ ਪ੍ਰਾਪਤੀ ਦੇ ਅਵਸਰਾਂ ਤੋਂ ਵਾਂਝਿਆਂ ਨਾ ਰਹਿ ਜਾਵੇ।

3. ਅਨੁਛੇਦ 40 ਅਨੁਸਾਰ ਰਾਜ ਅਜਿਹੇ ਕਦਮ ਉਠਾਏਗਾ ਤਾਂ ਜੋ ਪਿੰਡਾਂ ਵਿੱਚ ਪੰਚਾਇਤਾਂ ਦਾ ਸੰਗਠਨ ਹੋ ਸਕੇ ਅਤੇ ਉਨ੍ਹਾਂ ਨੂੰ ਅਜਿਹੀਆਂ ਸ਼ਕਤੀਆਂ ਅਤੇ ਅਧਿਕਾਰ ਪ੍ਰਦਾਨ ਕਰੇਗਾ ਕਿ ਉਹ ਸਥਾਨਕ ਸਰਕਾਰ ਦੀ ਇਕਾਈ ਦੇ ਰੂਪ ਵਿਚ ਕੰਮ ਕਰ ਸਕਣ।

4. ਅਨੁਛੇਦ 41 ਅਨੁਸਾਰ ਰਾਜ ਆਪਣੀ ਆਰਥਿਕ ਸਮਰਥਾ ਬਣਾਏਗਾ ਤਾਂ ਜੋ ਹਰੇਕ ਨੂੰ ਕੰਮ ਦਾ ਅਧਿਕਾਰ, ਵਿਦਿਆ ਦਾ ਅਧਿਕਾਰ ਅਤੇ ਬੇਕਾਰੀ, ਬੁਢਾਪੇ, ਬਿਮਾਰੀ ਅਤੇ ਅੰਗਹੀਣ ਹੋਣ ਦੀ ਸਥਿਤੀ ਵਿਚ ਆਰਥਿਕ ਸਹਾਇਤਾ ਪ੍ਰਾਪਤ ਹੋਵੇ।

5. ਅਨੁਛੇਦ 41 ਅਨੁਸਾਰ ਰਾਜ ਕਿਰਤੀਆਂ ਨੂੰ ਨਿਆਂਪੂਰਨ ਅਤੇ ਮਾਨਵੀ ਪ੍ਰਸਥਿਤੀਆਂ ਅਤੇ ਔਰਤਾਂ ਨੂੰ ਪ੍ਰਸੂਤੀ ਸਹਾਇਤਾ ਦੇਣ ਸਬੰਧੀ ਵਿਵਸਥਾ ਕਰੇਗਾ।

6. ਅਨੁਛੇਦ 43 ਅਨੁਸਾਰ ਰਾਜ ਇਹ ਯਤਨ ਕਰੇਗਾ ਕਿ ਸਾਰੇ ਕਿਰਤੀਆਂ ਨੂੰ ਚੰਗਾ ਵੇਤਨ, ਚੰਗਾ ਜੀਵਨ ਪੱਧਰ ਅਤੇ ਵਿਹਲੇ ਸਮੇਂ ਨੂੰ ਚੰਗੀ ਤਰ੍ਹਾਂ ਮਾਨਣ ਦਾ ਪ੍ਰਬੰਧ ਹੋਵੇ। ਰਾਜ ਇਹ ਵੀ ਯਤਨ ਕਰੇਗਾ ਕਿ ਕਿਰਤੀ ਸਮਾਜਿਕ ਅਤੇ ਸਭਿਆਚਾਰਕ ਸਹੂਲਤਾਂ ਨੂੰ ਵੱਧ ਤੋਂ ਵੱਧ ਮਾਣ ਸਕਣ। 44ਵੀਂ ਸੋਧ ਨਾਲ ਜੋੜੇ ਗਏ ਅਨੁਛੇਦ 43A ਅਨੁਸਾਰ ਰਾਜ ਉਚਿਤ ਕਾਨੂੰਨ ਜਾਂ ਕਿਸੇ ਹੋਰ ਤਰ੍ਹਾਂ ਇਸ ਮੰਤਵ ਲਈ ਯਤਨ ਕਰੇ ਕਿ ਉਦਯੋਗ ਨਾਲ ਸਬੰਧਿਤ ਕਾਰੋਬਾਰ ਦੇ ਵਿਚ ਜਾਂ ਦੂਜੀਆਂ ਸੰਸਥਾਵਾਂ ਵਿਚ ਕਿਰਤੀਆਂ ਨੂੰ ਭਾਗ ਲੈਣ ਦਾ ਅਵਸਰ ਪ੍ਰਾਪਤ ਹੋਵੇ।

7. ਅਨੁਛੇਦ 44 ਅਨੁਸਾਰ ਰਾਜ ਸਾਰੇ ਦੇਸ਼ ਲਈ ''ਸਮਾਨ ਆਚਾਰ ਸੰਹਿਤਾ'' (Uniform Civil Code) ਲਾਗੂ ਕਰਨ ਦਾ ਯਤਨ ਕਰੇਗਾ।

8. ਅਨੁਛੇਦ 45 ਅਨੁਸਾਰ ਸੰਵਿਧਾਨ ਲਾਗੂ ਹੋਣ ਦੇ ਦਸ ਸਾਲਾਂ ਦੇ ਅੰਦਰ ਰਾਜ ਇਹ ਯਤਨ ਕਰੇਗਾ ਕਿ 14 ਸਾਲਾਂ ਤੱਕ ਦੀ ਉਮਰ ਦੇ ਬੱਚਿਆਂ ਨੂੰ ਮੁਫਤ ਤੇ ਜ਼ਰੂਰੀ ਵਿਦਿਆ ਪ੍ਰਾਪਤ ਹੋਵੇ। 86ਵੇਂ ਸੰਵਿਧਾਨਕ ਸੋਧ (2002) ਦੁਆਰਾ ਇਸ ਅਨੁਛੇਦ ਦੀ ਭਾਸ਼ਾ ਬਦਲ ਦਿੱਤੀ ਗਈ ਹੈ। ਹੁਣ ਇਸ ਅਨੁਸਾਰ ਰਾਜ 6 ਸਾਲ ਦੀ ਉਮਰ ਤੱਕ ਦੇ ਬੱਚਿਆਂ ਲਈ ਵਧੀਆ ਦੇਖ ਭਾਲ (childhood care) ਅਤੇ ਸਿੱਖਿਆ ਦਾ ਪ੍ਰਬੰਧ ਕਰੇਗਾ।

9. ਅਨੁਛੇਦ 46 ਅਨੁਸਾਰ ਰਾਜ ਕਮਜ਼ੋਰ ਵਰਗਾਂ ਅਤੇ ਵਿਸ਼ੇਸ਼ ਕਰਕੇ ਅਨੁਸੂਚਿਤ ਜਾਤੀਆਂ ਦੇ ਪਛੜੇ ਕਬੀਲਿਆਂ ਨੂੰ ਵਿਦਿਅਕ ਸਹੂਲਤਾਂ ਪ੍ਰਦਾਨ ਕਰੇਗਾ ਅਤੇ ਉਹਨਾਂ ਨੂੰ ਸਮਾਜਿਕ ਨਿਆਂ ਅਤੇ ਹਰ ਪ੍ਰਕਾਰ ਦੇ ਸ਼ੋਸ਼ਣ ਤੋਂ ਬਚਾਏਗਾ।

10. ਅਨੁਛੇਦ 47 ਅਨੁਸਾਰ ਰਾਜ ਲੋਕਾਂ ਦੇ ਜੀਵਨ-ਪੱਧਰ ਨੂੰ ਉੱਚਾ ਕਰਨ ਅਤੇ ਸਿਹਤ ਸੁਧਾਰ ਨੂੰ ਆਪਣਾ ਮੁੱਢਲਾ ਕਰਤੱਵ ਸਮਝੇਗਾ ਅਤੇ ਵਿਸ਼ੇਸ਼ ਤੌਰ ਤੇ ਸ਼ਰਾਬ ਅਤੇ ਨਸ਼ੀਲੀਆਂ ਚੀਜ਼ਾਂ ਜੋ ਸਿਹਤ ਲਈ ਹਾਨੀਕਾਰਕ ਹਨ, ਦੀ ਮਨਾਹੀ ਦਾ ਯਤਨ ਕਰੇਗਾ।

11. ਅਨੁਛੇਦ 47 ਅਨੁਸਾਰ ਰਾਜ ਖੇਤੀ ਅਤੇ ਪਸ਼ੂ-ਪਾਲਣ ਦਾ ਸੰਗਠਨ ਆਧੁਨਿਕ ਅਤੇ ਵਿਗਿਆਨਕ ਢੰਗ ਨਾਲ ਅਤੇ ਵਿਸ਼ੇਸ਼ ਤੌਰ ਤੇ ਗਊਆਂ, ਵੱਛਿਆਂ ਅਤੇ ਹੋਰ ਦੁੱਧ ਦੇਣ ਵਾਲੇ ਪਸ਼ੂਆਂ ਦੀ ਹੱਤਿਆਂ ਨੂੰ ਰੋਕਣ ਦਾ ਯਤਨ ਕਰੇਗਾ।

44ਵੀਂ ਸੋਧ ਨੇ 48A ਅਨੁਛੇਦ ਜੋੜਿਆ।

ਅਨੁਛੇਦ 48A ਅਨੁਸਾਰ ਰਾਜ ਵਾਤਾਵਰਣ ਨੂੰ ਬਚਾਉਣ, ਸੁਧਾਰਨ ਅਤੇ ਦੇਸ਼ ਦੇ ਸੰਗਠਨ ਅਤੇ ਜੰਗਲੀ ਜੀਵਨ ਦੀ ਰੱਖਿਆ ਕਰਨ ਦਾ ਯਤਨ ਕਰੇਗਾ।

12. ਅਨੁਛੇਦ 49 ਅਨੁਸਾਰ ਇਤਿਹਾਸਕ ਜਾਂ ਕਲਾਤਮਕ ਦ੍ਰਿਸ਼ਟੀ ਤੋਂ ਰਾਸ਼ਟਰੀ ਮਹੱਤਤਾ ਵਾਲੀਆਂ ਯਾਦਗਾਰ ਥਾਵਾਂ, ਚੀਜ਼ਾਂ ਦੀ ਸੁਰੱਖਿਆ ਕਰਨਾ, ਉਨ੍ਹਾਂ ਨੂੰ ਟੁੱਟਣ ਭੱਜਣ, ਖਰਾਬ ਹੋਣ, ਵੇਚਣ, ਬਾਹਰ ਭੇਜਣ ਅਤੇ ਖਤਮ ਹੋਣ ਤੋਂ ਬਚਾਉਣਾ ਰਾਜ ਦੀ ਜ਼ਿੰਮੇਵਾਰੀ ਹੋਵੇਗੀ।

13. ਅਨੁਛੇਦ 50 ਅਨੁਸਾਰ ਰਾਜ ਨਿਆਂ ਪਾਲਿਕਾਂ ਨੂੰ ਕਾਰਜਪਾਲਿਕਾਂ ਤੋਂ ਅਲਹਿਦਾ ਕਰਨ ਲਈ ਕਦਮ ਚੁੱਕੇਗਾ।

14. ਅੰਤ ਵਿਚ, ਅਨੁਛੇਦ 51 ਅਨੁਸਾਰ ਰਾਜ ਵਿਚ ਯਤਨ ਕਰੇਗਾ ਕਿ :

(ੳ) ਅੰਤਰ-ਰਾਸ਼ਟਰੀ ਸ਼ਾਂਤੀ ਤੇ ਸੁਰੱਖਿਆ ਦਾ ਵਿਕਾਸ ਹੋਵੇ।

(ਅ) ਰਾਸ਼ਟਰਾਂ ਵਿਚਕਾਰ ਨਿਆਂ-ਪੂਰਵਕ ਅਤੇ ਸਨਮਾਨ ਭਰੇ ਸਬੰਧ ਸਥਾਪਿਤ ਕੀਤੇ ਜਾਣ।

(ੲ) ਸੰਗਠਿਤ ਲੋਕਾਂ ਦੇ ਆਪਸੀ ਸਬੰਧਾਂ ਨੂੰ ਨਿਯਮਿਤ ਕਰਨ ਲਈ ਅੰਤਰ-ਰਾਸ਼ਟਰੀ ਕਾਨੂੰਨ ਅਤੇ ਸੰਧੀਆਂ ਲਈ ਆਦਰ ਭਾਵ ਪੈਦਾ ਕੀਤਾ ਜਾਵੇ।

(ਸ) ਅੰਤਰ-ਰਾਸ਼ਟਰੀ ਝਗੜਿਆਂ ਨੂੰ ਸ਼ਾਂਤੀਪੂਰਵਕ ਤਰੀਕਿਆਂ ਦੁਆਰਾ ਨਿਪਟਾਉਣ ਲਈ ਉਤਸ਼ਾਹ ਮਿਲੇ।

ਇਹ ਸਪੱਸ਼ਟ ਹੈ ਕਿ ਇਹ ਸਿਧਾਂਤ ਸਮਾਜਵਾਦ, ਗਾਂਧੀਵਾਦ ਤੇ ਉਦਾਰਵਾਦੀ-ਬੁੱਧੀਵਾਦੀ ਦੇ ਫਲਸਫੇ ਦੀ ਤਾਕੀਦ ਕਰਦੇ ਹਨ ਪ੍ਰੰਤੂ ਲੋਕਤੰਤਰੀ ਸਮਾਜਵਾਦ ਦਾ ਤੱਤ ਇਹਨਾਂ ਸਾਰਿਆਂ ਵਿੱਚੋਂ ਪ੍ਰਬਲ ਹੈ। ਇਹਨਾਂ ਦਾ ਬੁਨਿਆਦੀ ਮਨੋਭਾਵ ਇਹ ਹੈ ਕਿ ਭਾਰਤ ਨੂੰ ਪੁਲਿਸ ਰਾਜ ਨਹੀਂ ਸਗੋਂ ਕਲਿਆਣਕਾਰੀ ਰਾਜ ਬਣਾਉਣਾ ਹੈ। ਕਿਉਂਕਿ ਸਾਡਾ ਸੰਵਿਧਾਨ ਇਕ ਸਮਾਜਵਾਦੀ ਅਤੇ ਕਲਿਆਣਕਾਰੀ ਦਸਤਾਵੇਜ਼ ਹੈ ਇਸ ਲਈ ਸਮਾਜਵਾਦੀ ਤੱਤ ਇਸ ਦੀ ਪ੍ਰਮਾਣਿਕਤਾ ਦਾ ਚਿੰਨ੍ਹ ਹਨ। ਇਸ ਵਿਚਾਰ ਤੋਂ ਪ੍ਰਭਾਵਿਤ ਹੋ ਕੇ ਡਾ. ਅੰਬੇਦਕਰ ਨੇ ਬੜੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ, ''ਜੇ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ ਆਪਣੇ ਨਿਰਦੇਸ਼ ਅਤੇ ਵਿਸ਼ੇ ਵਸਤੂ ਦੇ ਪੱਖੋਂ ਸਮਾਜਵਾਦੀ ਨਹੀਂ ਤਾਂ ਮੈਨੂੰ ਸਮਝ ਨਹੀਂ ਆਉਂਦੀ ਕਿ ਹੋਰ ਇਸ ਤੋਂ ਵੱਧ ਸਮਾਜਵਾਦ ਕੀ ਹੋ ਸਕਦਾ ਹੈ?''

2.1.2 ਮੌਲਿਕ ਅਧਿਕਾਰ ਅਤੇ ਨਿਰਦੇਸ਼ਕ ਸਿਧਾਂਤ (Fundamental Rights & Directive Principles)

ਭਾਗ III ਵਿੱਚ ਅੰਕਿਤ ਮੌਲਿਕ ਅਧਿਕਾਰ ਅਤੇ IV ਵਿੱਚ ਅੰਕਿਤ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦੇ ਵਿਸ਼ੇ-ਵਸਤੂ ਦੀ ਆਪਣੀ ਹੀ ਮਹੱਤਤਾ ਹੈ ਕਿਉਂਕਿ ਦੋਨੋਂ ਹੀ ਸਾਡੇ ਸਮਾਜਿਕ ਦਸਤਾਵੇਜ਼ ਦੇ ਅਨਿਖੜਵੇਂ ਅੰਗ ਹਨ ਫਿਰ ਵੀ ਉਹਨਾਂ ਵਿਚ ਬੁਨਿਆਦੀ ਅੰਤਰ ਹੈ। ਜਿਥੋਂ ਤੱਕ ਉਨ੍ਹਾਂ ਦੇ ਨਿਆਇਕ ਸਰੂਪ ਦਾ ਪ੍ਰਸ਼ਨ ਹੈ ਉਨ੍ਹਾਂ ਦਾ ਅਨਿੱਖੜਵੇਂ ਸੰਬੰਧਾਂ ਦਾ ਆਵੱਸ਼ਕ ਸੰਕੇਤ ਜਸਟਿਸ ਕੇ.ਐਸ. ਹੈਗੜੇ ਦੀ ਪ੍ਰਸੰਸਾਯੋਗ ਵਿਆਖਿਆ ਤੋਂ ਜਾਣਿਆ ਜਾ ਸਕਦਾ ਹੈ ਕਿ ਮੌਲਿਕ ਅਧਿਕਾਰਾਂ ਦਾ ਟੀਚਾ ਸਮਾਨਤਾ ਵਾਲਾ ਸਮਾਜ ਸਥਾਪਿਤ ਕਰਨਾ, ਨਾਗਰਿਕ ਨੂੰ ਸਮਾਜ ਦੇ ਜਬਰ ਜਾਂ ਰੋਕਾਂ ਤੋਂ ਸੁਤੰਤਰਤ ਕਰਨਾ ਅਤੇ ਸੁਤੰਤਰਤਾ ਸਾਰਿਆਂ ਨੂੰ ਉਪਲਬਧ ਕਰਾਉਣੀ ਹੈ। ਨਿਰਦੇਸ਼ਕ ਸਿਧਾਂਤਾਂ ਦਾ ਟੀਚਾ, ਕੁਝ ਆਰਥਿਕ ਤੇ ਸਮਾਜਿਕ ਉਦੇਸ਼ ਨਿਸ਼ਚਿਤ ਕਰਨੇ ਹਨ ਜੋ ਅਹਿੰਸਾਤਮਕ ਸਮਾਜਿਕ ਇਨਕਲਾਬ ਦੁਆਰਾ ਤੁਰੰਤ ਹੀ ਪ੍ਰਾਪਤ ਕੀਤੇ ਜਾਣੇ ਹਨ। ਅਜਿਹੇ ਸਮਾਜਿਕ ਇਨਕਲਾਬ ਦੁਆਰਾ ਸੰਵਿਧਾਨ ਸਾਧਾਰਨ ਮਨੁੱਖ ਦੀਆਂ ਬੁਨਿਆਦੀ ਜ਼ਰੂਰਤਾਂ ਪੂਰੀਆਂ ਕਰਨਾ ਚਾਹੁੰਦਾ ਹੈ ਅਤੇ ਸਾਡੇ ਸਮਾਜ ਦੇ ਬੁਨਿਆਦੀ ਢਾਂਚੇ ਨੂੰ ਤਬਦੀਲ ਕਰਨਾ ਚਾਹੁੰਦਾ ਹੈ। ਇਨ੍ਹਾਂ ਦਾ ਉਦੇਸ਼ ਭਾਰਤੀਆਂ ਨੂੰ ਆਰਥਿਕ ਰੂਪ ਵਿਚ ਸੁਤੰਤਰਤਾ ਪ੍ਰਦਾਨ ਕਰਨਾ ਹੈ।

(i) ਪਹਿਲਾ, ਜਿਥੋਂ ਤੱਕ ਮੌਲਿਕ ਅਧਿਕਾਰ ਨਿਖੇਧਾਤਮਕ (negative) ਆਦੇਸ਼ ਹਨ ਅਤੇ ਰਾਜ ਨੂੰ ਇਹ ਜਾਂ ਉਹ ਕੰਮ ਕਰਨ ਤੋਂ ਰੋਕਦੇ ਹਨ। ਉਥੇ ਨਿਰਦੇਸ਼ਕ ਸਿਧਾਂਤ ਸਾਰਥਿਕ ਹਦਾਇਤਾਂ ਹਨ ਜੋ ਰਾਜ ਨੂੰ ਦੇਸ਼ ਵਿਚ ਸਮਾਜਿਕ ਤੇ ਆਰਥਿਕ ਲੋਕ ਰਾਜ ਦੀ ਸਥਾਪਨਾ ਲਈ ਜ਼ਰੂਰ ਅਪਣਾਉਣੇ ਚਾਹੀਦੇ ਹਨ। ਦੂਜੇ ਸ਼ਬਦਾਂ

ਵਿਚ ਜਿਥੇ ਪਹਿਲੇ ਰਾਜ ਦੀਆਂ ਕਾਰਵਾਈਆਂ ਉਪਰ ਰੋਕਾਂ ਲਾਉਂਦੇ ਹਨ ਦੂਜੇ ਹਾਦਾਇਤਾਂ-ਪੱਤਰ ਵਾਂਗ ਹਨ ਜੋ ਰਾਜ ਆਪਣੇ ਟੀਚੇ ਨੂੰ ਹਾਸਲ ਭਾਵ ਨਿਰਦੇਸ਼ਕ ਕਰ ਸਕੇ। ਦੋਹਾਂ ਦਾ ਅੰਤਰ ਇਸ ਗੱਲ ਵਿਚ ਹੈ ਜਿਥੇ ਪਹਿਲੇ ਭਾਵ ਮੌਲਿਕ ਅਧਿਕਾਰ ਰਾਜਨੀਤਿਕ ਲੋਕ ਰਾਜ ਦੀ ਰੱਖਿਆ ਲਈ ਨਿਖੇਧਾਤਮਕ ਆਦੇਸ਼ ਹਨ ਦੂਜੇ ਦੇਸ਼ ਵਿਚ ਸਮਾਜਿਕ-ਆਰਥਿਕ ਲੋਕ ਰਾਜ ਦੀ ਸਥਾਪਨਾ ਲਈ, ਸਾਰਥਿਕ ਜ਼ਿੰਮੇਵਾਰੀਆਂ ਹਨ।

(ii) ਦੂਜਾ, ਮੌਲਿਕ ਅਧਿਕਾਰਾਂ ਅਤੇ ਨਿਰਦੇਸ਼ਕ ਸਿਧਾਂਤਾਂ ਵਿਚ ਵਧੇਰੇ ਮਹੱਤਵਪੂਰਣ ਅੰਤਰ ਇਹ ਹੈ ਕਿ ਮੌਲਿਕ ਅਧਿਕਾਰ ਨਿਆਂਯੋਗ ਨਹੀਂ ਹਨ ਅਤੇ ਨੀਤੀ ਨਿਰਦੇਸ਼ਕ ਤੱਤ ਨਿਆਂਯੋਗ ਨਹੀਂ ਹਨ। ਜਿਸ ਕਰਕੇ ਇਹ ਇਕ ਪਵਿੱਤਰ ਘੋਸ਼ਣਾ ਪੱਤਰ ਦਿਖਾਈ ਦਿੰਦੇ ਹਨ। ਇਸ ਲਈ ਰਾਜ ਇਹਨ੍ਹਾਂ ਨੂੰ ਦੇਸ਼ ਸ਼ਾਸਨ ਪ੍ਰਬੰਧ ਵਿੱਚ ਮੌਲਿਕ ਵੀ ਮੰਨ ਸਕਦਾ ਹੈ ਤੇ ਨਹੀਂ ਵੀ। ਸਾਧਾਰਨ ਸ਼ਬਦਾਂ ਵਿੱਚ ਸੰਕੇਤਕ ਹੈ ਕਿ ਜਿੱਥੇ ਮੌਲਿਕ ਅਧਿਕਾਰ ਲਾਜ਼ਮੀ ਹਨ ਉਥੇ ਨਿਰਦੇਸ਼ਕ ਸਿਧਾਂਤ ਇਛੁੱਕ ਹਨ। ਜੇ ਕਿਸੇ ਵਿਅਕਤੀਗਤ ਸਮੁਦਾਇ ਜਾਂ ਰਾਜ ਨੇ ਕਿਸੇ ਵਿਅਕਤੀ ਦਾ ਕੋਈ ਨੁਕਸਾਨ ਕੀਤਾ ਜਾਂ ਹਾਨੀ ਪਹੁੰਚਾਈ ਹੈ ਤਾਂ ਉਹ ਵਿਅਕਤੀ ਅਦਾਲਤ ਵਿਚ ਜਾ ਕੇ ਆਪਣੇ ਅਧਿਕਾਰਾਂ ਦੀ ਰੱਖਿਆ ਕਰਵਾ ਸਕਦਾ ਹੈ। ਪ੍ਰੰਤੂ ਇਹਨਾਂ ਸਿਧਾਂਤਾਂ ਦੇ ਸੰਬੰਧ ਵਿਚ ਅਜਿਹੀ ਸੁਰੱਖਿਆ ਪ੍ਰਾਪਤ ਨਹੀ ਕਰ ਸਕਦਾ। ਅਸੀਂ ਰਾਜ ਨੂੰ ਕਾਨੂੰਨੀ ਸੱਤਾ ਤੇ ਕਿਸੇ ਵੀ ਜਾਇਦਾਦ ਨੂੰ ਜ਼ਬਤ ਕਰਨ ਤੋਂ ਰੋਕ ਸਕਦੇ ਹਾਂ ਪਰੰਤੂ ਅਸੀਂ ਰਾਜ ਨੂੰ ਮਜ਼ਬੂਰ ਨਹੀਂ ਕਰ ਸਕਦੇ ਕਿ ਉਹ ਸਮਾਨ ਆਚਾਰ ਸੰਚਿਤਾ ਲਾਗੂ ਕਰੇ।

(iii) ਇਹ ਗੱਲ ਧਿਆਨ-ਗੋਚਰ ਹੈ ਕਿ 1976 ਦੀ 42ਵੀਂ ਸੋਧ ਰਾਹੀਂ ਸੰਵਿਧਾਨ ਦੇ ਭਾਗ IV ਵਿੱਚ ਅੰਕਿਤ ਸਾਰੇ ਨਿਰਦੇਸ਼ਕ ਸਿਧਾਂਤਾਂ ਨੂੰ ਲਾਗੂ ਕਰਨ ਦੀ ਸ਼ਕਤੀ ਰਾਜ ਨੇ ਪ੍ਰਾਪਤ ਕਰ ਲਈ ਸੀ। ਇਹ ਸਪੱਸ਼ਟ ਕੀਤਾ ਗਿਆ ਸੀ ਕਿ ਨਿਰਦੇਸ਼ਕ ਸਿਧਾਂਤਾਂ ਨੂੰ ਲਾਗੂ ਕਰਨ ਵਾਲਾ ਕੋਈ ਕਾਨੂੰਨ ਇਸ ਆਧਾਰ ਤੇ ਅਵੈਧ ਨਹੀਂ ਕੀਤਾ ਜਾਵੇਗਾ ਕਿ ਅਨੁਛੇਦ 14, 19 ਅਤੇ 31 ਵਿੱਚ ਦਿੱਤੇ ਗਏ ਮੌਲਿਕ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ। 25ਵੀਂ ਸੋਧ ਅਧੀਨ ਰਾਜ ਨੇ ਅਨੁਛੇਦ 39 ਦੀ ਧਾਰਾ B ਅਤੇ ਧਾਰਾ C ਨੂੰ ਲਾਗੂ ਕਰਨ ਦਾ ਅਧਿਕਾਰ ਪ੍ਰਾਪਤ ਕਰ ਲਿਆ ਹੈ। ਸ੍ਰੀਮਤੀ ਇੰਦਰਾ ਗਾਂਧੀ ਦੀ ਕਾਂਗਰਸ ਸਰਕਾਰ ਨੇ 42ਵੀਂ ਸੋਧ ਪਾਸ ਕੀਤੀ ਅਤੇ ਇਸ ਸੋਧ ਅਧੀਨ ਨਿਰਦੇਸ਼ਕ ਸਿਧਾਂਤਾਂ ਨੂੰ ਕੁਝ ਹੱਦ ਤੱਕ ਅਧਿਕਾਰਾਂ ਨਾਲੋਂ ਪ੍ਰਮੁੱਖ ਸਥਾਨ ਦੇ ਦਿੱਤਾ ਸੀ ਪਰ ਸੁਪਰੀਮ ਕੋਰਟ ਨੇ 42ਵੀਂ ਸੋਧ ਦੀਆਂ ਇਨ੍ਹਾਂ ਧਰਾਵਾਂ ਨੂੰ ਜੋ ਨਿਰਦੇਸ਼ਕ ਸਿਧਾਂਤਾਂ ਨੂੰ ਮੌਲਿਕ ਅਧਿਕਾਰਾਂ ਤੋਂ ਪਹਿਲ ਦਿੰਦੀਆਂ ਸਨ ਇਸ ਆਧਰ ਤੇ ਰੱਦ ਕਰ ਦਿੱਤਾ ਕਿ ਅਜਿਹਾ ਕਰਨਾ ਸੰਵਿਧਾਨ ਦੇ ''ਬੁਨਿਆਦੀ ਢਾਂਚੇ'' ਵਿੱਚ ਪਰਿਵਰਤਨ ਕਰਨਾ ਹੈ ਜੋ ਅਸੰਵਿਧਾਨਕ ਹੈ।

(iv) ਉਪਰੋਕਤ ਨੁਕਤੇ ਫਲਸਰੂਪ ਜਿਵੇਂ ਅਦਾਲਤਾਂ ਨੇ ਵੀ ਨਿਰਧਾਰਤ ਕੀਤਾ ਹੈ ਕਿ ਨਿਰਦੇਸ਼ਕ ਸਿਧਾਂਤ ਮੌਲਿਕ ਅਧਿਕਾਰਾਂ ਦੇ ਸਹਾਇਕ ਹਨ। ਇੰਜ ਜੇ ਮੌਲਿਕ ਅਧਿਕਾਰ ਸੰਵਿਧਾਨ ਦਾ ਮੁੱਢਲਾ ਭਾਗ ਬਣਾਉਂਦੇ ਹਨ ਤਾਂ ਸਿਧਾਂਤ ਇਸ ਦਾ ਸਹਾਇਕ ਭਾਗ ਹਨ। ਇਹ ਆਸ ਕੀਤੀ ਜਾਂਦੀ ਹੈ ਕਿ ਦੋਹਾਂ ਵਿੱਚ ਕੋਈ ਵਿਰੋਧ ਨਹੀਂ ਹੋਵੇਗਾ ਜੇ ਕੋਈ ਹੋਇਆ ਤਾਂ ਅਦਾਲਤ ਇਸ ਦਾ ਫੈਸਲਾ ਕਰੇਗੀ। ਉਦਾਹਰਣ ਵਜੋਂ ਅਨੁਛੇਦ 19 ਕੋਈ ਵਪਾਰ ਜਾਂ ਧੰਦਾ ਕਰਨ ਦੀ ਸੁਤੰਤਰਤਾ ਦਿੰਦਾ ਹੈ ਅਤੇ ਅਨੁਛੇਦ 47 ਨਸ਼ਾਬੰਦੀ ਕਰਨ ਦੀ ਇੱਛਾ ਰੱਖਦਾ ਹੈ ਤਾਂ ਅਦਾਲਤ ਦੇਸ਼ ਦੇ ਕਾਨੂੰਨ ਦੀ ਵਿਆਖਿਆ ਕਰਦਿਆਂ ਜੇ ਦੋਹਾਂ ਵਿਚ ਵਿਰੋਧ ਹੋਵੇ ਤਾਂ ਅਨੁਛੇਦ 19 ਨੂੰ ਨਾ ਕਿ ਅਨੁਛੇਦ 47 ਨਸ਼ਾਬੰਦੀ ਕਰਨ ਦੀ ਇੱਛਾ ਰੱਖਦਾ ਹੈ ਤਾਂ ਅਦਾਲਤ ਦੇਸ਼ ਦੇ ਕਾਨੂੰਨ ਦੀ ਵਿਆਖਿਆ ਕਰਦਿਆਂ ਜੇ ਦੋਹਾਂ ਵਿਚ ਵਿਰੋਧ ਹੋਵੇ ਤਾਂ ਅਨੁਛੇਦ 19 ਨੂੰ ਨਾ ਕਿ ਅਨੁਛੇਦ 47 ਨੂੰ ਮਾਨਤਾ ਪ੍ਰਦਾਨ ਕਰੇਗਾ। ਅਦਾਲਤ ਦੁਆਰਾ ਇਹ ਨਿਰਧਾਰਤ ਕੀਤਾ ਗਿਆ ਹੈ ਕਿ, ''ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤ ਮੌਲਿਕ ਅਧਿਕਾਰਾਂ ਦੇ ਅਨੁਕੂਲ ਅਤੇ ਸਹਾਇਕ ਹੋਣਗੇ।''

ਇਸ ਦਿਸ਼ਾ ਵਿੱਚ ਵਾਸਤਵਿਕ ਜ਼ਰੂਰਤ ਇਹ ਹੈ ਕਿ ਅਦਾਲਤਾਂ ਮਿਲਵੀਂ ਉਸਾਰੀ ਦੇ ਸਿਧਾਂਤ ਦੀ ਪਾਲਣਾ ਕਰਨ। ਭਾਵੇਂ ਨਿਰਦੇਸ਼ਕ ਸਿਧਾਂਤਾਂ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਰਾਜ ਦੀ ਹੈ ਪਰ ਇਹ ਸੰਵਿਧਾਨ ਵੱਖ-ਵੱਖ ਉਪਬੰਧਾਂ ਰਾਹੀਂ ਕਾਰਜਕਾਰੀ ਵਿਧਾਨਕਾਰੀ ਸ਼ਕਤੀਆਂ ਉਪਰ ਲਾਈਆਂ ਸ਼ਕਤੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਕੰਮ ਕਰਨ। ਇਸ ਲਈ ਨਿਰਦੇਸ਼ਕ ਸਿਧਾਂਤ ਜੋ ਨਿਆਂ ਯੋਗ ਨਹੀਂ ਹਨ ਪਰ ਮੌਲਿਕ ਅਧਿਕਾਰਾਂ

ਨੂੰ ਕੁਚਲ ਨਹੀਂ ਸਕਦੇ ਜਿਨ੍ਹਾਂ ਨੂੰ ਅਨੁਛੇਦ 32 ਅਤੇ 226 ਅਧੀਨ ਉੱਚਿਤ ਲੇਖਾ ਰਾਹੀ ਨਿਆਂਯੋਗ ਬਣਾਇਆ ਗਿਆ ਹੈ ਇਸ ਦੇ ਬਾਵਜੂਦ ਵੀ ਮਿਲਵੀਂ ਉਸਾਰੀ ਦੇ ਸਿਧਾਂਤ ਦੀ ਬਿਨਾਂ ਕਿਸੇ ਸੰਕੋਚ ਦੇ ਪਾਲਣਾ ਕਰਨੀ ਚਾਹੀਦੀ ਹੈ ਜਿਵੇਂ ਸਰਐਈਵਰ ਜੈਨਿਗਜ ''ਭਾਵੇਂ ਨਿਰਦੇਸ਼ਕ ਸਿਧਾਂਤ ਮੌਲਿਕ ਅਧਿਕਾਰਾਂ ਨੂੰ ਕੁਚਲ ਨਹੀਂ ਸਕਦੇ ਅਦਾਲਤਾਂ ਫਿਰ ਵੀ ਇਨ੍ਹਾਂ ਨੂੰ ਬਿਲਕੁਲ ਵੀ ਅੱਖੋਂ ਉਹਲੇ ਨਹੀਂ ਕਰ ਸਕਦੀਆਂ।ਅਦਾਲਤਾਂ ਨੂੰ ''ਇਕਸੁਰਤਾ ਪੂਰਣ ਉਸਾਰੀ'' (Law of harmonious construction) ਅਪਨਾਉਣਾ ਚਾਹੀਦਾ ਹੈ ਤਾਂ ਜੋ ਜਿਥੋ ਤੱਕ ਸੰਭਵ ਹੋਵੇ ਦੋਹਾਂ ਨੂੰ ਲਾਗੂ ਕੀਤਾ ਜਾ ਸਕੇ''।

ਸਰਕਾਰ ਦੀ ਨੀਤੀ ਅਤੇ ਅਦਾਲਤਾਂ ਦੇ ਵਿਚਕਾਰ ਵਿਚ ਆਵੱਸ਼ਕ ਅੰਤਰ ਇਥੇ ਦੇਖਿਆ ਜਾ ਸਕਦਾ ਹੈ ਭਾਵੇ ਅਦਾਲਤਾਂ ਨੇ ਮੌਲਿਕ ਅਧਿਕਾਰਾਂ ਦੀ ਪ੍ਰਮੁੱਖਤਾ ਦੇ ਨਿਯਮ ਪ੍ਰਤੀ ਕਠੋਰਤਾ ਅਪਣਾਈ ਹੈ ਪਰ ਸਰਕਾਰ ਨੇ ਅਦਾਲਤ ਦੇ ਇਸ ਵਿਚਾਰ ਦੇ ਨਿਯਮ ਨੂੰ ਪ੍ਰਤਿਕੂਲ ਕਰਨ ਦਾ ਧਿਆਨ ਪੂਰਵਕ ਯਤਨ ਕੀਤਾ ਹੈ। ਸਮਾਜਿਕ ਨਿਆਂ ਦੇ ਆਦਰਸ਼ ਨੂੰ ਸਾਕਾਰ ਕਰਨ ਪ੍ਰਤੀ ਹੋਣ ਕਾਰਨ, ਸ੍ਰੀਮਤੀ ਗਾਂਧੀ ਨੇ ਅਨੁਛੇਦ 39 ਵਿੱਚ ਉਪ ਧਾਰਾ C ਨੂੰ ਜੋੜਨ ਦਾ ਪ੍ਰਬੰਧ ਕਰ ਲਿਆ ਜੋ ਸਪੱਸ਼ਟ ਤੌਰ ਤੇ ਇਹ ਵਿਵਸਥਾ ਕਰਦਾ ਹੈ ਕਿ ਅਨੁਛੇਦ 31 ਦੀ ਉਪਬੰਧ B ਅਤੇ C ਨੂੰ ਲਾਗੂ ਕਰਨ ਵਾਲੇ ਕਾਨੂੰਨ ਭਾਵੇਂ ਅਨੁਛੇਦ 14, 19, 31 ਦੁਆਰਾ ਦਿੱਤੇ ਗਏ ਮੌਲਿਕ ਅਧਿਕਾਰਾਂ ਦੀ ਉਲੰਘਣਾ ਕਰਦੇ ਹੋਣ ਨੂੰ ਅਵੈਧ ਘੋਸ਼ਿਤ ਨਹੀਂ ਕੀਤਾ ਜਾਵੇਗਾ। ਸੰਵਿਧਾਨ ਦੇ ਲਾਗੂ ਹੋਣ ਤੋਂ ਤੁਰੰਤ ਬਾਦ ਸਰਕਾਰ ਨੂੰ ਇੱਕ ਸੋਧ ਕਰਨੀ ਪਈ ਤਾਂ ਜੋ ਅਦਾਲਤਾਂ ਦੇ ਫੈਸਲੇ ਨੂੰ ਜਿਹੜਾ ਸਮਾਜਿਕ ਤੇ ਆਰਥਿਕ ਸੰਬੰਧਾਂ ਦੇ ਰਾਹ ਵਿਚ ਰੁਕਾਵਟ ਸੀ ਉਲਟਾਇਆ ਜਾ ਸਕੇ। ਉਦਾਹਰਣ ਵਜੋਂ 1951 ਦੇ ਚੰਪਾਕਮ ਦੋਇਰਾਜਨ ਬਨਾਮ ਮਦਰਾਸ ਵਿੱਚ ਮੁਕੱਦਮੇ ਵਿੱਚ ਸਰਵ-ਉੱਚ ਅਦਾਲਤ ਨੇ ਇਹ ਫੈਸਲਾ ਕੀਤਾ ਕਿ ਲੋਕਾਂ ਦੇ ਕਮਜ਼ੋਰ ਵਰਗ ਨੂੰ ਉੱਚਾ ਚੁੱਕਣ ਲਈ ਮੈਡੀਕਲ ਕਾਲਜਾਂ ਵਿੱਚ ਕੁੱਝ ਪੱਛੜੀਆਂ ਸ੍ਰੇਣੀਆਂ ਲਈ ਸੀਟਾਂ ਰਿਜ਼ਰਵ ਰੱਖਣ ਦਾ ਸਰਕਾਰ ਨੂੰ ਕੋਈ ਅਧਿਕਾਰ ਨਹੀਂ ਕਿਉਂਕਿ ਇਹ ਸਮਾਨਤਾ ਦੇ ਅਧਿਕਾਰ ਦੀ ਉਲੰਘਣਾ ਕਰਦਾ ਹੈ। ਸਰਵ-ਉੱਚ ਅਦਾਲਤ ਦੇ ਇਸ ਫੈਸਲੇ ਨੂੰ ਧਿਆਨ ਵਿੱਚ ਰਖਦਿਆਂ ਸਰਕਾਰ ਨੂੰ ਸੰਵਿਧਾਨ ਵਿਚ ਪਹਿਲਾਂ ਸੋਧ ਕਰਨੀ ਪਈ ਜਿਸ ਵਿਚ ਇਹ ਵਿਵਸਥਾ ਕੀਤੀ ਗਈ ਕਿ ਪੱਛੜੀਆਂ ਸ੍ਰੇਣੀਆਂ ਲਈ ਰਾਜ ਸੀਟਾਂ ਰਿਜ਼ਰਵ ਰੱਖ ਸਕਦਾ ਹੈ।

ਸਰਕਾਰ ਨੇ ਕੁੱਝ ਮਹੱਤਵਪੂਰਨ ਵਿਧਾਨਿਕ ਉਪਾਵਾਂ ਨਾਲ 1969 ਵਿਚ ਮੁੱਖ ਬੈਂਕਾਂ ਦਾ ਰਾਸ਼ਟਰੀਕਰਨ ਕਰ ਦਿੱਤਾ। 1970 ਵਿੱਚ ਪਹਿਲੇ ਰਹਿ ਚੁੱਕੇ ਰਾਜੇ ਮਹਾਰਾਜਿਆਂ ਦੇ ਪ੍ਰਿਵੀ ਪਰਸਾਂ ਤੇ ਵਿਸ਼ੇਸ਼ ਅਧਿਕਾਰਾਂ ਨੂੰ ਸਮਾਪਤ ਕਰ ਦਿੱਤਾ ਪਰ ਅਦਾਲਤ ਨੇ ਸਰਕਾਰ ਦੇ ਇਨ੍ਹਾਂ ਵਿਧਾਨਿਕ ਉਪਾਵਾਂ ਨੂੰ ਅਵੈਧ ਘੋਸ਼ਿਤ ਕਰ ਦਿੱਤਾ ਜਿਸ ਨਾਲ ਕਾਰਜਪਾਲਿਕਾਂ ਤੇ ਨਿਆਂਪਾਲਿਕਾਂ ਵਿਚਕਾਰ ਇਕ ਵਿਰੋਧ ਪੂਰਨ ਸਥਿਤੀ ਪੈਦਾ ਹੋ ਗਈ। 1967 ਵਿਚ ਗੋਲਕਨਾਥ ਮੁਕੱਦਮੇ ਵਿਚ ਅਦਾਲਤ ਨੇ ਇਹ ਫੈਸਲਾ ਦਿੱਤਾ ਕਿ ਮੌਲਿਕ ਅਧਿਕਾਰਾਂ ਦੇ ਖੇਤਰ ਨੂੰ ਸੀਮਿਤ ਜਾਂ ਸੰਖਿਪਤ ਕਰਨ ਲਈ ਸੰਸਦ ਇਨ੍ਹਾਂ ਵਿੱਚ ਹੋਰ ਕੋਈ ਤਬਦੀਲੀ ਨਾ ਕਰੇ। ਗੋਲਕਨਾਥ ਮੁਕੱਦਮੇ ਦੇ ਇਸ ਫੈਸਲੇ ਨੂੰ ਨਿਸ਼ਫਲ ਬਣਾਉਣ ਲਈ ਸੰਸਦ ਨੇ 1971 ਵਿੱਚ 24ਵੀਂ ਸੰਵਿਧਾਨਕ ਸੋਧ ਪਾਸ ਕੀਤੀ। ਉਸੇ ਨਾਲ ਹੀ 25ਵੀਂ ਸੰਵਿਧਾਨਕ ਸੋਧ ਵੀ ਪਾਸ ਕੀਤੀ ਗਈ ਜਿਸ ਦੇ ਅਧੀਨ ਅਨੁਛੇਦ 31 ਵਿਚ ਧਾਰਾ C ਜੋੜੀ ਗਈ। ਇਸ ਵਿਚ ਇਹ ਕਿਹਾ ਗਿਆ ਕਿ ਸੰਘੀ ਜਾਂ ਰਾਜ ਸਰਕਾਰ ਦੇ ਕਿਸੇ ਵੀ ਕਾਨੂੰਨ ਨੂੰ ਅਦਾਲਤ ਵਿਚ ਚੁਣੌਤੀ ਨਹੀਂ ਦਿੱਤੀ ਜਾਵੇਗੀ ਜੇ ਇਸ ਨਾਲ ਇਹ ਸਰਟੀਫਿਕੇਟ ਲਾਇਆ ਜਾਵੇ ਕਿ ਇਹ ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਨੂੰ ਲਾਗੂ ਕਰਨ ਲਈ ਪਾਸ ਕੀਤਾ ਗਿਆ ਹੈ। 1973 ਦੇ ਮੌਲਿਕ ਅਧਿਕਾਰ ਮੁਕੱਦਮੇ ਵਿਚ ਇਸ ਮਾਮਲੇ ਉਪਰ ਚਰਚਾ ਕੀਤੀ ਗਈ। 25ਵੇਂ ਸੰਵਿਧਾਨਕ ਸੋਧ ਦੁਆਰਾ ਲਿਆਏ ਗਏ ਪਰਿਵਰਤਨ ਨੂੰ ਸਰਵ-ਉੱਚ ਅਦਾਲਤਾਂ ਨੇ ਰੱਦ ਕਰ ਦਿੱਤਾ। ਇਸ ਦੇ ਫਲਸਰੂਪ ਉਹੀ ਪੁਰਾਣੀ ਸਥਿਤੀ ਜਿਹੜੀ ਚੰਪਾਕਮ ਦੋਇਰਾਜਨ ਦੇ ਮੁਕੱਦਮੇ ਦੇ ਸਮੇਂ ਪ੍ਰਚਲਿੱਤ ਸੀ ਕਿ ਨਿਰਦੇਸ਼ਕ ਸਿਧਾਂਤ ਮੌਲਿਕ ਅਧਿਕਾਰਾਂ ਦੇ ਸਹਾਇਕ ਹਨ ਅਤੇ ਉਨ੍ਹਾਂ ਦੇ ਅਨੁਕੂਲ ਰਹਿਣਗੇ, ਬਹਾਲ ਹੋ ਗਈ।

ਨਿਰਦੇਸ਼ਕ ਸਿਧਾਂਤ ਉਨੀ ਦੇਰ ਤੱਕ ਬਿਲਕੁਲ ਹੀ ਬੰਧਨਕਾਰੀ ਨਹੀਂ ਜਦ ਤੱਕ ਇਨ੍ਹਾਂ ਨੂੰ 1971 ਵਿੱਚ ਕੀਤੀ ਗਈ 25ਵੀਂ ਸੰਵਿਧਾਨਕ ਸੋਧ ਕੀਤੇ ਅਨੁਛੇਦ ਨਾਲ ਨਾ ਜੋੜਿਆ ਜਾਵੇ। ਇਸ ਵਿਚ ਇਹ ਕਿਹਾ ਗਿਆ ਹੈ

ਕਿ ਅਨੁਛੇਦ 13 ਦੇ ਬਾਵਜੂਦ ਵੀ ਜੇ ਕੋਈ ਕਾਨੂੰਨ ਸਰਕਾਰ ਦੀ ਨੀਤੀ ਨੂੰ ਵਿਵਹਾਰਕ ਰੂਪ ਦੇਣ ਲਈ ਅਨੁਛੇਦ 39 (B) ਅਤੇ (C) ਵਿੱਚ ਅੰਕਿਤ ਨਿਰਦੇਸ਼ਕ ਸਿਧਾਂਤਾਂ ਨੂੰ ਲਾਗੂ ਕਰ ਸਕਦਾ ਹੋਵੇ ਤਾਂ ਅਜਿਹੇ ਕਾਨੂੰਨ ਨੂੰ ਇਸ ਅਧਾਰ ਤੇ ਅਵੈਧ ਘੋਸ਼ਿਤ ਨਹੀਂ ਕੀਤਾ ਜਾਵੇਗਾ ਕਿ ਇਹ ਅਨੁਛੇਦ 14, 19 ਅਤੇ 31 ਦੁਆਰਾ ਦਿੱਤੇ ਗਏ ਮੌਲਿਕ ਅਧਿਕਾਰਾਂ ਦੇ ਅਨੁਕੂਲ ਨਹੀਂ ਜਾਂ ਉਨ੍ਹਾਂ ਨੂੰ ਖਤਮ ਜਾਂ ਸੰਖੇਪਤ ਕਰਦੇ ਹਨ ਅਤੇ ਕੋਈ ਵੀ ਕਾਨੂੰਨ ਜਿਸ ਨਾਲ ਇਹ ਘੋਸ਼ਣਾ ਪੱਤਰ ਲੱਗਿਆ ਹੋਵੇ ਕਿ ਇਹ ਇਸ ਨੀਤੀ ਨੂੰ ਲਾਗੂ ਕਰਨ ਲਈ ਹੈ। ਇਸ ਆਧਾਰ ਤੇ ਅਦਾਲਤ ਵਿਚ ਚੁਣੌਤੀ ਨਹੀਂ ਦਿੱਤੀ ਜਾਵੇਗੀ ਕਿ ਇਹ ਇਸ ਨੀਤੀ ਨੂੰ ਲਾਗੂ ਨਹੀਂ ਕਰਦਾ।'' 1973 ਦੇ ਮੌਲਿਕ ਅਧਿਕਾਰਾਂ ਨਾਲ ਸੰਬਧਿਤ ਕੇਸ਼ਵ ਨੰਦਨ ਭਾਰਤੀ ਮੁਕੱਦਮੇ ਵਿਚ ਸਰਵ-ਉੱਚ ਅਦਾਲਤ ਨੇ ਪਰਿਵਰਤਨ ਲਿਆਉਣ ਵਾਲੇ ਉਪਬੰਧਾਂ ਨੂੰ ਰੱਦ ਕਰਕੇ ਇਕ ਵਾਰ ਫਿਰ ਮੌਲਿਕ ਅਧਿਕਾਰਾਂ ਨੂੰ ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਉਪਰ ਪ੍ਰਮੁੱਖਤਾ ਦੇ ਤੱਤ ਨੂੰ ਵਿਸ਼ਿਸ਼ਟਤਾ ਪ੍ਰਦਾਨ ਕੀਤੀ।''

ਸਥਾਪਿਤ ਨਿਆਂਇਕ ਵਿਚਾਰਧਾਰਾ ਦੀ ਦਿਸ਼ਾ 1976 ਦੀ 42ਵੀਂ ਸੰਵਿਧਾਨ ਸੋਧ ਕਾਨੂੰਨ ਦੁਆਰਾ ਰਾਖਵੀਂ ਰੱਖੀ ਗਈ। 25ਵੀਂ ਸੋਧ ਕਾਨੂੰਨ ਦੀ ਧਾਰਾ ਨੂੰ ਮੁੜ ਸੁਰਜੀਤ ਕਰ ਦਿੱਤਾ ਗਿਆ ਅਤੇ ਇਸ ਤੋਂ ਵੱਧ ਅਨੁਛੇਦ 39 (B) ਅਤੇ (C) ਦੀ ਥਾਂ ਨਿਰਦੇਸ਼ਕ ਸਿਧਾਂਤਾਂ ਦੀ ਸਾਰੀ ਸੂਚੀ ਇਸ ਵਿੱਚ ਸ਼ਾਮਿਲ ਕਰ ਦਿੱਤੀ ਗਈ। ਇੰਝ ਨਿਰਦੇਸ਼ਕ ਸਿਧਾਂਤਾਂ ਨੂੰ ਮੌਲਿਕ ਅਧਿਕਾਰਾਂ ਨਾਲੋਂ ਪ੍ਰਮੁੱਖਤਾ ਪ੍ਰਦਾਨ ਕੀਤੀ ਗਈ ਅਤੇ ਅਦਾਲਤਾਂ ਨੂੰ ਸੰਵਿਧਾਨਕ ਸੋਧ ਨੂੰ ਜਾਚਣ ਦੇ ਅਧਿਕਾਰ ਤੋਂ ਵੰਚਿਤ ਕਰ ਦਿੱਤਾ ਗਿਆ। ਇਸ ਨਵੀਨ ਵਿਕਾਸ ਦੀ ਸ਼ਲਾਘਾ ਕਰਦਿਆਂ ਉਸ ਸਮੇਂ ਦੇ ਸੰਘੀ ਕਾਨੂੰਨ ਮੰਤਰੀ ਨੇ ਸੰਸਦ ਵਿੱਚ ਇਹ ਵਾਅਦਾ ਕੀਤਾ ਕਿ ਇਸ ਬਿਲ ਦਾ ਉਦੇਸ਼ ਧਰਮ ਨਿਰਪੱਖ ਰਾਸ਼ਟਰ ਦੀ ਅਖੰਡਤਾ ਜਿਹੇ ਮਹਾਨ ਆਦਰਸ਼ ਦਾ ਸਪੱਸ਼ਟ ਰੂਪ ਵਿੱਚ ਪ੍ਰਸਾਰ ਕਰਨਾ, ਨਿਰਦੇਸ਼ਕ ਸਿਧਾਂਤਾਂ ਨੂੰ ਵਧੇਰੇ ਵਿਸਥਾਰ ਪੂਰਵਕ ਬਣਾਉਣਾ ਅਤੇ ਉਨ੍ਹਾਂ ਨੂੰ ਮੌਲਿਕ ਅਧਿਕਾਰ, ਜਿਹਨਾਂ ਨੂੰ ਸੁਆਰਥੀ ਲੋਕਾਂ ਨੇ ਆਪਣੇ ਬਚਾਓ ਦਾ ਵਸੀਲਾ ਬਣਾਇਆ ਹੈ, ਨਾਲੋਂ ਪ੍ਰਮੁੱਖਤਾ ਪ੍ਰਦਾਨ ਕਰਨੀ ਸੀ।

ਸ੍ਰੀਮਤੀ ਗਾਂਧੀ ਦੀ ਸਰਕਾਰ ਨੂੰ ਇਹ ਸੋਧ ਕਿਉਂ ਕਰਨੀ ਪਈ ਇਸ ਦਾ ਕਾਰਣ ਸੰਵਿਧਾਨ ਦੀ 42ਵੀਂ ਸੋਧ ਬਿਲ ਦੇ ਉਦੇਸ਼ ਵਿੱਚ ਲੁਪਤ ਹੈ। ''ਗਰੀਬੀ, ਅਗਿਆਨਤਾ ਤੇ ਬਿਮਾਰੀ ਅਵਸਰ ਦੀ ਅਸਮਾਨਤਾ ਨੂੰ ਦੂਰ ਕਰਨ ਲਈ ਸਮਾਜਿਕ, ਆਰਥਿਕ ਇਨਕਲਾਬ ਲਿਆਉਣ ਦੇ ਰਾਹ ਵਿੱਚ ਜਿਹੜੀਆਂ ਕਠਿਨਾਈਆਂ ਆਈਆਂ ਉਹਨਾਂ ਨੂੰ ਦੂਰ ਕਰਨ ਲਈ ਸੰਵਿਧਾਨ ਦੀ ਸੋਧ ਦਾ ਪ੍ਰਸ਼ਨ ਕਈ ਸਾਲਾਂ ਤੋਂ ਸਰਕਾਰ ਤੇ ਜਨਤਾ ਦੇ ਧਿਆਨ ਨੂੰ ਆਕਰਸ਼ਕ ਕਰ ਰਿਹਾ ਸੀ।''

ਸਰਵ-ਉੱਚ ਅਦਾਲਤ ਨੇ ਮਿਨਰਵਾ ਮਿਲਜ਼ ਮੁਕੱਦਮੇ ਦੇ ਸੰਬੰਧ ਵਿੱਚ 9 ਮਈ, 1980 ਨੂੰ ਦਿੱਤੇ ਫੈਸਲੇ ਵਿੱਚ 42ਵੀਂ ਸੋਧ ਦੀ ਉਸ ਧਾਰਾ ਨੂੰ ਜਿਸ ਦਾ ਸਬੰਧ ਅਨੁਛੇਦ 31 (C) ਨਾਲ ਹੀ ਰੱਦ ਕਰ ਦਿੱਤਾ। ਇਸ ਧਾਰਾ ਵਿੱਚ ਇਹ ਸਪੱਸ਼ਟ ਕੀਤਾ ਗਿਆ ਕਿ ਭਾਗ IV (ਨਿਰਦੇਸ਼ਕ ਸਿਧਾਂਤ) ਨੂੰ ਲਾਗੂ ਕਰਨ ਵਾਲਾ ਕਾਨੂੰਨ ਇਸ ਆਧਾਰ ਤੇ ਅਵੈਧ ਘੋਸ਼ਿਤ ਨਹੀਂ ਕੀਤਾ ਜਾਵੇਗਾ ਕਿ ਇਹ ਅਨੁਛੇਦ 14, 19 ਜਾਂ 31 ਦੁਆਰਾ ਦਿੱਤੇ ਗਏ ਮੌਲਿਕ ਅਧਿਕਾਰਾਂ ਦੇ ਅਨੁਕੂਲ ਨਹੀਂ ਜਾਂ ਉਨ੍ਹਾਂ ਨੂੰ ਸੰਖੇਪਤ ਕਰਦਾ ਹੈ ਅਤੇ ਕੋਈ ਵੀ ਕਾਨੂੰਨ ਜਿਸ ਨਾਲ ਇਹ ਘੋਸ਼ਣਾ-ਪੱਤਰ ਲਗਿਆ ਹੋਇਆ ਹੈ ਕਿ ਇਹ ਅਜਿਹੀ ਨੀਤੀ ਨੂੰ ਵਿਵਹਾਰਕ ਰੂਪ ਦੇਣ ਲਈ ਬਣਾਇਆ ਗਿਆ ਹੈ ਇਸ ਆਧਾਰ ਤੇ ਇਸ ਨੂੰ ਅਵੈਧ ਘੋਸ਼ਿਤ ਕਰ ਦਿੱਤਾ ਕਿਉਂਕਿ ਇਹ ਸੰਵਿਧਾਨ ਅਤੇ ਇਸ ਦੇ ਬੁਨਿਆਦੀ ਢਾਂਚੇ ਨੂੰ ਨਸ਼ਟ ਕਰਦਾ ਹੈ। ਜੱਜਾਂ ਨੇ ਇਹ ਕਿਹਾ, ਭਾਗ IV (ਨਿਰਦੇਸ਼ਕ ਸਿਧਾਂਤ) ਦੇ ਉਦੇਸ਼ ਦੀ ਪੂਰਤੀ ਲਈ ਭਾਗ III (ਮੌਲਿਕ ਅਧਿਕਾਰ) ਦੁਆਰਾ ਸੌਪੀਆਂ ਗਈਆਂ ਗਰੰਟੀਆਂ ਨੂੰ ਨਸ਼ਟ ਕਰਨਾ ਸਪੱਸ਼ਟ ਹੀ ਇਸ ਦੇ ਬੁਨਿਆਦੀ ਢਾਂਚੇ ਨੂੰ ਨਸ਼ਟ ਕਰਕੇ ਸੰਵਿਧਾਨ ਨੂੰ ਉਲਟ-ਪੁਲਟ ਕਰਨਾ ਹੈ।'' ਜੱਜਾਂ ਨੇ ਅੱਗੇ ਇਹ ਵਿਚਾਰ ਪ੍ਰਗਟ ਕੀਤਾ ''ਜੇ ਅਦਾਲਤਾਂ ਨੂੰ ਕਾਨੂੰਨਾਂ ਦੀ ਪ੍ਰਮਾਣਿਕਤਾ ਨੂੰ ਘੋਸ਼ਤ ਕਰਨ ਦੀ ਸ਼ਕਤੀ ਤੋਂ ਪੂਰਨ ਤੌਰ ਤੇ ਵੰਚਿਤ ਕਰ ਦਿੱਤਾ ਜਾਵੇ ਤਾਂ ਲੋਕਾਂ ਨੂੰ ਦਿੱਤੇ ਹੋਏ ਮੌਲਿਕ ਅਧਿਕਾਰ ਬਿਲਕੁਲ ਹੀ ਸਿੰਗਾਰ ਬਣ ਜਾਣਗੇ''। ਸਰਵ-ਉੱਚ ਅਦਾਲਤ ਦੇ ਉਪਰੋਕਤ ਫੈਸਲੇ ਨੇ ਨਿਰਦੇਸ਼ਕ ਸਿਧਾਂਤਾਂ ਉਪਰ ਮੌਲਿਕ ਅਧਿਕਾਰ ਦੀ ਪ੍ਰਮੁੱਖਤਾ ਨੂੰ ਮੁੜ ਸਥਾਪਿਤ ਕਰ ਦਿੱਤਾ ਹੈ।

2.1.3 ਨਿਰਦੇਸ਼ਕ ਸਿਧਾਂਤਾਂ ਨੂੰ ਲਾਗੂ ਕਰਨਾ

ਜਦੋਂ ਦਾ ਸੰਵਿਧਾਨ ਲਾਗੂ ਹੋਇਆ ਹੈ, ਭਾਰਤੀ ਸਰਕਾਰ ਤੇ ਰਾਜ ਦੀਆਂ ਸਰਕਾਰਾਂ ਇਨ੍ਹਾਂ ਸਿਧਾਂਤਾਂ ਨੂੰ ਵਿਹਾਰਕ ਰੂਪ ਦੇਣ ਦਾ ਯਤਨ ਕਰ ਰਹੀਆਂ ਹਨ ਤਾਂ ਜੋ ਸੰਵਿਧਾਨ ਦੇ ਨਿਰਮਾਤਿਆਂ ਦਆਂ ਆਸ਼ਾਵਾਂ ਨੂੰ ਪੂਰਾ ਕੀਤਾ ਜਾ ਸਕੇ। ਗਰੀਬ ਅਤੇ ਪਛੜੀਆਂ ਸ਼੍ਰੇਣੀਆਂ ਦੇ ਸੁਧਾਰ ਲਈ ਕਿਰਤੀਆਂ ਦੀਆਂ ਸੇਵਾ-ਸ਼ਰਤਾਂ ਅਤੇ ਕੰਮ ਦੇ ਘੰਟਿਆਂ ਨੂੰ ਨਿਯੰਤਰਣ ਕਰਨ ਲਈ, ਪਿੰਡ ਪੰਚਾਇਤਾਂ ਦੇ ਸੰਗਠਨ ਲਈ ਇਤਿਹਾਸਕ ਅਤੇ ਸਭਿਆਚਾਰਕ ਮਹੱਤਤਾ ਵਾਲੀਆਂ ਇਮਾਰਤਾਂ ਦੀ ਰੱਖਿਆ ਲਈ, ਕਾਰਜਪਾਲਿਕਾਂ ਨੂੰ ਨਿਆਂ ਪਾਲਿਕਾ ਤੋਂ ਵੱਖ ਕਰਨ ਲਈ, ਬੱਚਿਆ ਨੂੰ ਮੁਫਤ ਵਿਦਿਆ ਲਈ, ਸਮਾਜਿਕ ਬੀਮਾ ਸਬੰਧੀ ਕਈ ਕਾਨੂੰਨ ਬਣਾਏ ਗਏ ਹਨ। ਰਾਸ਼ਟਰੀ ਯੋਜਨਾ ਸਕੀਮ ਅਧੀਨ ਜਨਤਕ ਭਲਾਈ ਦੇ ਪ੍ਰੋਗਰਾਮਾਂ ਨੂੰ ਇਨ੍ਹਾਂ ਸਿਧਾਂਤਾਂ ਨੂੰ ਲਾਗੂ ਕਰਨ ਸਬੰਧੀ ਵਧੀਆਂ ਉਦਾਹਰਣ ਕਹੀ ਜਾ ਸਕਦੀ ਹੈ ਜੋ ਕਿ ਇਕ ਥਾਂ ਤੇ ਸਮਾਜਵਾਦੀ ਸਮਾਜ ਨੂੰ ਸਥਾਪਿਤ ਕਰਨ ਦੇ ਇਰਾਦੇ ਵੱਲ ਸੰਕੇਤ ਕਰਦਾ ਹੈ। ਜਦ ਕਿ ਇਸ ਦੇ ਅਰਥ ਨੂੰ ਸਪੱਸ਼ਟ ਕਰਦਿਆਂ ਇਸ ਵਿੱਚ ਇਹ ਕਿਹਾ ਗਿਆ ਹੈ ਕਿ ਆਵੱਸ਼ਕ ਰੂਪ ਵਿੱਚ ਇਸ ਦਾ ਅਰਥ ਇਹ ਹੈ ਕਿ ਵਿਕਾਸ ਦੀ ਪੱਧਰ ਨੂੰ ਨਿਰਧਾਰਤ ਕਰਨ ਲਈ ਬੁਨਿਆਦੀ ਕਮੇਟੀ ਨਿੱਜੀ ਲਾਭ ਦੀ ਥਾਂ ਸਮਾਜਿਕ ਲਾਭ ਹੋਣਾ ਚਾਹੀਦਾ ਹੈ। ਵਿਕਾਸ ਦਾ ਨਮੂਨਾਂ ਅਤੇ ਸਮਾਜਿਕ-ਆਰਥਿਕ ਸੰਬੰਧਾਂ ਦਾ ਢਾਂਚਾ ਇਸ ਤਰ੍ਹਾਂ ਯੋਜਨਾਬੱਧ ਹੋਣੇ ਚਾਹੀਦੇ ਹਨ ਕਿ ਇਨ੍ਹਾਂ ਨਾਲ ਕੇਵਲ ਰਾਸ਼ਟਰੀ ਆਮਦਨ ਤੇ ਰੋਜ਼ਗਾਰ ਵਿੱਚ ਵੀ ਪ੍ਰਸੰਸਾਯੋਗ ਵਾਧਾ ਹੋਵੇ। ਸਗੋਂ ਆਮਦਨ ਤੇ ਦੌਲਤ ਵਿੱਚ ਵੀ ਕਾਫੀ ਸਮਾਨਤਾ ਹੋਵੇ। ਉਤਪਾਦਨ ਵੰਡ ਤੇ ਉਪਭੋਗਤਾ ਸਬੰਧੀ ਪ੍ਰਮੁੱਖ ਨਿਰਣੇ ਅਤੇ ਅਸਲ ਵਿੱਚ ਸਾਰੇ ਮਹੱਤਵਪੂਰਨ ਸਮਾਜਿਕ-ਆਰਥਿਕ ਸੰਬੰਧ ਸਮਾਜਿਕ ਉਦੇਸ਼ਾਂ ਵਾਲੀਆਂ ਏਜੰਸੀਆਂ ਦੁਆਰਾ ਬਣਾਏ ਜਾਣੇ ਚਾਹੀਦੇ ਹਨ।

ਰਾਜ ਦੁਆਰਾ ਇਹਨਾਂ ਸਿਧਾਂਤਾਂ ਨੂੰ ਲਾਗੂ ਕਰਨ ਨਾਲ ਨਿਆਂਇਕ ਪ੍ਰਮਾਣਿਕਤਾ ਦੀ ਸਮੱਸਿਆ ਉਤਪੰਨ ਹੋਈ ਹੈ। ਕੁਝ ਲੋਕਾਂ ਨੇ ਆਪਣੇ ਹਿੱਤਾਂ ਨੂੰ ਸੁਰੱਖਿਅਤ ਰੱਖਣ ਲਈ ਮਾਮਲਿਆਂ ਨੂੰ ਅਦਾਲਤ ਵਿੱਚ ਚੁਣੌਤੀ ਦਿੱਤੀ ਹੈ ਇਹ ਕਹਿੰਦੀਆਂ ਕਿ ਇਹ ਭਾਗ III ਵਿੱਚ ਦਿੱਤੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਕਰਦੇ ਹਨ। ਰਾਜ ਦੁਆਰਾ ਕੀਤੇ ਗਏ ਉਪਰਾਲਿਆਂ ਵਿਰੁੱਧ ਪ੍ਰਭਾਵਿਤ ਹੋਏ ਲੋਕਾਂ ਨੇ ਅਦਾਲਤ ਵਿੱਚ ਇਸ ਆਧਾਰ ਤੇ ਚੁਣੌਤੀ ਦਿੱਤੀ ਕਿ ਸਰਕਾਰ ਦੁਆਰਾ ਇਨ੍ਹਾਂ ਸਿਧਾਂਤਾਂ ਨੂੰ ਲਾਗੂ ਕਰਨ ਨਾਲ ਕੁਝ ਮੌਲਿਕ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ ਅਤੇ ਬਹੁਤ ਸਾਰੇ ਮੁਕੱਦਮਿਆਂ ਵਿੱਚ ਅਦਾਲਤ ਨੂੰ ਫੈਸਲੇ ਦੇ ਕੇ ਸਿਧਾਂਤਾਂ ਨੂੰ ਅਧਿਕਾਰਾਂ ਪ੍ਰਤੀ ਬਣਾਇਆ ਹੈ ਅਤੇ ਇਹ ਆਦੇਸ਼ ਦਿੱਤੇ ਹਨ ਕਿ ਇਹ ਸਿਧਾਂਤ ਮੌਲਿਕ ਅਧਿਕਾਰਾਂ ਪ੍ਰਤੀ ਸਹਾਇਕ ਬਣਾਇਆ ਹੈ ਅਤੇ ਇਹ ਆਦੇਸ਼ ਦਿੱਤੇ ਹਨ ਕਿ ਇਹ ਸਿਧਾਂਤ ਮੌਲਿਕ ਅਧਿਕਾਰਾਂ ਦੇ ਅਨੁਕੂਲ ਹੋਣੇ ਚਾਹੀਦੇ ਹਨ। ਜੇ ਮੌਲਿਕ ਅਧਿਕਾਰਾਂ ਤੇ ਨਿਰਦੇਸ਼ਕ ਸਿਧਾਂਤਾਂ ਵਿੱਚ ਵਿਰੋਧ ਨਾ ਹੋਵੇ ਤਾਂ ਨਿਰਦੇਸ਼ਕ ਸਿਧਾਂਤਾਂ ਨੂੰ ਅਧਿਕਾਰਾਂ ਪ੍ਰਤੀ ਸਹਾਇਕ ਬਣਾਇਆ ਹੈ ਅਤੇ ਇਹ ਆਦੇਸ਼ ਦਿੱਤੇ ਹਨ ਕਿ ਇਹ ਸਿਧਾਂਤ ਮੌਲਿਕ ਅਧਿਕਾਰਾਂ ਦੇ ਅਨੁਕੂਲ ਹੋਣੇ ਚਾਹੀਦੇ ਹਨ। ਜੇ ਮੌਲਿਕ ਅਧਿਕਾਰਾਂ ਤੇ ਨਿਰਦੇਸ਼ਕ ਸਿਧਾਂਤਾਂ ਵਿੱਚ ਕੋਈ ਵਿਰੋਧ ਨਾ ਹੋਵੇ ਤਾਂ ਨਿਰਦੇਸ਼ਕ ਸਿਧਾਂਤਾਂ ਦੇ ਲਾਗੂ ਕਰਨ ਵਿੱਚ ਕੋਈ ਕਠਿਨਾਈ ਨਹੀਂ ਆਉਂਦੀ ਜਿਵੇਂ ਸਰਵ-ਉੱਚ ਅਦਾਲਤ ਦੇ ਜੱਜ ਐਮ.ਸੀ. ਮਹਾਜਨ ਨੇ1952 ਵਿੱਚ ਕਮੇਸਵਰ ਸਿੰਘ ਬਨਾਮ, ਬਿਹਾਰ ਰਾਜ ਦੇ ਪ੍ਰਸਿੱਧ ਮੁਕੱਦਮੇ ਵਿੱਚ ਆਪਣੀ ਰਾਇ ਦਿੱਤੀ। ਦੋਹਾਂ ਵਿੱਚ ਵਿਰੋਧ ਹੋਣ ਦੀ ਹੈਸੀਅਤ ਵਿੱਚ ਨਿਰਦੇਸ਼ਕ ਸਿਧਾਂਤ ਮੌਲਿਕ ਅਧਿਕਾਰਾਂ ਨੂੰ ਪਹਿਲ ਦਿੱਤੀ ਜਾਵੇਗੀ ਜਿਵੇਂ ਜੱਜ ਐਸ.ਕੇ. ਦਾਸ ਨੇ 1951 ਵਿੱਚ ਸ੍ਰੀਮਤੀ ਚੰਪਾਕਮ ਮੁਕੱਦਮੇ ਵਿੱਚ ਆਪਣੀ ਰਾਇ ਦਿੱਤੀ। ਬਿਨ੍ਹਾਂ ਕਿਸੇ ਸੰਦੇਹ ਦੇ ਇਹ ਸਪੱਸ਼ਟ ਹੈ ਕਿ ਬਹੁਤ ਸਾਰੇ ਮੁਕੱਦਮਿਆਂ ਵਿੱਚ ਜਨਤਕ ਹਿੱਤ ਦੇ ਲਈ ਮੌਲਿਕ ਅਧਿਕਾਰਾਂ ਨੂੰ ਸੀਮਤ ਕਰਨ ਵਾਲੇ ਕਾਨੂੰਨਾਂ ਦੀ ਤਰਕਸ਼ੀਲਤਾ ਨੂੰ ਪਰਖਣ ਲਈ ਅਦਾਲਤ ਨੇ ਇਹਨਾਂ ਸਿਧਾਂਤਾਂ ਦਾ ਸਹਾਰਾ ਲਿਆ ਹੈ। ਕਈ ਵਾਰ ਅਦਾਲਤ ਨੇ ਆਪਣੇ ਆਪ ਨੂੰ ਅਜਿਹੀ ਸਥਿਤੀ ਵਿੱਚ ਇਸ ਵਿਚਾਰ ਦੀ ਪ੍ਰੋੜ੍ਹਤਾ ਕੀਤੀ ਗਈ ਕਿ ਰਾਜ ਇਹਨਾਂ ਸਿਧਾਂਤਾਂ ਨੂੰ ਸਪੱਸ਼ਟ ਰੂਪ ਵਿੱਚ ਲਾਗੂ ਕਰਨ ਲਈ ਭਾਗ III ਉਪਬੰਧਾਂ ਨੂੰ ਕੁਚਲ ਨਹੀ ਸਕਦੇ।

ਇਸ ਪੱਧਰ ਤੇ ਇਕ ਮਹੱਤਵਪੂਰਨ ਨੁਕਤਾ ਸਪੱਸ਼ਟ ਕਰ ਦਿੱਤਾ ਜਾਣਾ ਜ਼ਰੂਰੀ ਹੈ। ਇਸ ਇਲਜ਼ਾਮ ਵਿੱਚ ਕੋਈ ਸੱਚਾਈ ਨਹੀਂ ਕਿ ਅਦਾਲਤਾਂ ਨਿਰਦੇਸ਼ਕ ਸਿਧਾਂਤਾਂ ਨੂੰ ਲਗੂ ਕਰਨ ਦੇ ਰਾਹ ਵਿੱਚ ਰੁਕਾਵਟਾਂ ਹਨ।

ਸਰਵ-ਉੱਚ ਅਦਾਲਤ ਅਤੇ ਉੱਚ ਅਦਾਲਤਾਂ ਦੁਆਰਾ ਦਿੱਤੇ ਵਿਪਰੀਤ ਫੈਸਲਿਆਂ ਆਲੋਚਨਾ ਨੂੰ ਜੱਜਾਂ ਦੀ ਸਿਆਣਪ ਉਪਰ ਦੋਸ਼ ਲਾਉਣ ਲਈ ਉਤੇਜਿਤ ਕੀਤਾ ਹੈ। ਇਸ ਕਾਰਨ ਕਰਕੇ ਕੁਝ ਸੁਧਾਰਵਾਦੀ ਤੱਤਾਂ ਨੇ ਸੰਵਿਧਾਨ ਦੇ ਅਨੁਛੇਦ 13(1) ਵਿੱਚ ਅੰਕਿਤ ਅਦਾਲਤ ਦੀਆਂ ਸ਼ਕਤੀਆਂ ਨੂੰ ਸਖਤੀ ਨਾਲ ਘਟਾਓਣ ਦਾ ਸੁਝਾਉ ਦਿੱਤਾ ਹੈ। ਪਰੰਤੂ ਠੀਕ ਵਿਆਖਿਆ ਇਸ ਗੱਲ ਨੂੰ ਸਪੱਸ਼ਟ ਕਰਦੀ ਹੈ ਕਿ ਅਦਾਲਤਾਂ ਦੁਆਰਾ ਅਪਣਾਇਆ ਗਿਆ ਰਵਈਆਂ ਜਾਇਜ਼ ਹੈ। ਕਈ ਮੁਕੱਦਮਿਆਂ ਵਿਚ ਇਸਨੂੰ ਸਰਵਉੱਚ ਠਹਿਰਾਇਆ ਹੈ। ਜਸਟਿਸ ਮਹਾਜਨ ਨੇ ਬਿਹਾਰ ਵਿੱਚ ਜ਼ਮੀਨਦਾਰੀ ਨੂੰ ਉੱਚਿਤ ਠਹਿਰਾਇਆ ਅਤੇ ਇਸ ਸਬੰਧ ਵਿੱਚ ਉਸ ਨੇ ਦਰਬੰਗਾ ਦੇ ਮਹਾਰਾਜਾ ਧਿਰਾਜਕ ਕਮੇਸ਼ਵਰ ਸਿੰਘ ਬਨਾਮ ਬਿਹਾਰ ਰਾਜ 1952 ਦੇ ਮੁਕੱਦਮੇ ਵਿੱਚ ਨਿਰਦੇਸ਼ਕ ਸਿਧਾਂਤਾਂ ਦੇ ਪੱਖ ਵਿਚ ਫੈਸਲਾ ਦਿੱਤਾ। ਏਸੇ ਤਰ੍ਹਾਂ ਅਸੀਂ ਬੰਗਲੋਰ ਦੀ ਚੰਗਰਾ ਭਵਨ ਬੋਰਡਿੰਗ ਅਤੇ ਲਾਜਿੰਗ ਬਨਾਮ ਮੈਸੂਰ ਰਾਜ ਅਤੇ ਹੋਰ 1970 ਦੇ ਮੁਕੱਦਮੇ ਦਾ ਹਵਾਲਾ ਦੇ ਸਕਦੇ ਹਾਂ ਜਿਸ ਵਿੱਚ ਇਹ ਕਿਹਾ ਗਿਆ ਸੀ, ''ਵਪਾਰ ਦੀ ਸੁਤੰਤਰਤਾ ਅਰਥ ਸ਼ੋਸਣ ਦੀ ਸੁਤੰਤਰਤਾ ਨਹੀਂ। ਸੰਵਿਧਾਨ ਦੇ ਉਪਬੰਧਾਂ ਨੂੰ ਵਿਕਾਸ ਵਜੋਂ ਮਿਥੇ ਗਏ ਸਮਾਜਿਕ ਢਾਂਚੇ ਵੱਲ ਤਰਤੀਬਵਾਰ ਵਿਕਾਸ ਦੀ ਯੋਜਨਾ ਦੀ ਵਿਵਸਥਾ ਕਰਦੇ ਹਨ।

2.1.4 ਸਵੈ-ਪਰਖ ਅਭਿਆਸ

1. ਨਿਰਦੇਸ਼ਕ ਸਿਧਾਂਤ .... ਨਿਰਧਾਰਤ ਕਰਦੇ ਹਨ।
2. ਲੋਕਰਾਜੀ ਸਮਾਜਵਾਦ ਦਾ ਫਲਸਫਾ ਅਨੁਛੇਦ .... ਵਿੱਚ ਅੰਕ ਹੈ।
3. ਭਾਰਤੀ ਸੰਵਿਧਾਨ ਦੇ ਭਾਗ .... ਨਿਰਦੇਸ਼ਕ ਸਿਧਾਂਤ ਹਨ।
4. ਅਨੁਛੇਦ 37 ਵਿੱਚ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਇਹ ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤ ਦੇਸ਼ ਦੇ ਸ਼ਾਸਨ ਪ੍ਰਬੰਧ ਵਿੱਚ .... ਸਮਝੇ ਜਾਣਗੇ।

ਉੱਤਰ :

1. ਲੋਕਤੰਤਰੀ ਸਮਾਜ ਦਾ ਫਲਸਫਾ
2. 39 ਵਿੱਚ
3. ਚੌਥੇ ਵਿਚ
4. ਮੌਲਿਕ

2.1.5 ਆਲੋਚਨਾਤਮਕ ਮੁਲਾਂਕਣ

ਨਿਰਦੇਸ਼ਕ ਸਿਧਾਂਤਾਂ ਦੀ ਵਾਸਤਵਿਕ ਮਹੱਤਤਾ ਕੀ ਹੈ? ਇਸ ਸਬੰਧੀ ਭਿੰਨ-ਭਿੰਨ ਰਾਵਾਂ ਹਨ। ਆਲੋਚਕ ਇਸ ਨੂੰ ਨੈਤਿਕ ਘੋਸ਼ਣਾਵਾਂ ਸਮਝਦੇ ਹਨ ਜੋ ਨਾ ਤਾਂ ਨਿਆਂਯੋਗ ਹੈ ਤੇ ਨਾ ਉਤਸ਼ਾਹ ਦੇਣ ਦਾ ਸੋਮਾ ਹਨ। ਪ੍ਰੰਤੂ ਇਸ ਦੇ ਪ੍ਰਸ਼ੰਸਕਾਂ ਨੇ ਇਹਨ੍ਹਾਂ ਨੂੰ ਅਜਿਹੀਆਂ ਹਦਾਇਤਾਂ ਦੱਸਿਆ ਹੈ ਜੋ ਰਾਜ ਦੇ ਲਈ ਜ਼ਿੰਮੇਵਾਰੀਆਂ ਦਾ ਇਕ ਅਜਿਹਾ ਜ਼ਾਬਤਾ ਪੇਸ਼ ਕਰਦੇ ਹਨ ਤਾਂ ਜੋ ਰਾਜ ਸਮਾਜਿਕ, ਆਰਥਿਕ ਤੇ ਰਾਜਨੀਤਿਕ, ਨਿਆਂ ਦੀ ਪ੍ਰਾਪਤੀ ਵਾਲਾ ਇੱਛਤ ਟੀਚਾ ਪ੍ਰਾਪਤ ਕਰ ਸਕੇ। ਅਸੀਂ ਜਾਣਦੇ ਹਾਂ ਕਿ ਪ੍ਰੋ.ਕੇ.ਟੀ.ਸ਼ਾਹ ਨੇ ਸੰਵਿਧਾਨ ਸਭਾ ਵਿੱਚ ਬੋਲਦਿਆਂ ਇਨ੍ਹਾਂ ਬਾਰੇ ਬੜੇ ਕਠੋਰ ਸ਼ਬਦਾਂ ਵਿੱਚ ਕਿਹਾ ਅਤੇ ਇਨ੍ਹਾਂ ਨੂੰ ''ਪਵਿੱਤਰ ਵਾਧੂ ਸਿਧਾਂਤਾਂ'' ਦਾ ਨਾਮ ਦਿੱਤਾ। ਇਨ੍ਹਾਂ ਦੇ ਨਿਆਂਯੋਗ ਨਾ ਹੋਣ ਕਾਰਨ ਇਨ੍ਹਾਂ ਦੀ ਵਾਸਤਵਿਕ ਕਮਜ਼ੋਰੀ ਉਪਰ ਚੋਟ ਮਾਰਦਿਆਂ ਪ੍ਰੋ. ਸ਼ਾਹ ਨੇ ਇਨ੍ਹਾਂ ਦੀ ਤੁਲਨਾ ''ਅਜਿਹੇ ਚੈਕ ਨਾਲ ਕੀਤੀ ਜਿਸ ਦਾ ਭੁਗਤਾਨ ਬੈਂਕ ਦੀ ਸਹੂਲਤ ਉਤੇ ਨਿਰਭਰ ਕਰਦਾ ਹੈ। ਭਾਵੇਂ ਨਿਰਦੇਸ਼ਕ ਸਿਧਾਂਤ ਨਿਆਂਯੋਗ ਨਹੀਂ ਹਨ ਪਰ ਇਨ੍ਹਾਂ ਨੂੰ ਨੈਤਿਕ ਆਦੇਸ਼ ਪੱਤਰ ਜਾਂ ਪਵਿੱਤਰ ਵਾਧੂ ਸਿਧਾਂਤ ਦੱਸਣਾ ਕਿਸੇ ਵੀ ਤਰ੍ਹਾਂ ਸਨਕੀ ਤੋਂ ਘੱਟ ਨਹੀਂ ਕਿਉਂਕਿ ਸਾਡੇ ਲੋਕਤੰਤਰੀ ਰਾਜ ਦਾ ਵਾਸਤਵਿਕ ਉਦੇਸ਼ ਇਸ ਕਠੋਰ, ਜਾਲਮ ਵਿਸ਼ਵ ਵਿੱਚ ਚੰਗਿਆਈ, ਸੱਚਾਈ ਅਤੇ ਸੁਹਜ ਨੂੰ ਸਾਕਾਰ ਕਰਨਾ ਹੈ। ਇਹ ਸਿਧਾਂਤ ਸੰਵਿਧਾਨ ਦਾ ਇਕ ਗਤੀਸ਼ੀਲ ਅੰਸ਼ ਹਨ ਜਿਹਨਾਂ ਨੂੰ ਸਰਕਾਰ ਦੇ ਸਾਰੇ ਅੰਗ ਵਿਵਹਾਰਿਕ ਰੂਪ ਸਾਡੇ ਦੇਸ਼ ਵਿੱਚ ਸਮਾਜਿਕ ਕਲਿਆਣਕਾਰੀ ਰਾਜ ਦੇ ਆਦਰਸ਼ ਨੂੰ ਸਾਕਾਰ ਕਰ ਸਕਦੇ ਹਨ। ਡਾ. ਅੰਬੇਦਕਰ ਪੂਰੀ ਤਰ੍ਹਾਂ ਉਚਿਤ ਸੀ ਜਦੋਂ ਉਸ ਨੇ ਕਿਹਾ ''ਨਿਰਦੇਸ਼ਕ ਸਿਧਾਂਤਾਂ ਸਬੰਧੀ ਜਿਹੜੀ ਭਾਸ਼ਾ ਅਸੀਂ ਵਰਤੀ ਹੈ ਉਸ ਵਿੱਚ ਅਸੀਂ

ਉਹ ਚੀਜ਼ ਸ਼ਾਮਿਲ ਕੀਤੀ ਹੈ ਜਿਹੜੀ ਨਿਸ਼ਚਿਤ ਜਾਂ ਕਠੋਰ ਨਹੀਂ। ਆਰਥਿਕ ਲੋਕ ਰਾਜ ਦੇ ਆਦਰਸ਼ ਨੂੰ ਸਾਕਾਰ ਰੂਪ ਦੇਣ ਵਾਲੇ ਵੱਖ-ਵੱਖ ਢੰਗ ਨਾਲ ਸੋਚਣ ਵਾਲੇ ਲੋਕਾਂ ਲਈ ਅਸੀਂ ਕਾਫੀ ਗੁੰਜਾਇਸ਼ ਛੱਡ ਦਿੱਤੀ ਹੈ ਤਾਂ ਜੋ ਉਹ ਆਪਣੇ ਢੰਗ ਨਾਲ ਮਤਦਾਤਿਆਂ ਨੂੰ ਪ੍ਰੇਰਣਾ ਦੇ ਸਕਣ ਕਿ ਆਰਥਿਕ ਲੋਕਰਾਜ ਦੀ ਪ੍ਰਾਪਤੀ ਦਾ ਵਧੀਆਂ ਢੰਗ ਕਿਹੜਾ ਹੈ। ਜਿਸ ਵੀ ਢੰਗ ਨਾਲ ਉਹ ਕੰਮ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਉਸੇ ਢੰਗ ਨਾਲ ਕਾਰਜ ਕਰਨ ਦਾ ਪੂਰਾ ਅਵਸਰ ਦਿੱਤਾ ਗਿਆ ਹੈ।''

2.1.6 ਸਿੱਟਾ

ਇਸ ਸਚਾਈ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ ਕਿ ਭਾਰਤੀ ਸੰਵਿਧਾਨ ਵਿਚ ਅੰਕਿਤ ਨਿਰਦੇਸ਼ਕ ਸਿਧਾਂਤ ਸੁਤੰਤਰ ਭਾਰਤ ਦੇ ਨਿਰਮਾਣ ਲਈ ਬਹੁਤ ਉਪਯੋਗੀ ਸਿਧਾਂਤ ਹਨ। ਅਜਿਹੇ ਸਿਧਾਂਤਾਂ ਦੀ ਮਹੱਤਤਾ ਚਿਰੰਜੀਵ ਹੁੰਦੀ ਹੈ ਕਿਉਂਕਿ ਅਜਿਹੇ ਸਿਧਾਂਤ ਵਿਕਾਸਸ਼ੀਲ ਦੇਸ਼ ਲਈ ਹਰ ਸਮੇਂ ਲਾਭਦਾਇਕ ਹੀ ਸਿੱਧ ਹੁੰਦੇ ਹਨ। ਇਨ੍ਹਾਂ ਸਿਧਾਂਤਾਂ ਵਿੱਚ ਕਲਿਆਣਕਾਰੀ ਰਾਜ ਦੀ ਰੂਪ-ਰੇਖਾ ਅੰਕਿਤ ਹੈ ਅਤੇ ਇਹ ਸਿਧਾਂਤ ਹੀ ਭਾਰਤ ਨੂੰ ਇਕ ਕਲਿਆਣਕਾਰੀ ਰਾਜ ਬਣਾਉਂਦੇ ਹਨ। ਵਰਤਮਾਨ ਸਮੇਂ ਇਨ੍ਹਾਂ ਸਿਧਾਂਤਾਂ ਦੀ ਉੱਚਿਤਤਾ ਜਾਂ ਸਬੰਧਤਾ ਬਾਰੇ ਬਿਲਕੁਲ ਹੀ ਕੋਈ ਸੰਦੇਹ ਨਹੀਂ ਹੈ। ਪਰ ਜਿਸ ਰੂਪ ਵਿਚ ਇਨ੍ਹਾਂ ਸਿਧਾਂਤਾਂ ਦੀ ਵਿਵਸਥਾ ਭਾਰਤੀ ਸੰਵਿਧਾਨ ਵਿਚ ਮਿਲਦੀ ਹੈ ਉਸ ਰੂਪ ਵਿਚ ਇਹ ਵਿਵਸਥਾ ਵਿਵਹਾਰਿਕ ਪੱਖ ਤੋਂ ਵਧੇਰੇ ਉਪਯੋਗੀ ਸਿੱਧ ਨਹੀਂ ਹੋ ਸਕਦੀ ਹੈ। ਸਾਡੇ ਦੇਸ਼ ਦੇ ਮੌਜੂਦਾ ਹਾਲਾਤ ਤੋਂ ਬਿਲਕੁਲ ਸਪੱਸ਼ਟ ਹੈ ਕਿ ਅਨੇਕਾਂ ਹੀ ਨਿਰਦੇਸ਼ਕ ਸਿਧਾਂਤਾਂ ਦਾ ਖੁੱਲ੍ਹੇ ਤੌਰ ਤੇ ਉਲੰਘਣ ਹੋਇਆ ਹੈ ਅਤੇ ਸਰਕਾਰਾਂ ਵੱਲੋਂ ਅਜਿਹੇ ਉਲੰਘਣ ਸਬੰਧੀ ਕੋਈ ਗੰਭੀਰ ਦ੍ਰਿਸ਼ਟੀਕੋਣ ਨਹੀਂ ਅਪਣਾਇਆ ਗਿਆ। ਸਾਡਾ ਇਹ ਦ੍ਰਿੜ੍ਹ ਵਿਸ਼ਵਾਸ ਹੈ ਕਿ ਅਨੇਕਾਂ ਹੀ ਨਿਰਦੇਸ਼ਕ ਸਿਧਾਂਤਾਂ ਨੂੰ ਨਾ ਕੇਵਲ ਲਾਗੂ ਹੀ ਨਹੀਂ ਕੀਤਾ ਜਾਵੇਗਾ ਸਗੋਂ ਉਨ੍ਹਾਂ ਦਾ ਆਮ ਉਲੰਘਣ ਵੀ ਹੁੰਦਾ ਰਹੇਗਾ। ਅਜਿਹੀ ਦੁਖਦਾਈ ਸਥਿਤੀ ਵਿਚ ਵੀ ਭਾਰਤ ਦੇ ਲੋਕ ਨਿਰਦੇਸ਼ਕ ਸਿਧਾਂਤਾਂ ਨੂੰ ਲਾਗੂ ਕਰਾਉਣ ਜਾਂ ਉਨ੍ਹਾਂ ਦੇ ਉਲੰਘਣ ਨੂੰ ਰੋਕਣ ਲਈ ਕੁਝ ਨਹੀਂ ਕਰੋਗੇਂ ਕਿਉਂਕਿ ਨਿਰਦੇਸ਼ਕ ਸਿਧਾਂਤ ਅਦਾਲਤਾਂ ਦੁਆਰਾ ਲਾਗੂ ਨਹੀਂ ਕਰਵਾਏ ਜਾ ਸਕਦੇ ਹਨ। ਨਿਰਦੇ ਸ਼ਕ ਸਿਧਾਂਤ ਆਧੁਨਿਕ ਸਮੇਂ ਲਈ ਬਹੁਤ ਹੀ ਉੱਚਿਤ ਹਨ ਪਰੰਤੂ ਜਦੋਂ ਤਕ ਇਨ੍ਹਾਂ ਨਿਰਦੇਸ਼ਕ ਸਿਧਾਂਤਾਂ ਨੂੰ ਕਾਨੂੰਨੀ ਸ਼ਕਤੀ ਪ੍ਰਦਾਨ ਨਹੀਂ ਕੀਤੀ ਜਾਂਦੀ ਅਤੇ ਇਨ੍ਹਾਂ ਨੂੰ ਨਿਆਂਯੋਗ ਨਹੀਂ ਬਣਾਇਆ ਜਾਂਦਾ ਹੈ ਉਦੋਂ ਤਕ ਇਨ੍ਹਾਂ, ਨਿਰਦੇਸ਼ਕ ਸਿਧਾਂਤਾਂ ਦੀ ਸਿਧਾਂਤਕ ਉਚਿਤਤਾ ਤਾਂ ਬਣੀ ਰਹੇਗੀ ਪਰ ਵਿਵਹਾਰਿਕ ਉੱਚਿਤਤਾ ਤੇ ਮਹੱਤਤਾ ਦਾ ਹੋਣਾ ਕਾਫੀ ਜ਼ਿਆਦਾ ਸੰਦੇਹਪੂਰਨ ਹੋਵੇਗਾ। ਇਸ ਲਈ ਲੋੜ ਹੈ ਕਿ ਇਨ੍ਹਾਂ ਨਿਰਦੇਸ਼ਕ ਸਿਧਾਂਤਾਂ ਨੂੰ ਸਮੇਂ ਦੇ ਅਨੁਸਾਰ ਇਕ ਨਵਾਂ ਰੂਪ ਦਿੱਤਾ ਜਾਵੇ ਅਤੇ ਇਨ੍ਹਾਂ ਨੂੰ ਸਰਕਾਰਾਂ ਲਈ ਬੰਧਨਕਾਰੀ ਬਣਾਇਆ ਜਾਵੇ ਤਾਂ ਜੋ ਇਨ੍ਹਾਂ ਸਿਧਾਂਤਾਂ ਦੇ ਅਸਲੀ ਉਦੇਸ਼ ਪ੍ਰਾਪਤ ਹੋ ਸਕਣ।

ਨਿਰਦੇਸ਼ਕ ਸਿਧਾਂਤ ਸਾਡੇ ਦੇਸ਼ ਦੇ ਬੁਨਿਆਦੀ ਕਾਨੂੰਨ ਦਾ ਬਹੁਤ ਮਹੱਤਵਪੂਰਨ ਅੰਗ ਹਨ। ਮੁੱਖ ਜੱਜ ਪਤੰਜਲੀ ਸ਼ਾਸਤਰੀ ਨੇ ਏ.ਕੇ. ਗੋਪਾਲਨ ਬਨਾਮ ਮਦਰਾਸ ਰਾਜ ਮੁਕੱਦਮੇ ਸਬੰਧੀ 1950 ਵਿੱਚ ਖੂਬਸੂਰਤੀ ਨਾਲ ਨਚੋੜ ਕੱਢਿਆ, ''ਇਹ ਬਹੁ-ਗਿਣਤੀ ਦੀ ਅਸਥਾਈ ਇੱਛਾ ਦਾ ਨਹੀਂ, ਸਗੋਂ, ਉਹਨਾਂ ਦੁਆਰਾ ਅਮਲ ਵਿੱਚ ਲਿਆਂਦੀ ਗਈ ਰਾਸ਼ਟਰ ਦੀ ਸੋਚੀ-ਸਮਝੀ ਸਿਆਣਪ ਜੋ ਕਿ ਦੇਸ਼ ਦੇ ਸ਼ਾਸਨ ਪ੍ਰਬੰਧ ਵਿਚ ਮੌਲਿਕ ਹੈ ਦਾ ਪ੍ਰਗਟਾਵਾ ਕਰਦੇ ਹਨ।'' ਇਥੇ ਇਹ ਦੱਸ ਦੇਣਾ ਜ਼ਰੂਰੀ ਹੈ ਕਿ ਦੂਜੇ ਇਨਕਲਾਬ ਦੇ ਟੀਚੇ ਨੂੰ ਸਾਕਾਰ ਰੂਪ ਦੇਣ ਲਈ ਸਰਕਾਰ ਠੀਕ ਰਾਹ ਤੇ ਚਲਦੀ ਹੈ ਜਾਂ ਨਹੀਂ ਇਹ ਜਾਨਣ ਲਈ ਜਾਗ੍ਰਿਤੀ ਤੇ ਸ਼ਕਤੀਸ਼ਾਲੀ ਲੋਕ-ਰਾਇ ਜ਼ਰੂਰੀ ਹੈ ਮੌਲਿਕ ਅਧਿਕਾਰ ਤੇ ਨਿਰਦੇਸ਼ਕ ਸਿਧਾਂਤ ਜ਼ਰੂਰੀ ਹਨ ਅਤੇ ਉਹਨ੍ਹਾਂ ਨੂੰ ਵਿਵਹਾਰਿਕ ਰੂਪ ਦੇਣ ਦੇ ਲਈ ਸਿਧਾਂਤ ਪ੍ਰਤੀ ਦ੍ਰਿੜ ਲਗਾਉ ਜ਼ਰੂਰੀ ਹੈ। ਇਕ ਅੰਗਰੇਜ਼ ਵਿਦਵਾਨ ਇਕਸੁਰਤਾ ਤੇ ਜੈਨਗਿਜ਼ ਠੀਕ ਹੀ ਕਿਹਾ ਸੀ ਕਿ, ''ਭਾਰਤੀ ਸੰਵਿਧਾਨ ਨੇ ਆਪਣੇ ਆਪ ਨੂੰ ਇਕ ਸਥਾਈ ਪਵਿੱਤਰ ਦਸਤਾਵੇਜ਼ ਵਜੋਂ ਸਥਾਪਿਤ ਕਰਨਾ ਹੈ ਤਾਂ ਕੋਈ ਜਨਤਕ ਸ਼ਖਸ਼ੀਅਤ ਮੌਲਿਕ ਅਧਿਕਾਰਾਂ ਜਾਂ ਨਿਰਦੇਸ਼ਕ ਸਿਧਾਂਤਾਂ ਨੂੰ ਧਿਆਨ ਵਿੱਚ ਰੱਖੇ ਬਿਨਾਂ ਮਹੱਤਵਪੂਰਨ ਕਾਨੂੰਨਸਾਜ਼ੀ ਦਾ ਸੰਕਲਪ ਨਹੀਂ ਕਰ ਸਕਦੀ।''

2.1.7 ਸਵੈ-ਪਰਖ ਅਭਿਆਸ

1. ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤ ਭਾਰਤੀ ਸੰਵਿਧਾਨ ਦੇ ਅਨੁਛੇਦ .... ਹਨ।
2. ਨਿਰਦੇਸ਼ਕ ਸਿਧਾਂਤਾਂ ਪਿੱਛੇ ਕੋਈ .... ਨਹੀਂ।
3. ਨਿਰਦੇਸ਼ਕ ਸਿਧਾਂਤ ਸਿਰਫ .... ਹੀ ਹਨ।

ਉੱਤਰ :

1. 36 ਤੋਂ 51 ਤੱਕ ਹਨ।
2. ਕਾਨੂੰਨੀ ਸ਼ਕਤੀ ਨਹੀਂ ਹੈ।
3. ਨਿਰਦੇਸ਼

2.1.8 ਜਰੂਰੀ ਪੁਸਤਕਾਂ

1. K.V. Rao : Parliamentary Democracy in India, II Ed, p. 353.
2. Granville Austin, Indian Constitution: The Conerstone of a Nation, p. 50.
3. Constituent Assembly Debates, Vol. VIII, p. 42.

ਸਵੈ ਅਭਿਆਸ ਲਈ ਪ੍ਰਸ਼ਨ

1. ਭਾਰਤੀ ਸੰਵਿਧਾਨ ਬਣਤਰ ਵਿਚ ਸੰਘਾਤਮਕ, ਪਰ ਵਾਸਤਵ ਵਿਚ ਇਕਾਤਮਿਕ ਹੈ। ਵਿਆਖਿਆ ਕਰੋ।
2. ਪੰਜਾਬ ਰਾਜ ਮਨੁੱਖੀ ਅਧਿਕਾਰ ਆਯੋਗ ਦੇ ਸੰਗਠਨਾਤਮਕ ਢਾਂਚੇ ਦਾ ਵਰਣਨ ਕਰੋ।
3. ਰਾਸ਼ਟਰੀ ਮਨੁੱਖੀ ਅਧਿਕਾਰ ਆਯੋਗ ਕੀ ਹੈ? ਇਸ ਦੇ ਮੁੱਖ ਕੰਮਾਂ ਦਾ ਵਰਣਨ ਕਰੋ।
4. ਭਾਰਤੀ ਸੰਵਿਧਾਨ ਵਿਚ ਦਿੱਤੇ ਗਏ ਮੌਲਿਕ ਅਧਿਕਾਰਾਂ ਅਤੇ ਨਿਰਦੇਸ਼ਕ ਸਿਧਾਂਤਾਂ ਦਾ ਆਲੋਚਨਾਤਮਕ ਵਰਣਨ ਕਰੋ।

ਛੋਟੇ ਉਤਰਾਂ ਵਾਲੇ ਪ੍ਰਸ਼ਨ

1. ਭਾਰਤੀ ਸੰਵਿਧਾਨ ਵਿਚ ਕਿੰਨੇ ਅਨੁਛੇਦ ਅਤੇ ਅਨੁਸੂਚੀਆਂ ਹਨ?
2. ਸੰਘ ਸੂਚੀ, ਰਾਜ ਸੂਚੀ ਤੇ ਸਮਵਰਤੀ ਸੂਚੀ ਬਾਰੇ ਲਿਖੋ।
3. ਪੰਜਾਬ ਰਾਜ ਮਨੁੱਖੀ ਅਧਿਕਾਰ ਆਯੋਗ ਦਾ ਚੇਅਰਮੈਨ ਕੌਣ ਹੈ।
4. ਪੰਜਾਬ ਰਾਜ ਮਨੁੱਖੀ ਅਧਿਕਾਰ ਆਯੋਗ ਦੀ ਸਥਾਪਨਾ ਕਦੋਂ ਹੋਈ।
5. ਮੌਲਿਕ ਕਰਤੱਵ ਕੀ ਹੁੰਦੇ ਹਨ।
6. ਮੌਲਿਕ ਕਰਤੱਵ ਦੀ ਨੈਤਿਕ ਮਹੱਤਤਾ ਕੀ ਹੈ?
7. ਕੀ ਨਿਰਦੇਸ਼ਕ ਸਿਧਾਂਤ ਨਿਯਾ ਯੋਗ ਹਨ ਜੇ ਨਹੀਂ ਤਾਂ ਕਿਉਂ?
8. 44ਵੀਂ ਸੋਧ ਅਧੀਨ ਇੱਕ ਨਵਾਂ ਨਿਰਦੇਸ਼ਕ ਸਿਧਾਂਤ ਇਨ੍ਹਾਂ ਵਿਚ ਜੋੜਿਆ ਗਿਆ ਹੈ, ਉਹ ਕਿਹੜਾ ਹੈ।
9. 44ਵੀਂ ਸੋਧ ਦਾ ਮੌਲਿਕ ਅਧਿਕਾਰਾਂ ਤੇ ਕੀ ਪ੍ਰਭਾਵ ਪਿਆ।
10. ਮੌਲਿਕ ਅਧਿਕਾਰਾਂ ਉਪਰ ਕਿਹੜੀ ਰੋਕਾਂ ਹਨ।

ਇਹ ਪਾਠ ਡੀ.ਈ.ਸੀ. ਦੀ ਵਿੱਤੀ ਸਹਾਇਤਾ ਨਾਲ ਲਿਖਿਆ ਗਿਆ ਹੈ।

ਪਾਠ ਨੰਬਰ 2.2 ਲੇਖਕ : ਜ਼ੋਰਾ ਸਿੰਘ

ਰਾਸ਼ਟਰਪਤੀ : ਚੋਣ, ਸ਼ਕਤੀਆਂ, ਸਥਿਤੀ ਅਤੇ ਭੂਮਿਕਾ।
(President : Election, Powers, Position and Role)

ਪਾਠ ਦੀ ਰੂਪ ਰੇਖਾ :

2.2.1 ਰਾਸ਼ਟਰਪਤੀ ਦੀਆਂ ਯੋਗਤਾਵਾਂ, ਕਾਰਜ਼ਕਾਲ, ਤਨਖਾਹ, ਹਟਾਉਣ ਦੀ ਵਿਧੀ
2.2.2 ਰਾਸ਼ਟਰਪਤੀ ਦੀ ਚੋਣ
2.2.3 ਰਾਸ਼ਟਰਪਤੀ ਦੀ ਚੋਣ ਦੇ ਵੱਖ-ਵੱਖ ਪੜਾਅ
2.2.4 ਰਾਸ਼ਟਰਪਤੀ ਦੀ ਚੋਣ ਵਿਧੀ ਦੀ ਆਲੋਚਨਾ
2.2.5 ਰਾਸ਼ਟਰਪਤੀ ਦੀਆਂ ਕਾਰਜਕਾਰੀ ਸ਼ਕਤੀਆਂ
2.2.6 ਰਾਸ਼ਟਰਪਤੀ ਦੀਆਂ ਵਿਧਾਨਿਕ ਸ਼ਕਤੀਆਂ
2.2.7 ਰਾਸ਼ਟਰਪਤੀ ਦੀਆਂ ਵਿੱਤੀ ਸ਼ਕਤੀਆਂ
2.2.8 ਰਾਸ਼ਟਰਪਤੀ ਦੀਆਂ ਨਿਆਂਇਕ ਸ਼ਕਤੀਆਂ
2.2.9 ਰਾਸ਼ਟਰਪਤੀ ਦੀਆਂ ਸੰਕਟਕਾਲੀ ਸ਼ਕਤੀਆਂ
2.2.10 ਸੰਕਟ ਕਾਲੀ ਸ਼ਕਤੀਆਂ ਦੀ ਆਲੋਚਨਾ ਅਤੇ ਉਚਿੱਤਤਾ
2.2.11 ਰਾਸ਼ਟਰਪਤੀ ਦੀ ਸਥਿਤੀ

ਉਦੇਸ਼ :

ਇਸ ਪਾਠ ਦਾ ਮੁੱਖ ਉਦੇਸ਼ ਇਹ ਹੈ ਕਿ ਵਿਦਿਆਰਥੀਆਂ ਨੂੰ ਦੱਸਿਆ ਜਾਵੇ ਕਿ ਰਾਸ਼ਟਰਪਤੀ ਦੀ ਚੋਣ ਵਿਧੀ ਕੀ ਹੈ, ਅਤੇ ਉਸ ਵਿਚ ਕੀ ਦੋਸ਼ ਹਨ। ਇਸਦੇ ਇਲਾਵਾ ਰਾਸ਼ਟਰਪਤੀ ਦੀਆਂ ਵੱਖ ਵੱਖ ਸ਼ਕਤੀਆਂ ਕੀ ਹਨ ? ਅਤੇ ਉਹ ਇਹਨਾਂ ਦੀ ਵਰਤੋ ਕਿਸ ਤਰ੍ਹਾਂ ਕਰਦਾ ਹੈ। ਭਾਰਤ ਵਿਚ ਸੰਸਦੀ ਪ੍ਰਣਾਲੀ ਹੈ। ਇਸ ਲਈ ਇਸ ਪਾਠ ਰਾਹੀ ਵਿਦਿਆਰਥੀਆਂ ਨੂੰ ਇਸ ਬਾਰੇ ਵੀ ਜਾਣਕਾਰੀ ਦੇਣੀ ਹੈ ਕਿ ਰਾਸ਼ਟਰਪਤੀ ਨਾਮ ਮਾਤਰ ਦਾ ਅਧਿਕਾਰੀ ਹੈ ਅਤੇ ਉਹ ਆਪਣੀ ਸ਼ਕਤੀਆਂ ਦੀ ਵਰਤੋ ਮੰਤਰੀ ਮੰਡਲ ਦੀ ਸਲਾਹ ਅਨੁਸਾਰ ਹੀ ਕਰਦਾ ਹੈ। ਮੌਜੂਦਾ ਸਮੇ ਭਾਰਤ ਦੇ ਰਾਸ਼ਟਰਪਤੀ ਨੂੰ ਮਹੱਤਵਪੂਰਨ ਭੂਮਿਕਾ ਨਿਭਾਉਣੀ ਪੈਂਦੀ ਹੈ।

ਭਾਰਤ ਵਿਚ ਸੰਸਦੀ ਸਾਸ਼ਨ ਪ੍ਰਣਾਲੀ ਅਪਣਾਈ ਗਈ ਹੈ। ਅਜਿਹੀ ਪ੍ਰਣਾਲੀ ਵਿਚ ਨਾਂਮਾਤਰ ਕਾਰਜਪਾਲਕਾ ਅਤੇ ਅਸਲੀ ਕਾਰਜਪਾਲਕਾ ਦੀ ਵਿਵਸਥਾ ਹੁੰਦੀ ਹੈ। ਸੰਸਦੀ ਸਾਸ਼ਨ ਪ੍ਰਣਾਲੀ ਵਿਚ ਰਾਸ਼ਟਰਪਤੀ ਨਾਂਮਾਤਰ ਕਾਰਜਪਾਲਕਾ ਅਤੇ ਮੰਤਰੀ ਪਰਿਸ਼ਦ ਅਸਲੀ ਕਾਰਜਪਾਲਕਾ ਦੇ ਰੂਪ ਵਿਚ ਕਾਰਜ ਕਰਦੀ ਹੈ।

2.2.1 ਰਾਸ਼ਟਰਪਤੀ ਦੀਆਂ ਯੋਗਤਾਵਾਂ, ਕਾਰਜਕਾਲ, ਤਨਖਾਹ, ਹਟਾਉਣ ਦੀ ਵਿਧੀ :

2.2.1.1 ਯੋਗਤਾਵਾਂ : ਰਾਸ਼ਟਰਪਤੀ ਦੀ ਪਦਵੀ ਲਈ ਚੋਣ ਲੜਨ ਲਈ ਹੇਠ ਲਿਖੀਆਂ ਯੋਗਤਾਵਾਂ ਹੋਣੀਆਂ ਜ਼ਰੂਰੀ ਹਨ :-

(1) ਉਹ ਭਾਰਤ ਦਾ ਨਾਗਰਿਕ ਹੋਵੇ।
(2) ਉਸਦੀ ਉਮਰ 35 ਸਾਲ ਦੀ ਹੋਵੇ।
(3) ਉਸ ਵਿਚ ਉਹ ਸਾਰੀਆਂ ਯੋਗਤਾਵਾਂ ਹੋਣ ਜੋ ਲੋਕ ਸਭਾ ਦੇ ਮੈਂਬਰ ਬਣਨ ਲਈ ਜ਼ਰੂਰੀ ਹਨ।
(4) ਕੇਂਦਰ ਸਰਕਾਰ ਜਾਂ ਕਿਸੇ ਰਾਜ ਸਰਕਾਰ ਦੇ ਅਧੀਨ ਕਿਸੇ ਲਾਭਦਾਇਕ ਪਦਵੀ ਤੇ ਬਿਰਾਜਮਾਨ ਨਾ ਹੋਵੇ
(5) ਸੰਸਦ ਅਤੇ ਰਾਜ ਵਿਧਾਨ ਮੰਡਲਾਂ ਦੇ ਮੈਂਬਰ ਚੋਣ ਲੜ ਸਕਦੇ ਹਨ ਪਰੰਤੂ ਚੁਣੇ ਜਾਣ ਮਗਰੋਂ ਕੋਈ ਰਾਸ਼ਟਰਪਤੀ ਸੰਸਦ ਜਾਂ ਵਿਧਾਨ ਮੰਡਲ ਦਾ ਮੈਂਬਰ ਨਹੀ ਰਹਿ ਸਕਦਾ। ਜੇਕਰ ਸੰਸਦ ਜਾਂ ਕਿਸੇ ਰਾਜ ਵਿਧਾਨ

ਮੰਡਲ ਦਾ ਕੋਈ ਮੈਂਬਰ ਇਸ ਪਦਵੀ ਲਈ ਚੁਣਿਆ ਜਾਂਦਾ ਹੈ ਤਾਂ ਉਸਦਾ ਸੰਸਦ ਜਾਂ ਰਾਜ ਵਿਧਾਨ ਮੰਡਲ ਵਿਚ ਸਥਾਨ ਉਸ ਮਿਤੀ ਤੋਂ ਖਾਲੀ ਸਮਝਿਆ ਜਾਵੇਗਾ ਜਿਸ ਮਿਤੀ ਨੂੰ ਉਹ ਰਾਸ਼ਟਰਪਤੀ ਦੀ ਪਦਵੀ ਸੰਭਾਲਦਾ ਹੈ। ਭਾਰਤ ਦੇ ਜਮਾਂਦਰੂ ਅਤੇ ਰਾਜਕ੍ਰਿਤ ਨਾਗਰਿਕ ਰਾਸ਼ਟਰਪਤੀ ਦੀ ਪਦਵੀ ਲਈ ਚੋਣ ਲੜ ਸਕਦੇ ਹਨ।

(6) ਰਾਸ਼ਟਰਪਤੀ ਦੀ ਚੋਣ ਲੜਨ ਲਈ ਉਮੀਦਵਾਰ ਲਈ 15,000 ਰੁਪਏ ਦੀ ਜ਼ਮਾਨਤ ਦੀ ਰਕਮ ਦੇ ਰੂਪ ਵਿਚ ਜਮ੍ਹਾਂ ਕਰਵਾਉਣੇ ਜ਼ਰੂਰੀ ਹਨ। ਇਸ ਤੋ ਇਲਾਵਾ ਰਾਸ਼ਟਰਪਤੀ ਦੀ ਚੋਣ ਲੜ ਰਹੇ ਵਿਅਕਤੀ ਦਾ ਨਾਂ 50 ਚੋਣਕਾਰਾਂ ਦੁਆਰਾ ਤਜਵੀਜ਼ ਹੋਣਾ ਅਤੇ ਦੂਸਰੇ 50 ਚੋਣਕਾਰਾਂ ਦੁਆਰਾ ਉਸ ਦੇ ਨਾਂ ਦੀ ਪ੍ਰੋੜ੍ਹਤਾ ਹੋਣੀ ਜ਼ਰੂਰੀ ਹੈ।

2.2.1.2 ਕਾਰਜਕਾਲ :– ਰਾਸ਼ਟਰਪਤੀ 5 ਸਾਲ ਦੇ ਸਮੇਂ ਲਈ ਚੁਣਿਆ ਜਾਂਦਾ ਹੈ। ਇਹ ਸਮਾਂ ਉਸ ਦਿਨ ਤੋਂ ਸ਼ੁਰੂ ਹੁੰਦਾ ਹੈ ਜਿਸ ਦਿਨ ਰਾਸ਼ਟਰਪਤੀ ਆਪਣੀ ਪਦਵੀ ਨੂੰ ਸੰਭਾਲਦਾ ਹੈ। ਪਹਿਲੇ ਰਾਸ਼ਟਰਪਤੀ ਦਾ ਕਾਰਜਕਾਲ ਸਮਾਪਤ ਹੋਣ ਤੋਂ ਪਹਿਲਾਂ ਨਵੇਂ ਰਾਸ਼ਟਰਪਤੀ ਦੀ ਚੋਣ ਕਰ ਲੈਣੀ ਜ਼ਰੂਰੀ ਹੈ।

ਰਾਸ਼ਟਰਪਤੀ ਦੀ ਪਦਵੀ ਖਾਲੀ ਹੋਣ ਦੀ ਅਵਸਥਾ ਵਿਚ :– ਪੰਜ ਸਾਲ ਦੀ ਮਿਆਦ ਖਤਮ ਹੋਣ ਤੋਂ ਪਹਿਲਾਂ ਹੇਠ ਲਿਖੇ ਤਿੰਨ ਕਾਰਨਾਂ ਕਰਕੇ ਰਾਸ਼ਟਰਪਤੀ ਦੀ ਪਦਵੀ ਖਾਲੀ ਹੋ ਸਕਦੀ ਹੈ–

(1) ਰਾਸ਼ਟਰਪਤੀ ਜੇਕਰ ਤਿਆਗ ਪੱਤਰ ਦੇ ਦੇਵੇ। ਉਹ ਆਪਣਾ ਤਿਆਗ ਪੱਤਰ ਉਪ-ਰਾਸ਼ਟਰਪਤੀ ਨੂੰ ਦੇ ਦਿੰਦਾ ਹੈ ਅਤੇ ਉਪ ਰਾਸ਼ਟਰਪਤੀ ਇਸ ਸਬੰਧੀ ਸੂਚਨਾ ਤੁਰੰਤ ਹੀ ਲੋਕ ਸਭਾ ਦੇ ਸਪੀਕਰ ਨੂੰ ਭੇਜ ਦਿੰਦਾ ਹੈ।

(2) ਉਸ ਦੀ ਮੌਤ ਹੋ ਜਾਣ ਦੀ ਸੂਰਤ ਵਿਚ।

(3) ਉਸਨੂੰ ਮਹਾਂਦੋਸ਼ ਦੇ ਮੁਕੱਦਮੇ ਦੁਆਰਾ ਹਟਾਇਆ ਜਾ ਸਕਦਾ ਹੈ।

ਉਪਰੋਕਤ ਕਾਰਨਾਂ ਵਿਚੋਂ ਕਿਸੇ ਵੀ ਕਾਰਨ ਕਰਕੇ ਰਾਸ਼ਟਰਪਤੀ ਦੀ ਪਦਵੀ ਖਾਲੀ ਹੋ ਜਾਂਦੀ ਹੈ ਤਾਂ ਉਪ-ਰਾਸ਼ਟਰਪਤੀ ਉਸ ਪਦਵੀ ਨੂੰ ਸੰਭਾਲ ਲਵੇਗਾ। ਉਪ-ਰਾਸ਼ਟਰਪਤੀ ਵੱਧ ਤੋਂ ਵੱਧ ਛੇ ਮਹੀਨੇ ਇਸ ਪਦਵੀ ਤੇ ਰਹਿ ਸਕਦਾ ਹੈ। ਛੇ ਮਹੀਨੇ ਦੇ ਅੰਦਰ ਨਵੇਂ ਰਾਸ਼ਟਰਪਤੀ ਦੀ ਚੋਣ ਹੋਣੀ ਜ਼ਰੂਰੀ ਹੈ।

ਰਾਸ਼ਟਰਪਤੀ ਅਤੇ ਉਪ-ਰਾਸ਼ਟਰਪਤੀ ਦੋਹਾਂ ਦੀਆਂ ਪਦਵੀਆਂ ਖਾਲੀ ਹੋਣ ਦੀ ਸੂਰਤ ਵਿਚ – ਜੇਕਰ ਕਿਸੇ ਕਾਰਨ ਰਾਸ਼ਟਰਪਤੀ ਅਤੇ ਉਪ-ਰਾਸ਼ਟਰਪਤੀ ਦੋਹਾਂ ਦੀ ਪਦਵੀ ਖਾਲੀ ਹੋ ਜਾਵੇ ਤਾਂ ਭਾਰਤ ਦੀ ਸਰਵ ਉੱਚ ਅਦਾਲਤ ਦਾ ਮੁੱਖ ਜੱਜ ਆਰਜ਼ੀ ਤੌਰ ਤੇ ਰਾਸ਼ਟਰਪਤੀ ਦਾ ਪਦ ਸੰਭਾਲਦਾ ਹੈ। ਜੇਕਰ ਸਰਵ ਉੱਚ ਅਦਾਲਤ ਦਾ ਮੁੱਖ ਜੱਜ ਰਾਸ਼ਟਰਪਤੀ ਦੀ ਪਦਵੀ ਨੂੰ ਆਰਜ਼ੀ ਤੌਰ ਤੇ ਸੰਭਾਲਣ ਲਈ ਕਿਸੇ ਕਾਰਨ ਉਪਲੱਬਧ ਨਾ ਹੋਵੇ ਤਾਂ ਸੀਨੀਆਰਤਾ ਦੇ ਅਧਾਰ ਤੇ ਅਗਲਾ ਜੱਜ ਕਾਰਜਵਾਹਕ ਰਾਸ਼ਟਰਪਤੀ ਦੇ ਤੌਰ ਤੇ ਕੰਮ ਕਰੇਗਾ।

ਆਰਜ਼ੀ ਤੌਰ ਤੇ ਰਾਸ਼ਟਰਪਤੀ ਦੀ ਪਦਵੀ ਨਾ ਖਾਲੀ ਹੋਣਾ – ਜੇਕਰ ਬਿਮਾਰੀ ਜਾਂ ਕਿਸੇ ਹੋਰ ਕਾਰਨ ਕਰਕੇ ਰਾਸ਼ਟਰਪਤੀ ਦੀ ਪਦਵੀ ਕੁਝ ਸਮੇਂ ਲਈ ਖਾਲੀ ਹੁੰਦੀ ਹੈ ਤਾਂ ਉਪ ਰਾਸ਼ਟਰਪਤੀ ਉਸ ਦੀ ਗੈਰ਼ ਹਾਜ਼ਰੀ ਵਿਚ ਰਾਸ਼ਟਰਪਤੀ ਦੇ ਕਾਰਜਾਂ ਅਤੇ ਕਰਤੱਵਾਂ ਨੂੰ ਪੂਰਾ ਕਰਦਾ ਹੈ।

ਦੁਬਾਰਾ ਚੋਣ – ਸੰਵਿਧਾਨ ਅਨੁਸਾਰ ਰਹਿ ਚੁੱਕੇ ਰਾਸ਼ਟਰਪਤੀ ਜਾਂ ਮੌਜੂਦਾ ਰਾਸ਼ਟਰਪਤੀ ਨੂੰ ਦੁਬਾਰਾ ਚੋਣ ਲੜਨ ਦਾ ਅਧਿਕਾਰ ਪ੍ਰਾਪਤ ਹੈ। ਰਾਸ਼ਟਰਪਤੀ ਤੇ ਦੁਬਾਰਾ ਚੋਣ ਲੜਨ ਸਬੰਧੀ ਕੋਈ ਸੰਵਿਧਾਨਕ ਪਾਬੰਦੀ ਨਹੀ ਹੈ। ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ: ਰਾਜਿੰਦਰ ਪ੍ਰਸ਼ਾਦ ਇਸ ਪਦਵੀ ਲਈ ਦੋ ਵਾਰੀ ਚੁਣੇ ਗਏ ਸਨ ਅਤੇ ਬਾਕੀ ਦੇ ਸਾਰੇ ਰਾਸ਼ਟਰਪਤੀਆਂ ਨੇ ਕੇਵਲ ਇੱਕ ਇੱਕ ਵਾਰੀ ਇਸ ਪਦਵੀ ਨੂੰ ਸੁਸ਼ੋਭਿਤ ਕੀਤਾ ਹੈ।

2.2.1.3 ਤਨਖਾਹ ਅਤੇ ਭੱਤੇ – ਰਾਸ਼ਟਰਪਤੀ ਨੂੰ 1,50,000 ਰੁਪਏ ਮਹੀਨਾ ਤਨਖਾਹ ਦੇ ਰੂਪ ਵਿਚ ਮਿਲਦੇ ਹਨ। ਰਿਟਾਇਰ ਹੋਣ ਮਗਰੋਂ ਰਾਸ਼ਟਰਪਤੀ ਨੂੰ 3 ਲੱਖ ਰੁਪਏ ਸਾਲਾਨਾ ਪੈਨਸ਼ਨ ਮਿਲਦੀ ਹੈ। ਰਾਸ਼ਟਰਪਤੀ ਨੂੰ 30,000 ਰੁਪਏ ਸਾਲਾਨਾ ਨਿੱਜੀ ਸਕੱਤਰੇਤ ਰੱਖਣ ਲਈ ਭੱਤੇ ਵੱਜੋ ਦਿੱਤੇ ਜਾਂਦੇ ਹਨ। ਉਸ ਨੂੰ ਮੁਫਤ ਡਾਕਟਰੀ ਸਹਾਇਤਾ ਪ੍ਰਾਪਤ ਕਰਨ ਦਾ ਅਧਿਕਾਰ ਹੈ। ਰਹਿਣ ਲਈ ਰਾਸ਼ਟਰਪਤੀ ਨੂੰ ਸਜਿਆ ਸਜਾਇਆ ਨਿਵਾਸ ਸਥਾਨ ਮਿਲਦਾ ਹੈ ਜਿਸਨੂੰ ਰਾਸ਼ਟਰਪਤੀ ਭਵਨ ਕਿਹਾ ਜਾਂਦਾ ਹੈ।

ਰਾਸ਼ਟਰਪਤੀ ਦੀ ਤਨਖਾਹ ਅਤੇ ਭੱਤੇ ਸੰਚਿਤ ਨਿੱਧੀ ਵਿਚੋਂ ਦਿੱਤੇ ਜਾਂਦੇ ਹਨ। ਇਹ ਅਜਿਹਾ ਫੰਡ ਹੈ ਜੋ ਸੰਸਦ

ਦੇ ਮਤਦਾਨ ਦੇ ਅਧਿਕਾਰ ਖੇਤਰ ਤੋਂ ਬਾਹਰ ਹੈ। ਰਾਸ਼ਟਰਪਤੀ ਦੀ ਤਨਖਾਹ, ਭੱਤੇ ਅਤੇ ਦੂਸਰੀਆਂ ਸਹੂਲਤਾਂ ਉਸ ਦੇ ਕਾਰਜਕਾਲ ਵਿਚ ਘਟਾਈਆਂ ਨਹੀਂ ਜਾ ਸਕਦੀਆਂ।

2.2.1.4 ਰਾਸ਼ਟਰਪਤੀ ਨੂੰ ਪਦਵੀ ਤੋਂ ਹਟਾਉਣ ਦੀ ਵਿਧੀ – ਸੰਵਿਧਾਨ ਦੀ ਉਲੰਘਣਾ ਦੇ ਦੋਸ਼ ਵਿਚ ਰਾਸ਼ਟਰਪਤੀ ਵਿਰੁੱਧ ਮਹਾਂਦੋਸ਼ ਦਾ ਮੁੱਕਦਮਾ ਚਲਾ ਕੇ ਉਸ ਨੂੰ ਪਦਵੀ ਤੋਂ ਹਟਾਇਆ ਜਾ ਸਕਦਾ ਹੈ। ਮਹਾਂਦੋਸ਼ ਦਾ ਮੁੱਕਦਮਾ ਚਲਾਉਣ ਲਈ ਵਿਧੀ ਸੰਵਿਧਾਨ ਵਿਚ ਅੰਕਿਤ ਕੀਤੀ ਗਈ ਹੈ –

(1) ਸੰਸਦ ਦੇ ਕਿਸੇ ਵੀ ਸਦਨ ਦੇ ਕੁੱਲ ਗਿਣਤੀ ਦੇ 1/4 ਮੈਂਬਰਾਂ ਦੇ ਦਸਤਖਤਾਂ ਸਹਿਤ ਮਹਾਂ ਦੋਸ਼ ਸਬੰਧੀ ਪੂਰਵ ਸੂਚਨਾ ਘੱਟ ਤੋ ਘੱਟ 14 ਦਿਨ ਪ੍ਰਸਤਾਵ ਪੇਸ਼ ਕਰਨ ਵਾਲੇ ਦਿਨ ਤੋ ਪਹਿਲਾਂ ਸਦਨ ਦੇ ਅਧਿਅਕਸ਼ ਨੂੰ ਦੇਣੀ ਜ਼ਰੂਰੀ ਹੈ।

(2) ਮਹਾਂਦੋਸ਼ ਸਬੰਧੀ 14 ਦਿਨ ਪੂਰਵ ਸੂਚਨਾ ਦੇਣ ਵਾਲੇ ਸਦਨ ਵਿਚ ਵੀ ਇਸ ਪ੍ਰਸਤਾਵ ਨੂੰ ਕੁੱਲ ਗਿਣਤੀ ਦੇ 2/3 ਬਹੁਮਤ ਨਾਲ ਪਾਸ ਕਰਨਾ ਜ਼ਰੂਰੀ ਹੈ।

(3) ਉਸ ਸਦਨ ਵਿਚ ਕੁਲ ਮੈਂਬਰਾਂ ਦੀ ਗਿਣਤੀ ਦੇ 2/3 ਬਹੁਮਤ ਨਾਲ ਪਾਸ ਹੋਣ ਮਗਰੋਂ ਦੂਸਰੇ ਸਦਨ ਵਿਚ ਵੀ ਛਾਣ ਬੀਣ ਮਗਰੋਂ ਉਸ ਸਦਨ ਦੀ ਕੁੱਲ ਗਿਣਤੀ ਦੇ 2/3 ਬਹੁਮਤ ਨਾਲ ਪ੍ਰਸਤਾਵ ਦਾ ਪਾਸ ਹੋਣਾ ਲਾਜ਼ਮੀ ਹੈ। ਜੇਕਰ ਅਜਿਹਾ ਪ੍ਰਸਤਾਵ ਦੋਹਾਂ ਸਦਨਾਂ ਵਿਚੋ ਆਪਣੇ ਆਪਣੇ ਮੈਂਬਰਾਂ ਦੀ ਕੁੱਲ ਗਿਣਤੀ ਦੇ 2/3 ਬਹੁਮਤ ਨਾਲ ਵੱਖ ਵੱਖ ਪਾਸ ਹੋ ਜਾਵੇ ਤਾਂ ਹੀ ਰਾਸ਼ਟਰਪਤੀ ਨੂੰ ਪਦ ਤੋਂ ਹਟਾਇਆ ਜਾ ਸਕਦਾ ਹੈ। ਰਾਸਟਰਪਤੀ ਨੂੰ ਇਹ ਅਧਿਕਾਰ ਪ੍ਰਾਪਤ ਹੈ ਕਿ ਉਹ ਆਪ ਜਾਂ ਆਪਣੇ ਕਿਸੇ ਪ੍ਰਤੀਨਿੱਧੀ ਰਾਹੀ ਦੋਹਾਂ ਸਦਨਾਂ ਵਿਚ ਆਪਣੀ ਸਫ਼ਾਈ ਪੇਸ਼ ਕਰ ਸਕਦਾ ਹੈ। ਯਾਦ ਰਹੇ ਕਿ ਅਜੇ ਤੱਕ ਕਿਸੇ ਰਾਸ਼ਟਰਪਤੀ ਵਿਰੁੱਧ ਮਹਾਂਦੋਸ਼ ਦਾ ਮੁੱਕਦਮਾ ਨਹੀ ਚਲਾਇਆ ਗਿਆ ਹੈ।

2.2.2 ਰਾਸ਼ਟਰਪਤੀ ਦੀ ਚੋਣ (Election)

ਰਾਸ਼ਟਰਪਤੀ ਦੀ ਚੋਣ ਸਬੰਧੀ ਭਾਰਤੀ ਸੰਵਿਧਾਨ ਵਿਚ ਹੇਠ ਲਿਖੀਆਂ ਵਿਵਸਥਾਵਾਂ ਕੀਤੀਆਂ ਗਈਆਂ ਹਨ–

ਚੋਣ-ਮੰਡਲ ਦੁਆਰਾ ਚੋਣ– ਰਾਸ਼ਟਰਪਤੀ ਦੀ ਚੋਣ ਇਕ ਚੋਣ ਮੰਡਲ ਦੁਆਰਾ ਕੀਤੀ ਜਾਂਦੀ ਹੈ। ਇਸ ਚੋਣ ਮੰਡਲ ਵਿਚ ਸੰਸਦ ਦੇ ਦੋਹਾਂ ਸਦਨਾਂ ਦੇ ਚੁਣੇ ਹੋਏ ਮੈਂਬਰ , ਰਾਜ ਵਿਧਾਨ ਸਭਾਵਾਂ ਦੇ ਚੁਣੇ ਹੋਏ ਮੈਂਬਰ ਅਤੇ ਪਾਂਡੀਚਰੀ ਸੰਘ ਖੇਤਰ ਤੇ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਦੀਆਂ ਵਿਧਾਨ ਸਭਾਵਾਂ ਦੇ ਚੁਣੇ ਹੋਏ ਮੈਂਬਰ ਭਾਗ ਲੈਂਦੇ ਹਨ। ਸੰਸਦ ਅਤੇ ਰਾਜ ਵਿਧਾਨ ਸਭਾਵਾਂ ਦੇ ਨਾਮਜ਼ਦ ਮੈਂਬਰ ਰਾਸ਼ਟਰਪਤੀ ਦੀ ਚੋਣ ਵਿਚ ਭਾਗ ਨਹੀਂ ਲੈਂਦੇ । ਰਾਸ਼ਟਰਪਤੀ ਦੀ ਚੋਣ ਕਰਨ ਲਈ 'ਇਕ ਚੋਣਕਾਰ, ਇੱਕ ਵੋਟ' ਦਾ ਸਿਧਾਂਤ ਪ੍ਰਯੋਗ ਨਹੀਂ ਕੀਤਾ ਗਿਆ ਹੈ ਸਗੋਂ ਚੋਣਕਾਰਾਂ ਦੀਆ ਵੋਟਾਂ ਦੀ ਸੰਖਿਆ ਨਿਸ਼ਚਿਤ ਕਰਨ ਲਈ ਸੰਵਿਧਾਨ ਦੇ ਅਨੁਛੇਦ 55 ਵਿਚ ਦੋ ਵਿਸ਼ੇਸ਼ ਵਿਧੀਆਂ ਅੰਕਿਤ ਕੀਤੀਆਂ ਗਈਆਂ ਹਨ। ਇੱਕ ਵਿਧੀ ਅਨੁਸਾਰ ਰਾਜ ਵਿਧਾਨ ਸਭਾਵਾਂ ਦੇ ਮੈਬਰਾਂ ਦੀ ਅਤੇ ਦੂਜੀ ਵਿਧੀ ਅਨੁਸਾਰ ਸੰਸਦ ਦੇ ਮੈਂਬਰਾਂ ਦੀ ਵੋਟ ਸੰਖਿਆ ਨਿਸ਼ਚਿਤ ਕੀਤੀ ਗਈ ਹੈ।

ਰਾਜ ਵਿਧਾਨ ਸਭਾਵਾਂ ਦੇ ਚੁਣੇ ਹੋਏ ਇੱਕ ਮੈਂਬਰ ਦੀ ਵੋਟ ਸੰਖਿਆ – ਕਿਸੇ ਰਾਜ ਦੀ ਵਿਧਾਨ ਸਭਾ ਦੇ ਇੱਕ ਚੁਣੇ ਹੋਏ ਮੈਂਬਰ ਦੀ ਵੋਟ ਸੰਖਿਆ ਨਿਸ਼ਚਿਤ ਕਰਨ ਲਈ ਪਹਿਲਾਂ ਉਸ ਰਾਜ ਦੀ ਜਨਸੰਖਿਆ ਦੇ ਅੰਕੜਿਆਂ ਨੂੰ ਰਾਜ ਦੀ ਵਿਧਾਨ ਸਭਾ ਦੇ ਚੁਣੇ ਹੋਏ ਮੈਂਬਰਾਂ ਦੀ ਕੁੱਲ ਗਿਣਤੀ ਨਾਲ ਤਕਸੀਮ ਕੀਤਾ ਜਾਵੇਗਾ।ਇਸ ਵੰਡ ਨਾਲ ਜੋ ਵੰਡ ਫਲ ਆਵੇਗਾ ਉਸ ਵੰਡ ਫਲ ਨੂੰ 1000 ਦੇ ਅੰਕ ਨਾਲ ਤਕਸੀਮ ਕੀਤਾ ਜਾਵੇਗਾ। ਇਸ ਤਕਸੀਮ ਮਗਰੋ ਜੋ ਗੁਣਕ ਆਵੇਗਾ ਉਨੀ ਸੰਖਿਆ ਵਿਧਾਨ ਸਭਾ ਦੇ ਇੱਕ ਚੁਣੇ ਹੋਏ ਮੈਂਬਰ ਦੀ ਹੋਵੇਗੀ। ਬਾਕੀ ਬਚੇ ਅੰਕ ਜੇਕਰ 500 ਤੋ ਵੱਧ ਹਨ ਤਾਂ ਵਿਧਾਨ ਸਭਾ ਦੇ ਹਰੇਕ ਮੈਂਬਰ ਨੂੰ ਵੋਟ ਸੰਖਿਆ ਵਿਚ ਇਕ ਵੋਟ ਦਾ ਵਾਧਾ ਹੋ ਜਾਵੇ ਗਾ। ਜੇਕਰ ਉਹ ਅੰਕ 500 ਤੋ ਘੱਟ ਹੋਣਗੇ ਤਾਂ ਉਹਨਾ ਨੂੰ ਛੱਡ ਦਿੱਤਾ ਜਾਵੇਗਾ।

$$\text{ਵਿਧਾਨ ਸਭਾ ਦੇ ਚੁਣੇ ਹੋਏ ਮੈਂਬਰਾਂ ਦੀ ਵੋਟ ਸੰਖਿਆ} = \frac{\text{ਰਾਜ ਦੀ ਕੁੱਲ ਵਸੋਂ}}{\text{ਵਿਧਾਨ ਸਭਾ ਦੇ ਚੁਣੇ ਹੋਏ ਮੈਂਬਰ}} \div 1000$$

ਸੰਸਦ ਦੇ ਚੁਣੇ ਹੋਏ ਮੈਂਬਰ ਦੀ ਵੋਟ-ਸੰਖਿਆ – ਸੰਸਦ ਦੇ ਇੱਕ ਮੈਂਬਰ ਦੀ ਵੋਟ ਸੰਖਿਆ ਨਿਸ਼ਚਿਤ ਕਰਨ ਲਈ ਸਾਰੀਆਂ ਵਿਧਾਨ ਸਭਾਵਾਂ ਦੇ ਸਾਰੇ ਮੈਂਬਰਾਂ ਦੀ ਵੋਟ ਦੀ ਕੁੱਲ ਗਿਣਤੀ ਨੂੰ ਸੰਸਦ ਦੇ ਦੋਨੋ ਸਦਨਾਂ ਦੇ ਚੁਣੇ ਹੋਏ ਮੈਂਬਰਾਂ ਦੀ ਕੁੱਲ ਗਿਣਤੀ ਨਾਲ ਤਕਸੀਮ ਕੀਤਾ ਜਾਵੇਗਾ ਅਤੇ ਅਜਿਹੀ ਤਕਸੀਮ ਮਗਰੋ

ਜੋ ਅੰਕੜੇ ਆਉਣਗੇ ਉਹ ਸੰਸਦ ਦੇ ਇੱਕ ਮੈਂਬਰ ਦੀ ਵੋਟ ਸੰਖਿਆ ਹੋਵੇਗੀ। ਜੇਕਰ ਬਾਕੀ ਬਚੇ ਅੰਕ ਤਕਸੀਮ ਦੇ ਅੰਕ ਦੇ ਅੱਧ ਤੋ ਘੱਟ ਹਨ ਤਾਂ ਉਹ ਛੱਡ ਦਿੱਤੇ ਜਾਣਗੇ। ਪਰ ਜੇਕਰ ਜ਼ਿਆਦਾ ਹਨ ਤਾਂ ਵੋਟਾਂ ਦੀ ਸੰਖਿਆ ਵਿਚ ਇੱਕ ਵੋਟ ਦਾ ਵਾਧਾ ਹੋ ਜਾਵੇਗਾ।

$$\text{ਸੰਸਦ ਦੇ ਚੁਣੇ ਹੋਏ ਇੱਕ ਮੈਂਬਰ ਦੀ ਵੋਟ ਸੰਖਿਆ} = \frac{\text{ਸਾਰੇ ਰਾਜਾਂ ਵਿਧਾਨ ਸਭਾਵਾਂਦੀ ਵੋਟਾਂ ਦੀ ਕੁਲ ਗਿਣਤੀ}}{\text{ਸੰਸਦ ਦੇ ਦੋਹਾਂ ਸਦਨਾਂ ਦੇ ਚੁਣੇ ਮੈਬਰਾਂ ਦੀ ਕੁੱਲ ਗਿਣਤੀ}}$$

ਅਨੁਪਾਤਿਕ ਪ੍ਰਤੀਨਿਧਤਾ ਦੀ ਚੋਣ ਦਾ ਤਰੀਕਾ– ਅਨੁਛੇਦ 55(3) ਅਧੀਨ ਇਹ ਵਿਵਸਥਾ ਹੈ ਕਿ ਰਾਸ਼ਟਰਪਤੀ ਦੀ ਚੋਣ ਅਨੁਪਾਤਿਕ ਪ੍ਰਤੀਨਿਧਤਾ ਪ੍ਰਣਾਲੀ ਅਨੁਸਾਰ ਇਕਹਿਰੀ ਬਦਲਵੀ ਵੋਟ ਪ੍ਰਣਾਲੀ ਦੁਆਰਾ ਕੀਤੀ ਜਾਵੇਗੀ ਅਤੇ ਮਤਦਾਨ ਗੁਪਤ ਰੂਪ ਵਿਚ ਹੋਵੇਗਾ। ਇਸ ਪ੍ਰਣਾਲੀ ਅਨਸਾਰ ਹਰੇਕ ਚੋਣਕਾਰਾਂ ਨੂੰ ਉਨੀਆਂ ਤਰਜੀਹਾਂ ਦੇਣ ਦਾ ਅਧਿਕਾਰ ਹੈ ਜਿੰਨੇ ਉਮੀਦਵਾਰ ਚੋਣ ਲੜ ਰਹੇ ਹੋਣ। ਇਸ ਪ੍ਰਣਾਲੀ ਵਿਚ ਇਹ ਵੀ ਜ਼ਰੂਰੀ ਹੈ ਕਿ ਜੇਤੂ ਉਮੀਵਾਰ ਨੂੰ ਵੋਟਾਂ ਦਾ ਨਿਸ਼ਚਿਤ ਕੋਟਾ ਪ੍ਰਾਪਤ ਕਰਨਾ ਪੈਂਦਾ ਹੈ।

ਕੋਟਾ ਨਿਸ਼ਚਿਤ ਕਰਨ ਲਈ ਹੇਠ ਲ਼ਿਖੀ ਵਿਧੀ ਦੀ ਵਰਤੋ ਕੀਤੀ ਜਾਂਦੀ ਹੈ :

$$\text{ਕੋਟਾ} \; \frac{\text{ਉਚਿਤ ਵੋਟਾਂ ਦੀ ਕੁੱਲ ਗਿਣਤੀ}}{\text{ਭਰੇ ਜਾਣੇ ਵਾਲੇ ਸਥਾਨੋ ਦੀ ਕੁੱਲ ਗਿਣਤੀ} + 1} + 1$$

ਕਿਉਂਕਿ ਰਾਸ਼ਟਰਪਤੀ ਦੀ ਪਦਵੀ ਇੱਕ ਹੀ ਹੈ, ਇਸ ਲਈ ਇਹ ਸਪਸ਼ਟ ਹੈ ਕਿ ਜਿੱਤਣ ਵਾਲੇ ਉਮੀਦਵਾਰ ਨੂੰ ਪੂਰਨ ਬਹੁਮਤ ਪ੍ਰਾਪਤ ਕਰਨਾ ਹੋਵੇਗਾ।

ਤਰਜੀਹਾਂ ਦੀ ਤਬਦੀਲੀ– ਸਭ ਤੋ ਪਹਿਲਾਂ ਸਾਰੇ ਉਮੀਦਵਾਰਾਂ ਦੇ ਪੱਖ ਵਿਚ ਦਿੱਤੇ ਗਏ ਮੱਤਾਂ ਦੀ ਪਹਿਲੀ ਤਰਜੀਹ ਦੀ ਗਿਣਤੀ ਕੀਤੀ ਜਾਂਦੀ ਹੈ। ਜੇਕਰ ਪਹਿਲੀ ਗਿਣਤੀ ਵਿਚ ਕੋਈ ਵੀ ਉਮੀਦਵਾਰ ਸਪਸ਼ਟ ਬਹੁਮਤ ਪ੍ਰਾਪਤ ਨਾ ਕਰ ਸਕੇ ਤਾਂ ਸਭ ਤੋ ਘੱਟ ਵੋਟ ਪ੍ਰਾਪਤ ਕਰਨ ਵਾਲੇ ਉਮੀਦਵਾਰ ਨੂੰ ਖਾਰਿਜ ਕਰ ਦਿੱਤਾ ਜਾਵੇਗਾ। ਖਾਰਿਜ ਕੀਤੇ ਉਮੀਦਵਾਰ ਦੀਆਂ ਵੋਟਾਂ ਦੂਸਰੀ ਤਰਜੀਹ ਦੇ ਅਨੁਸਾਰ ਬਾਕੀ ਦੇ ਉਮੀਦਵਾਰਾਂ ਵਿਚ ਵੰਡ ਦਿੱਤੀਆਂ ਜਾਣਗੀਆਂ।ਜੇਕਰ ਫਿਰ ਵੀ ਕਿਸੇ ਉਮੀਦਵਾਰ ਨੂੰ ਸਪਸ਼ਟ ਬਹੁਮਤ ਪ੍ਰਾਪਤ ਨਹੀ ਹੁੰਦਾ ਤਾਂ ਫਿਰ ਸਭ ਤੋ ਘੱਟ ਗਿਣਤੀ ਵਿਚ ਵੋਟਾਂ ਪ੍ਰਾਪਤ ਕਰਨ ਵਾਲੇ ਉਮੀਦਵਾਰ ਨੂੰ ਖਾਰਿਜ ਕਰ ਦਿੱਤਾ ਜਾਵੇਗਾ ਅਤੇ ਉਸ ਦੀਆਂ ਵੋਟਾਂ ਦੂਜੀ ਤਰਜੀਹ ਵਾਲੇ ਉਮੀਦਵਾਰਾਂ ਨੂੰ ਦੇ ਦਿੱਤੀਆਂ ਜਾਣਗੀਆਂ। ਇਹ ਸਿਲਸਿਲਾ ਉਸ ਸਮੇ ਤੱਕ ਜਾਰੀ ਰਹੇਗਾ ਜਦੋਂ ਤੱਕ ਕੋਈ ਉਮੀਦਵਾਰ ਕੁੱਲ ਪਈਆਂ ਉਚਿਤ ਵੋਟਾਂ ਦਾ ਸਪਸ਼ਟ ਬਹੁਮਤ ਪ੍ਰਾਪਤ ਨਹੀ ਕਰ ਲੈਂਦਾਂ।

ਚੋਣਾਂ ਦਾ ਪ੍ਰਬੰਧ ਕਰਨ ਦੀ ਜਿੰਮੇਵਾਰੀ ਚੋਣ ਆਯੋਗ ਦੀ – ਰਾਸ਼ਟਰਪਤੀ ਦੀ ਚੋਣ ਸਬੰਧੀ ਸਮੁੱਚਾ ਪ੍ਰਬੰਧ ਦੀ ਜਿੰਮੇਵਾਰੀ ਚੋਣ ਆਯੋਗ ਦੀ ਹੋਵੇਗੀ। ਚੋਣ ਆਯੋਗ ਆਪਣੇ ਸੂਚਨਾ ਆਦੇਸ਼ ਦੁਆਰਾ ਰਾਸ਼ਟਰਪਤੀ ਦੀ ਚੋਣ ਮਿਤੀ ਨਿਸ਼ਚਿਤ ਕਰਦਾ ਹੈ। ਚੋਣ ਲੜਨ ਲਈ ਉਮੀਦਵਾਰਾਂ ਦੁਆਰਾ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਮਿਤੀ, ਨਾਂ ਵਾਪਸ ਲੈਣ ਦੀ ਮਿਤੀ, ਨਾਮਜ਼ਦਗੀ ਪੱਤਰਾਂ ਦੀ ਜਾਂਚ ਪੜਤਾਲ ਕਰਨ ਦੀ ਮਿਤੀ ਆਦਿ ਵੀ ਚੋਣ ਆਯੋਗ ਹੀ ਨਿਸ਼ਚਿਤ ਕਰਦਾ ਹੈ। ਲੋਕ ਸਭਾ ਵਿਚ ਇੱਕ ਉਚ ਅਧਿਕਾਰੀ ਹੈ ਜਿਸ ਨੂੰ ਸੱਕਤਰ ਜਰਨਲ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਰਾਜ ਸਭਾ ਦਾ ਸੱਕਤਰ ਜਰਨਲ ਹੈ। ਲੋਕ ਸਭਾ ਜਾਂ ਰਾਜ ਸਭਾ ਦੇ ਜਰਨਲ ਸੱਕਤਰ ਨੂੰ ਰਾਸ਼ਟਰਪਤੀ ਦੀ ਚੋਣ ਕਰਵਾਉਣ ਲਈ ਮੁੱਖ ਚੋਣ ਅਧਿਕਾਰੀ ਚੋਣ ਆਯੋਗ ਦੁਆਰਾ ਨਿਯੁਕਤ ਕੀਤਾ ਜਾਂਦਾ ਹੈ। 1992 ਦੀਆਂ ਚੋਣਾਂ ਲਈ ਰਾਜ ਸਭਾ ਦੇ ਸੱਕਤਰ ਜਰਨਲ ਅਤੇ 1997 ਦੀਆਂ ਚੋਣਾਂ ਲਈ ਲੋਕ ਸਭਾ ਦੇ ਸੱਕਤਰ ਜਰਨਲ ਨੂੰ ਮੁੱਖ ਚੋਣ ਅਧਿਕਾਰੀ ਨਿਯੁਕਤ ਕੀਤਾ ਗਿਆ ਸੀ।

ਰਾਸ਼ਟਰਪਤੀ ਦੀ ਚੋਣ ਸਬੰਧੀ ਝਗੜਾ– ਰਾਸ਼ਟਰਪਤੀ ਦੀ ਚੋਣ ਸਬੰਧੀ ਝਗੜਿਆਂ ਨੂੰ ਸਿੱਧਾ ਸਰਵ ਉਚ ਅਦਾਲਤ (ਸੁਪਰੀਮ ਕੋਰਟ) ਵਿੱਚ ਹੀ ਲਿਜਾਇਆ ਜਾ ਸਕਦਾ ਹੈ। ਅਜਿਹੇ ਝਗੜਿਆਂ ਦੀ ਸੁਣਵਾਈ ਕੇਵਲ ਸਰਵ ਉੱਚ ਅਦਾਲਤ ਹੀ ਕਰ ਸਕਦੀ ਹੈ ਅਤੇ ਕਿਸੇ ਹੋਰ ਅਦਾਲਤ ਨੂੰ ਅਜਿਹਾ ਝਗੜਾ ਸੁਣਨ ਦਾ ਅਧਿਕਾਰ ਨਹੀਂ ਹੈ।

2.2.3 ਰਾਸ਼ਟਰਪਤੀ ਦੀ ਚੋਣ-ਵਿਧੀ ਦੇ ਵੱਖ-ਵੱਖ ਪੜਾਅ

ਰਾਸ਼ਟਰਪਤੀ ਦੀ ਚੋਣ ਵਿਧੀ ਦਾ ਵਿਸਥਾਰਪੂਰਵਕ ਵਰਨਣ ਭਾਰਤੀ ਸੰਵਿਧਾਨ ਵਿਚ ਨਹੀ ਕੀਤਾ ਗਿਆ ਹੈ। ਸੰਵਿਧਾਨ ਵਿਚ ਕੇਵਲ ਇਹ ਵਿਵਸਥਾ ਹੈ ਕਿ ਭਾਰਤ ਦੇ ਰਾਸ਼ਟਰਪਤੀ ਦੀ ਚੋਣ ਅਨੁਪਾਤਿਕ ਪ੍ਰਤੀਨਿਧਤਾ ਪ੍ਰਣਾਲੀ ਦੀ ਇਕਹਿਰੀ ਬਦਲਵੀ ਵੋਟ ਪ੍ਰਣਾਲੀ ਰਾਹੀ ਚੋਣ ਮੰਡਲ ਦੁਆਰਾ ਕੀਤੀ ਜਾਵੇਗੀ। ਇਸਤੋਂ ਇਲਾਵਾ ਸੰਵਿਧਾਨ ਵਿੱਚ ਚੋਣ-ਮੰਡਲ ਦੀ ਬਣਤਰ ਅਤੇ ਚੋਣ ਮੰਡਲ ਦੇ ਮੈਬਂਰਾਂ ਦੀਆ ਵੋਟਾਂ ਦੀ ਸੰਖਿਆ ਨਿਸ਼ਚਿਤ ਕਰਨ ਦੀਆਂ ਵਿਧੀਆਂ ਅੰਕਿਤ ਕੀਤੀਆ ਗਈਆ ਹਨ। ਸੰਵਿਧਾਨ ਵਿਚ ਇਹ ਵਿਵਸਥਾ ਵੀ ਹੈ ਕਿ ਰਾਸ਼ਟਰਪਤੀ ਦੀ ਚੋਣ ਦਾ ਪ੍ਰਬੰਧ ਚੋਣ ਆਯੋਗ ਦੁਆਰਾ ਕੀਤਾ ਜਾਵੇਗਾ। ਰਾਸ਼ਟਰਪਤੀ ਦੀ ਚੋਣ ਸਬੰਧੀ ਬਾਕੀ ਵਿਵਸਥਾਵਾਂ 1952 ਵਿਚ ਸੰਸਦ ਦੁਆਰਾ ਪਾਸ ਕੀਤੇ ''ਰਾਸ਼ਟਰਪਤੀ ਅਤੇ ਉਪ ਰਾਸ਼ਟਰਪਤੀ ਦੀ ਚੋਣ ਸਬੰਧੀ ਕਾਨੂੰਨ'' ਵਿਚ ਕੀਤੀਆਂ ਗਈਆਂ ਹਨ। 1952 ਦੇ ਇਸ ਕਾਨੂੰਨ ਵਿਚ 1969 ਅਤੇ 1974 ਵਿਚ ਸੰਸਦ ਦੁਆਰਾ ਮਹੱਤਵਪੂਰਨ ਤਬਦੀਲੀਆਂ ਕੀਤੀਆਂ ਗਈਆਂ ਹਨ। ਇਸ ਕਾਨੂੰਨ ਅਨੁਸਾਰ ਰਾਸ਼ਟਰਪਤੀ ਦੀ ਚੋਣ ਵਿਧੀ ਦੇ ਵੱਖ ਵੱਖ ਪੜਾਅ ਹੇਠ ਲਿਖੇ ਹਨ :

(1) ਚੋਣ ਘੋਸ਼ਣਾ ਜਾਰੀ ਕਰਨਾ : ਚੋਣ ਆਯੋਗ ਰਾਸ਼ਟਰਪਤੀ ਦੀ ਚੋਣ ਲਈ ਚੋਣ ਘੋਸ਼ਣਾ ਜਾਰੀ ਕਰਦਾ ਹੈ। ਇਹ ਘੋਸ਼ਣਾ ਰਾਸ਼ਟਰਪਤੀ ਦਾ ਕਾਰਜਕਾਲ ਸਮਾਪਤ ਹੋਣ ਤੋਂ ਦੋ ਮਹੀਨੇ ਪਹਿਲਾਂ ਜਾਰੀ ਕੀਤੀ ਜਾਂਦੀ ਹੈ। ਇਸ ਘੋਸ਼ਣਾ ਵਿਚ ਰਾਸ਼ਟਰਪਤੀ ਦਾ ਚੋਣ ਸਬੰਧੀ ਹੇਠ ਲਿਖੀਆਂ ਤਾਰੀਖਾਂ ਨਿਸ਼ਚਿਤ ਕੀਤੀਆਂ ਹੁੰਦੀਆਂ ਹਨ :-

(ੳ) ਨਾਮਜ਼ਦਗੀ-ਪੱਤਰ ਦਾਖ਼ਲ ਕਰਨ ਦੀ ਆਖਰੀ ਤਾਰੀਖ।

(ਅ) ਨਾਮਜ਼ਦਗੀ-ਪੱਤਰਾਂ ਦੀ ਜਾਂਚ ਪੜਤਾਲ ਕਰਨ ਦੀ ਤਾਰੀਖ।

(ੲ) ਉਮੀਦਵਾਰਾਂ ਦੁਆਰਾ ਆਪਣੇ ਨਾਂ ਵਾਪਸ ਲੈਣ ਲਈ ਆਖਰੀ ਤਾਰੀਖ।

(ਸ) ਵੋਟਾਂ ਪਾਉਣ ਦੀ ਤਾਰੀਖ।

ਇਹ ਸਾਰੀਆਂ ਤਾਰੀਖਾਂ ਇਸ ਤਰ੍ਹਾਂ ਨਿਸ਼ਚਿਤ ਕੀਤੀਆਂ ਜਾਂਦੀਆਂ ਹਨ ਕਿ ਰਾਸ਼ਟਰਪਤੀ ਦੀ ਪਦਵੀ ਤੇ ਬਿਰਾਜਮਾਨ ਅਧਿਕਾਰੀ ਦਾ ਕਾਰਜਕਾਲ ਖਤਮ ਹੋਣ ਤੋ ਪਹਿਲਾਂ ਨਵੇ ਰਾਸ਼ਟਰਪਤੀ ਦੀ ਚੋਣ ਪੂਰੀ ਕਰ ਲਈ ਜਾਵੇ।

(2) ਮੁੱਖ ਚੋਣ ਅਧਿਕਾਰੀ ਦੀ ਨਿਯੁਕਤੀ– ਚੋਣ ਆਯੋਗ ਭਾਰਤੀ ਸਰਕਾਰ ਦੀ ਸਲਾਹ ਨਾਲ ਰਾਸ਼ਟਰਪਤੀ ਦੀ ਚੋਣ ਕਰਵਾਉਣ ਲਈ ਮੁੱਖ ਚੋਣ ਅਧਿਕਾਰੀ ਦੀ ਨਿਯੁਕਤੀ ਕਰਦਾ ਹੈ। ਇਸ ਅਧਿਕਾਰੀ ਦੀ ਨਿਯੁਕਤੀ ਸਬੰਧੀ ਕਾਫ਼ੀ ਲੰਬੇ ਸਮੇ ਤੋ ਇਹ ਪਰੰਪਰਾ ਬਣੀ ਹੋਈ ਹੈ ਕਿ ਲੋਕ ਸਭਾ ਅਤੇ ਰਾਜ ਸਭਾ ਦੇ ਸੱਕਤਰ ਜਨਰਲ ਵਾਰੋ ਵਾਰੀ ਮੁੱਖ ਚੋਣ ਅਧਿਕਾਰੀ ਨਿਯੁਕਤ ਕੀਤੇ ਜਾਂਦੇ ਹਨ। ਮੁੱਖ ਚੋਣ ਅਧਿਕਾਰੀ ਦੀ ਸਹਾਇਤਾ ਲਈ ਨਵੀਂ ਦਿੱਲੀ ਵਿਖੇ ਹੀ ਇੱਕ ਸਹਾਇਕ ਚੋਣ ਅਧਿਕਾਰੀ ਨਿਯੁਕਤ ਕੀਤਾ ਜਾਂਦਾ ਹੈ। ਇਹ ਅਧਿਕਾਰੀ ਮੁੱਖ ਚੋਣ ਅਧਿਕਾਰੀ ਦੇ ਸਕੱਤਰੇਤ ਤੋਂ ਲਿਆ ਜਾਂਦਾ ਹੈ। ਰਾਜਾਂ ਵਿਚ ਰਾਜ ਵਿਧਾਨ ਸਭਾਵਾਂ ਦੇ ਸਕੱਤਰਾਂ ਨੂੰ ਸਹਾਇਕ ਚੋਣ ਅਧਿਕਾਰੀ ਨਿਯੁਕਤ ਕੀਤਾ ਜਾਂਦਾ ਹੈ ਅਤੇ ਇਹ ਅਧਿਕਾਰੀ ਆਪਣੇ ਆਪਣੇ ਰਾਜ ਦੀ ਰਾਜਧਾਨੀ ਵਿਚ ਰਾਸ਼ਟਰਪਤੀ ਦੀ ਚੋਣ ਲਈ ਵਿਧਾਨ ਸਭਾ ਦੇ ਮੈਬਂਰਾਂ ਦੁਆਰਾ ਮਤਦਾਨ ਦਾ ਪ੍ਰਬੰਧ ਕਰਦੇ ਹਨ।

(3) ਵਿਧਾਨ ਸਭਾਵਾਂ ਦੇ ਮੈਬਂਰਾਂ ਲਈ ਚੋਣ ਸਥਾਨ– ਹਰੇਕ ਰਾਜ ਦੀ ਰਾਜਧਾਨੀ ਵਿਚ ਚੋਣ ਕੇਂਦਰ ਬਣਾਇਆ ਜਾਂਦਾ ਹੈ। ਸਬੰਧਤ ਰਾਜ ਦੀ ਵਿਧਾਨ ਸਭਾ ਦੇ ਮੈਬੰਰ ਉਸ ਚੋਣ ਕੇਂਦਰ ਤੇ ਹੀ ਆਪਣਾ ਮਤਦਾਨ ਕਰਦੇ ਹਨ। ਜੇਕਰ ਕੋਈ ਮੈਬੰਰ ਆਪਣੇ ਚੋਣ ਕੇਂਦਰ ਤੇ ਮਤਦਾਨ ਨਹੀ ਕਰ ਸਕਦਾ ਤਾਂ ਉਸ ਨੂੰ ਨਵੀਂ ਦਿੱਲੀ ਦੇ ਚੋਣ ਕੇਂਦਰ ਤੇ ਆਪਣਾ ਮਤਦਾਨ ਕਰਨ ਲਈ ਚੋਣ ਆਯੋਗ ਦੀ ਵਿਸ਼ੇਸ਼ ਆਗਿਆ ਲੈਣੀ ਪਵੇਗੀ। ਪਾਂਡੀਚਰੀ ਸੰਘ ਖੇਤਰ ਅਤੇ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਦੀਆਂ ਵਿਧਾਨ ਸਭਾਵਾਂ ਦੇ ਮੈਬਂਰਾਂ ਦੇ ਮਤਦਾਨ ਲਈ ਵੀ ਸਬੰਧਤ ਸੰਘ ਖੇਤਰ ਦੀ ਰਾਜਧਾਨੀ ਤੇ ਕੀਤਾ ਜਾਂਦਾ ਹੈ।

(4) ਸੰਸਦ ਦੇ ਮੈਬਂਰਾਂ ਲਈ ਵੋਟਾਂ ਪਾਉਣ ਦੇ ਸਥਾਨ– ਸੰਸਦ ਦੇ ਮੈਬਂਰਾਂ ਲਈ ਚੋਣ ਕੇਂਦਰ ਸੰਸਦ

ਭਵਨ ਨਵੀਂ ਦਿੱਲੀ ਵਿਖੇ ਬਣਾਇਆ ਜਾਂਦਾ ਹੈ। ਸੰਸਦ ਦੇ ਸਾਰੇ ਮੈਂਬਰਾਂ ਲਈ ਇਸ ਚੋਣ ਕੇਂਦਰ ਤੇ ਮਤਦਾਨ ਕਰਨਾ ਜ਼ਰੂਰੀ ਹੈ। ਪਰ ਜੇਕਰ ਕਿਸੇ ਕਾਰਨ ਸੰਸਦ ਦਾ ਕੋਈ ਮੈਂਬਰ ਨਵੀਂ ਦਿੱਲੀ ਵਿਖੇ ਆਪਣਾ ਮਤਦਾਨ ਕਰਨ ਦੇ ਯੋਗ ਨਹੀਂ ਹੈ ਤਾਂ ਚੋਣ ਅਯੋਗ ਉਸ ਮੈਂਬਰ ਨੂੰ ਉਸ ਦੀ ਇੱਛਾ ਅਨੁਸਾਰ ਕਿਸੇ ਰਾਜ ਦੀ ਰਾਜਧਾਨੀ ਵਿਚ ਮਤਦਾਨ ਕਰਨ ਦੀ ਆਗਿਆ ਦੇ ਸਕਦਾ ਹੈ। ਅਜਿਹੇ ਮੈਂਬਰਾਂ ਲਈ ਇਹ ਜ਼ਰੂਰੀ ਹੈ ਕਿ ਉਹ ਚੋਣ ਮਿਤੀ ਤੋਂ ਘੱਟ ਤੋਂ ਘੱਟ 10 ਦਿਨ ਪਹਿਲਾਂ ਚੋਣ ਆਯੋਗ ਨੂੰ ਇਸ ਸਬੰਧੀ ਸੂਚਨਾ ਭੇਜ ਦੇਵੇ।

(5) ਮਤਦਾਨ ਦੀ ਵਿਧੀ – ਰਾਸ਼ਟਰਪਤੀ ਦੀ ਚੋਣ ਅਨੁਪਾਤਿਕ ਪ੍ਰਤੀਨਿਧਤਾ ਪ੍ਰਣਾਲੀ ਦੀ ਇਕਹਿਰੀ ਬਦਲਵੀਂ ਵੋਟ ਪ੍ਰਣਾਲੀ ਦੁਆਰਾ ਕੀਤੀ ਜਾਂਦੀ ਹੈ। ਇਸ ਪ੍ਰਣਾਲੀ ਅਧੀਨ ਹਰੇਕ ਮਤਦਾਤਾ ਨੂੰ ਆਪਣੇ ਮਤ ਪੱਤਰ ਉਤੇ ਉਨੀਆਂ ਤਰਜੀਹਾਂ ਦੇਣ ਦਾ ਅਧਿਕਾਰ ਹੁੰਦਾ ਹੈ ਜਿੰਨੇ ਉਮੀਦਵਾਰ ਚੋਣ ਲੜ ਰਹੇ ਹੁੰਦੇ ਹਨ। ਕਿਸੇ ਵੀ ਚੋਣਕਾਰ ਲਈ ਤਰਜੀਹਾਂ ਦੇਣਾ ਬੰਧਨਕਾਰੀ ਨਹੀਂ ਹੈ।ਚੋਣਕਾਰ ਜਿਸ ਉਮੀਦਵਾਰ ਨੂੰ ਜ਼ਿਆਦਾ ਪਸੰਦ ਕਰਦਾ ਹੈ। ਉਸਨੂੰ ਆਪਣੀ ਪਹਿਲੀ ਤਰਜੀਹ, ਦੂਜੀ ਤਰਜੀਹ, ਕਿਸੇ ਤੀਜੇ ਨੂੰ ਤੀਜੀ ਤਰਜੀਹ ਆਦਿ ਦੇ ਸਕਦਾ ਹੈ। ਜੇਕਰ ਚੋਣਕਾਰ ਅਨਪੜ੍ਹਤਾ ਜਾਂ ਨਜ਼ਰਹੀਣਤਾ ਕਾਰਨ ਮਤ ਸੂਚੀ ਨੂੰ ਨਾ ਪੜ੍ਹ ਸਕਦਾ ਹੋਵੇ ਤਾਂ ਉਸ ਦੀ ਇੱਛਾ ਅਨੁਸਾਰ ਚੋਣ ਅਧਿਕਾਰੀ ਮਤ ਪੱਤਰ ਉਤੇ ਤਰਜੀਹਾਂ ਅੰਕਿਤ ਕਰ ਦੇਵੇਗਾ।

(6) ਵੋਟਾਂ ਦੀ ਗਿਣਤੀ – ਵੋਟਾਂ ਦੀ ਗਿਣਤੀ ਲਈ ਤਾਰੀਖ ਅਤੇ ਸਮਾਂ ਚੋਣ ਆਯੋਗ ਦੁਆਰਾ ਨਿਸ਼ਚਿਤ ਕੀਤੇ ਜਾਂਦੇ ਹਨ। ਵੋਟਾਂ ਦੀ ਗਿਣਤੀ ਨਵੀਂ ਦਿੱਲੀ ਵਿਖੇ ਮੁੱਖ ਚੋਣ ਅਧਿਕਾਰੀ ਦੇ ਦਫ਼ਤਰ ਵਿਚ ਹੁੰਦੀ ਹੈ। ਉਮੀਦਵਾਰ ਜਾਂ ਉਨ੍ਹਾਂ ਦੇ ਪ੍ਰਤੀਨਿੱਧ ਵੋਟਾਂ ਦੀ ਗਿਣਤੀ ਸਮੇ ਹਾਜ਼ਰ ਹੋ ਸਕਦੇ ਹਨ।

(7) ਨਤੀਜੇ ਦੀ ਘੋਸ਼ਣਾ – ਵੋਟਾਂ ਦੀ ਗਿਣਤੀ ਪੂਰੀ ਹੋ ਜਾਣ ਉਪਰੰਤ ਮੁੱਖ ਚੋਣ ਅਧਿਕਾਰੀ ਨਤੀਜੇ ਦੀ ਘੋਸ਼ਣਾ ਕਰਦਾ ਹੈ ਅਤੇ ਇਸ ਸਬੰਧੀ ਆਪਣੀ ਰਿਪੋਰਟ ਚੋਣ ਆਯੋਗ ਅਤੇ ਕੇਂਦਰ ਸਰਕਾਰ ਦੋਹਾਂ ਨੂੰ ਭੇਜਦਾ ਹੈ ਇਥੇ ਇਹ ਵਰਨਣਯੋਗ ਹੈ ਕਿ ਚੋਣ ਨਤੀਜਾ ਨਿਸ਼ਚਿਤ ਕਰਨ ਲਈ ਪਹਿਲਾਂ ਸਾਰੇ ਚੋਣਕਾਰਾਂ ਦੁਆਰਾ ਦਿੱਤੀ ਪਹਿਲੀ ਤਰਜੀਹ ਦੀ ਹੀ ਗਿਣਤੀ ਕੀਤੀ ਜਾਂਦੀ ਹੈ। ਪਹਿਲੀ ਤਰਜੀਹ ਦੀ ਗਿਣਤੀ ਕਰਨ ਮਗਰੋਂ ਜਿੱਤਣ ਲਈ ਕੋਟਾ ਨਿਸ਼ਚਿਤ ਕੀਤਾ ਜਾਂਦਾ ਹੈ। ਕੋਟਾ ਨਿਸ਼ਚਿਤ ਕਰਨ ਦੀ ਵਿਧੀ ਪਾਠ ਵਿੱਚ ਪਹਿਲਾ ਦੱਸੀ ਜਾ ਚੁੱਕੀ ਹੈ। ਕੋਟਾ ਨਿਸ਼ਚਿਤ ਕਰਨ ਮਗਰੋਂ ਹਰੇਕ ਉਮੀਦਵਾਰ ਦੇ ਪੱਖ ਵਿਚ ਦਿੱਤੀਆਂ ਗਈਆਂ ਪਹਿਲੀਆਂ ਤਰਜੀਹਾਂ ਦੀ ਗਿਣਤੀ ਕੀਤੀ ਜਾਂਦੀ ਹੈ। ਜੇਕਰ ਕੋਈ ਉਮੀਦਵਾਰ ਨਿਸ਼ਚਿਤ ਕੋਟਾ ਪ੍ਰਾਪਤ ਕਰ ਲੈਂਦਾ ਹੈ ਤਾਂ ਉਸਨੂੰ ਰਾਸ਼ਟਰਪਤੀ ਦੀ ਪਦਵੀ ਲਈ ਸਫਲ ਘੋਸ਼ਿਤ ਕਰ ਦਿੱਤਾ ਜਾਂਦਾ ਹੈ । ਜੇਕਰ ਕਿਸੇ ਵੀ ਉਮੀਦਵਾਰ ਨੂੰ ਨਿਸ਼ਚਿਤ ਕੋਟਾ ਪ੍ਰਾਪਤ ਨਹੀ ਹੁੰਦਾ ਤਾਂ ਸਭ ਤੋ ਘੱਟ ਪਹਿਲੀ ਤਰਜੀਹ ਦੀਆਂ ਵੋਟਾਂ ਪ੍ਰਾਪਤ ਕਰਨ ਵਾਲੇ ਉਮੀਦਵਾਰ ਨੂੰ ਮੁਕਾਬਲੇ ਵਿਚੋ ਖਾਰਜ ਕਰ ਦਿੱਤਾ ਜਾਂਦਾ ਹੈ ਅਤੇ ਉਸਦੇ ਪੱਖ ਵਿਚ ਪਈਆਂ ਪਹਿਲੀਆਂ ਤਰਜੀਹ ਦੀਆ ਵੋਟਾਂ ਉਨ੍ਹਾਂ ਵਿਚ ਦਰਸਾਈ ਗਈ ਦੂਜੀ ਤਰਜੀਹ ਅਨੁਸਾਰ ਬਾਕੀ ਦੇ ਉਮੀਦਵਾਰਾਂ ਵਿਚ ਵੰਡ ਦਿੱਤੀਆਂ ਜਾਂਦੀਆਂ ਹਨ। ਤਰਜੀਹਾਂ ਦੇ ਆਧਾਰ ਤੇ ਵੋਟਾਂ ਦੀ ਤਬਦੀਲੀ ਕਰਨ ਦਾ ਕੰਮ ਉਦੋ ਤੱਕ ਚਲਦਾ ਰਹਿੰਦਾ ਹੈ ਜਦੋਂ ਤੱਕ ਕੋਈ ਉਮੀਦਵਾਰ ਵੋਟਾਂ ਦਾ ਨਿਸ਼ਚਿਤ ਕੋਟਾ ਪ੍ਰਾਪਤ ਨਹੀਂ ਕਰ ਲੈਂਦਾ। ਸੁਤੰਤਰ ਭਾਰਤ ਦੇ ਇਤਿਹਾਸ ਵਿਚ ਕੇਵਲ 1969 ਵਿੱਚ ਤਰਜੀਹਾਂ ਦੇ ਆਧਾਰ ਤੇ ਵੋਟਾਂ ਦੀ ਵੰਡ ਕਰਨ ਦੀ ਲੋੜ ਪਈ ਸੀ। 1969 ਵਿੱਚ ਹੋਈ ਰਾਸ਼ਟਰਪਤੀ ਦੀ ਚੋਣ ਵਿਚ ਕੋਈ ਵੀ ਉਮੀਦਵਾਰ ਪਹਿਲੀ ਤਰਜੀਹ ਦੀ ਗਿਣਤੀ ਵਿਚ ਨਿਸ਼ਚਿਤ ਕੋਟਾ ਪ੍ਰਾਪਤ ਨਹੀ ਕਰ ਸਕਿਆ ਸੀ। ਤਰਜੀਹ ਦੇ ਆਧਾਰ ਤੇ ਵੋਟਾਂ ਦੀ ਤਬਦੀਲੀ ਦੇ ਫਲਸਰੂਪ ਕਾਂਗਰਸ ਪਾਰਟੀ ਦੇ ਉਮੀਦਵਾਰ ਸ੍ਰੀ ਨੀਲਮ ਸੰਜੀਵਾ ਰੈਡੀ ਦੇ ਮੁਕਾਬਲੇ ਸੁਤੰਤਰ ਉਮੀਦਵਾਰ ਸ੍ਰੀ.ਵੀ.ਵੀ ਗਿਰੀ ਰਾਸ਼ਟਰਪਤੀ ਦੀ ਪਦਵੀ ਲਈ ਚੁਣੇ ਗਏ ਸਨ।ਜੁਲਾਈ 2012 ਵਿੱਚ ਪ੍ਰਨਬ ਮੁਕਰਜੀ ਦੇਸ਼ ਦੇ ਰਾਸ਼ਟਰਪਤੀ ਚੁਣੇ ਗਏ ਹਨ।

ਸਹੁੰ ਚੁੱਕਣ ਦੀ ਰਸਮ – ਭਾਰਤੀ ਸੰਵਿਧਾਨ ਅਨੁਸਾਰ ਰਾਸ਼ਟਰਪਤੀ ਦੀ ਪਦਵੀ ਸੰਭਾਲਣ ਤੋਂ ਪਹਿਲਾਂ ਚੁਣੇ ਗਏ ਵਿਅਕਤੀ ਨੂੰ ਸੰਸਦ ਭਵਨ ਦੇ ਕੇਂਦਰੀ ਹਾਲ ਵਿਖੇ ਸਹੁੰ ਚੁੱਕਣੀ ਪੈਂਦੀ ਹੈ। ਸਹੁੰ ਚੁੱਕਣ ਦੀ ਇਸ ਰਸਮ ਵਿਚ ਦੇਸ਼ ਦੀਆਂ ਮਹਾਨ ਹਸਤੀਆ ਆਪਣੇ ਰਸਮੀ ਨਿਸ਼ਚਿਤ ਪਹਿਰਾਵੇ ਵਿਚ ਸ਼ਾਮਿਲ ਹੁੰਦੀਆਂ ਹਨ। ਇਸ ਰਸਮ ਦੀ ਅਗਵਾਈ ਭਾਰਤ ਦੀ ਸਰਵ-ਉੱਚ ਅਦਾਲਤ ਦਾ ਮੁੱਖ ਜੱਜ ਕਰਦਾ ਹੈ। ਭਾਰਤ ਦਾ ਮੁੱਖ

ਜੱਜ ਹੀ ਚੁਣੇ ਗਏ ਵਿਅਕਤੀ ਨੂੰ ਰਾਸ਼ਟਰਪਤੀ ਦੀ ਪਦਵੀ ਦੀ ਸਹੁੰ ਚੁਕਾਉਂਦਾ ਹੈ। ਸਹੁੰ ਦਾ ਰੂਪ ਭਾਰਤੀ ਸੰਵਿਧਾਨ ਵਿਚ ਅੰਕਿਤ ਹੈ। ਇਸ ਸਹੁੰ ਵਿਚ ਰਾਸ਼ਟਰਪਤੀ ਮੁੱਖ ਤੌਰ ਤੇ ਹੇਠ ਲਿਖੀਆਂ ਪ੍ਰਤਿਗਿਆਵਾਂ ਕਰਦਾ ਹੈ –

(ੳ) ਰਾਸ਼ਟਰਪਤੀ ਦੀ ਪਦਵੀ ਦੇ ਕੰਮ ਵਫ਼ਾਦਾਰੀ ਸਹਿਤ ਕਰਨ ਦੀ ਪ੍ਰਤਿਗਿਆ।

(ਅ) ਭਾਰਤੀ ਸੰਵਿਧਾਨ ਅਤੇ ਕਾਨੂੰਨ ਨੂੰ ਆਪਣੀ ਪੂਰੀ ਯੋਗਤਾ ਸਹਿਤ ਸੁਰੱਖਿਆ ਰੱਖਣ ਦੀ ਪ੍ਰਤਿਗਿਆ।

(ੲ) ਭਾਰਤ ਦੇ ਲੋਕਾਂ ਦੀ ਭਲਾਈ ਅਤੇ ਸੇਵਾ ਵਿਚ ਆਪਣੇ ਆਪ ਨੂੰ ਲਗਾਉਣ ਦੀ ਪ੍ਰਤਿਗਿਆ।

2.2.4 ਰਾਸ਼ਟਰਪਤੀ ਦੀ ਚੋਣ ਵਿਧੀ ਦੀ ਆਲੋਚਨਾ

ਰਾਸ਼ਟਰਪਤੀ ਦੀ ਚੋਣ ਵਿਧੀ ਵਿਚ ਕੁਝ ਦੋਸ਼ ਹਨ। ਕੁੱਝ ਮਹੱਤਵਪੂਰਨ ਦੋਸ਼ਾਂ ਦਾ ਵਰਨਣ ਇਸ ਪ੍ਰਕਾਰ ਹੈ :–

(1) ਇਹ ਅਨੁਪਾਤਿਕ ਪ੍ਰਤੀਨਿਧਤਾ ਨਹੀਂ ਸਗੋਂ ਤਰਜੀਹ ਵੋਟ ਪ੍ਰਣਾਲੀ ਹੈ – ਅਨੁਪਾਤਿਕ ਪ੍ਰਤੀਨਿਧਤਾ ਪ੍ਰਣਾਲੀ ਲਾਗੂ ਕਰਨ ਲਈ ਇਹ ਜ਼ਰੂਰੀ ਹੈ ਕਿ ਬਹੁ ਮੈਂਬਰੀ ਚੋਣ ਖੇਤਰ ਹੋਵੇ ਬਹੁ ਮੈਂਬਰੀ ਚੋਣ ਖੇਤਰ ਦਾ ਅਰਥ ਇਹ ਹੈ ਕਿ ਇੱਕ ਚੋਣ ਖੇਤਰ ਵਿਚੋਂ ਤਿੰਨ ਜਾਂ ਤਿੰਨ ਤੋ ਜ਼ਿਆਦਾ ਉਮੀਦਵਾਰ ਚੁਣੇ ਜਾਂਦੇ ਹਨ। ਪਰ ਰਾਸ਼ਟਰਪਤੀ ਦੀ ਪਦਵੀ ਲਈ ਬਹੁ ਮੈਂਬਰੀ ਚੋਣ ਖੇਤਰ ਨਹੀ ਹੋ ਸਕਦਾ। ਕਿਉਂਕਿ ਕੇਵਲ ਇਕ ਹੀ ਰਾਸ਼ਟਰਪਤੀ ਚੁਣਿਆ ਜਾਣਾ ਹੁੰਦਾ ਹੈ। ਇਹ ਪ੍ਰਣਾਲੀ ਅਸਲ ਵਿਚ ਤਰਜੀਹ ਵੋਟ ਪ੍ਰਣਾਲੀ ਹੈ। ਸੰਵਿਧਾਨ ਵਿਚ ਸੋਧ ਕਰਕੇ ਅਨੁਪਾਤਿਕ ਪ੍ਰਤੀਨਿਧਤਾ ਪ੍ਰਣਾਲੀ ਦੀ ਥਾਂ ਤਰਜੀਹ ਵੋਟ ਪ੍ਰਣਾਲੀ ਦੀ ਵਿਵਸਥਾ ਕੀਤੀ ਜਾਣੀ ਚਾਹੀਦੀ ਹੈ।

(2) ਤਰਜੀਹਾਂ ਦੇਣਾ ਕਾਨੂੰਨੀ ਬੰਦਸ਼ ਨਹੀਂ– ਚੋਣਕਾਰਾਂ ਲਈ ਸਾਰੀਆਂ ਤਰਜੀਹਾਂ ਦੀ ਵਰਤੋਂ ਕਰਨੀ ਬੰਧਨਕਾਰੀ ਨਹੀ ਹੈ।ਕਈ ਚੋਣਕਾਰ ਉਨੀਆਂ ਤਰਜੀਹਾਂ ਦੀ ਵਰਤੋਂ ਨਹੀਂ ਕਰਦੇ ਜਿੰਨੀਆਂ ਤਰਜੀਹਾਂ ਦੇਣ ਦਾ ਉਹਨਾ ਨੂੰ ਅਧਿਕਾਰ ਹੁੰਦਾ ਹੈ। ਅਜਿਹੇ ਹਾਲਤ ਕੁਝ ਮੁਸ਼ਕਲਾਂ ਪੈਦਾ ਕਰ ਸਕਦੇ ਹਨ। ਜੇਕਰ ਬਹੁਤ ਸਾਰੇ ਚੋਣਕਾਰਾਂ ਨੇ ਤਰਜੀਹਾਂ ਦਿੱਤੀਆਂ ਹੀ ਨਾ ਹੋਣ ਅਤੇ ਪਹਿਲੀ ਤਰਜੀਹ ਦੀ ਗਿਣਤੀ ਵਿਚ ਕਿਸੇ ਉਮੀਦਵਾਰ ਨੂੰ ਵੋਟਾਂ ਦਾ ਨਿਸ਼ਚਿਤ ਕੋਟਾ ਪ੍ਰਾਪਤ ਨਾ ਹੋਵੇ ਤਾਂ ਅਜਿਹੀ ਸਥਿਤੀ ਵਿਚ ਸੰਵਿਧਾਨਕ ਸੱਮਸਿਆਂ ਪੈਦਾ ਹੋ ਸਕਦੀ ਹੈ। ਅਜਿਹੀ ਸੰਭਾਵਨਾ ਨੂੰ ਖਤਮ ਕਰਨ ਲਈ ਚੋਣਕਾਰਾਂ ਦੁਆਰ ਤਰਜੀਹ ਦੀ ਵਰਤੋ ਕਰਨੀ ਕਾਨੂੰਨੀ ਤੌਰ ਤੇ ਲਾਜ਼ਮੀ ਹੋਣੀ ਚਾਹੀਦੀ ਹੈ।

(3) ਵੱਖ–ਵੱਖ ਰਾਜਾਂ ਦੀ ਪ੍ਰਤੀਨਿਧਤਾ ਵਿਚ ਅਸਮਾਨਤਾ ਹੈ – ਸੰਵਿਧਾਨਕਾਰਾਂ ਦੀ ਇਹ ਇੱਛਾ ਸੀ ਕਿ ਰਾਸ਼ਟਰਪਤੀ ਦੀ ਚੋਣ ਵਿਚ ਵੱਖ ਵੱਖ ਰਾਜਾਂ ਦੀ ਪ੍ਰਤੀਨਿਧਤਾ ਵਿਚ ਸਮਾਨਤਾ ਹੋਵੇ। ਇਸ ਮੰਤਵ ਦੀ ਪ੍ਰਾਪਤੀ ਲਈ ਉਹਨਾਂ ਨੇ ਵਿਧਾਨ ਸਭਾ ਦੇ ਇਕ ਮੈਂਬਰ ਦੀਆਂ ਵੋਟਾਂ ਦੀ ਗਿਣਤੀ ਨਿਸ਼ਚਿਤ ਕਰਨ ਲਈ ਸੰਵਿਧਾਨ ਵਿਚ ਇੱਕ ਫਾਰਮੂਲਾ ਨਿਸ਼ਚਿਤ ਕੀਤਾ ਹੈ, ਪਰ ਉਸ ਦੇ ਫਾਰਮੂਲੇ ਦੁਆਰਾ ਵੱਖ ਵੱਖ ਰਾਜਾਂ ਦੀ ਪ੍ਰਤੀਨਿਧਤਾ ਵਿਚ ਸਮਾਨਤਾ ਕਾਇਮ ਨਹੀ ਹੁੰਦੀ।

(4) ਚੋਣ ਦਲਾਂ ਦੇ ਅਧਾਰ ਤੇ – ਸੰਵਿਧਾਨ ਨਿਰਮਾਤਾ ਇਹ ਚਾਹੁੰਦੇ ਸਨ ਕਿ ਰਾਸ਼ਟਰਪਤੀ ਦੀ ਚੋਣ ਰਾਜਨੀਤੀ ਤੋਂ ਸੁਤੰਤਰ ਹੋਵੇ, ਪਰ ਵਿਵਹਾਰ ਵਿਚ ਰਾਸ਼ਟਰਪਤੀ ਦੀ ਚੋਣ ਦਲ ਰਾਜਨੀਤੀ ਦੇ ਅਧਾਰ ਤੇ ਹੀ ਹੁੰਦੀ ਹੈ। ਦਲ ਰਾਜਨੀਤੀ ਦੇ ਅਧਾਰ ਤੇ ਚੁਣੇ ਗਏ ਰਾਸ਼ਟਰਪਤੀ ਦੁਆਰਾ ਸਮੁੱਚੇ ਰਾਸ਼ਟਰ ਦੇ ਪ੍ਰਤੀਨਿੱਧ ਦੇ ਤੌਰ ਤੇ ਕੰਮ ਕਰਨ ਦੀ ਘੱਟ ਸੰਭਾਵਨਾ ਹੋ ਸਕਦੀ ਹੈ।

(5) ਅਨਪੜ੍ਹ ਚੋਣਕਾਰਾਂ ਲਈ ਮੁਸ਼ਕਲਾਂ – ਰਾਜ ਵਿਧਾਨ ਸਭਾਵਾਂ ਅਤੇ ਸੰਸਦ ਦੇ ਮੈਂਬਰਾਂ ਲਈ ਕੋਈ ਵਿਦਿਅਕ ਯੋਗਤਾਵਾਂ ਨਿਸ਼ਚਿਤ ਨਹੀ ਕੀਤੀਆਂ ਗਈਆਂ ਹਨ। ਅਨਪੜ੍ਹ ਵਿਅਕਤੀ ਵੀ ਇਹਨਾਂ ਸੰਸਥਾਵਾਂ ਦੇ ਮੈਂਬਰ ਚੁਣੇ ਜਾ ਸਕਦੇ ਹਨ। ਅਜਿਹੇ ਮੈਂਬਰਾਂ ਲਈ ਰਾਸ਼ਟਰਪਤੀ ਦੀ ਚੋਣ ਪ੍ਰਣਾਲੀ ਨੂੰ ਪੂਰੇ ਤੌਰ ਤੇ ਸਮਝਣਾ ਹੀ ਮੁਸ਼ਕਲ ਹੁੰਦਾ ਹੈ। ਇਸ ਤੋ ਇਲਾਵਾ ਲਿਖਤੀ ਤੌਰ ਤੇ ਆਪਣੀਆਂ ਤਰਜੀਹਾਂ ਦੀ ਵਰਤੋਂ ਕਰਨ ਵਿਚ ਵੀ ਉਹਨਾਂ ਨੂੰ ਕਈ ਮੁਸ਼ਕਲਾਂ ਪੇਸ਼ ਆ ਸਕਦੀਆਂ ਹਨ।

ਰਾਸ਼ਟਰਪਤੀ ਦੀਆਂ ਸ਼ਕਤੀਆਂ

ਭਾਰਤ ਦਾ ਰਾਸ਼ਟਰਪਤੀ ਨਾਂ-ਮਾਤਰ ਕਾਰਜਪਾਲਕਾ ਹੈ। ਪਰੰਤੂ ਸੰਵਿਧਾਨ ਨੇ ਉਸਨੂੰ ਕਈ ਪ੍ਰਕਾਰ ਦੀਆਂ ਮਹੱਤਵਪੂਰਨ ਸ਼ਕਤੀਆ ਦਿੱਤੀਆਂ ਹਨ, ਰਾਸ਼ਟਰਪਤੀ ਦੀਆਂ ਸ਼ਕਤੀਆਂ ਅਤੇ ਵੱਖ ਵੱਖ ਖੇਤਰਾਂ ਵਿਚ ਉਸਦੀ ਭੂਮਿਕਾ ਇਸ ਪ੍ਰਕਾਰ ਹੈ –

2.2.5 ਕਾਰਜਕਾਰੀ ਸ਼ਕਤੀਆਂ

ਸੰਵਿਧਾਨ ਅਨੁਸਾਰ ਸੰਘ ਦੀਆ ਸਮੁੱਚੀਆਂ ਕਾਰਜਕਾਰੀ ਸ਼ਕਤੀਆਂ ਰਾਸ਼ਟਰਪਤੀ ਨੂੰ ਸੌਂਪੀਆਂ ਗਈਆਂ ਹਨ। ਰਾਸ਼ਟਰਪਤੀ ਦੀਆਂ ਕਾਰਜਕਾਰੀ ਸ਼ਕਤੀਆਂ ਨੂੰ ਅਸੀ ਹੇਠ ਲਿਖੇ ਵੱਖ ਵੱਖ ਸਿਰਲੇਖਾਂ ਅਧੀਨ ਵਰਨਣ ਕਰ ਸਕਦੇ ਹਾਂ –

(1) ਮੰਤਰੀ ਪਰਿਸ਼ਦ ਦਾ ਨਿਰਮਾਣ – ਮੰਤਰੀ ਪਰਿਸ਼ਦ ਦਾ ਨਿਰਮਾਣ ਕਰਨ ਸਬੰਧੀ ਰਾਸ਼ਟਰਪਤੀ ਮਹੱਤਵਪੂਰਨ ਭੂਮਿਕਾ ਨਿਭਾਉਂਦਾਂ ਹੈ। ਪ੍ਰਧਾਨ ਮੰਤਰੀ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ। ਜਦੋ ਕਿਸੇ ਇੱਕ ਰਾਜਨੀਤਿਕ ਦਲ ਦਾ ਲੋਕ ਸਭਾ ਵਿਚ ਸਪਸ਼ਟ ਬਹੁਮਤ ਪ੍ਰਾਪਤ ਹੁੰਦਾ ਹੈ ਤਾਂ ਪ੍ਰਧਾਨ ਮੰਤਰੀ ਦੀ ਨਿਯੁਕਤੀ ਸਬੰਧੀ ਰਾਸ਼ਟਰਪਤੀ ਨੂੰ ਕਿਸੇ ਸਮੱਸਿਆ ਦਾ ਸਾਹਮਣਾ ਨਹੀ ਕਰਨਾ ਪੈਂਦਾ ਹੈ। ਉਹ ਉਸ ਦਲ ਦੇ ਨੇਤਾ ਨੂੰ ਪ੍ਰਧਾਨ ਮੰਤਰੀ ਨਿਯੁਕਤ ਕਰ ਦਿੰਦਾ ਹੈ ਜਿਸ ਨੂੰ ਲੋਕ ਸਭਾ ਵਿਚ ਬਹੁਮਤ ਦਾ ਸਮਰੱਥਨ ਪ੍ਰਾਪਤ ਹੁੰਦਾ ਹੈ। ਪਰ ਜਦੋ ਕਿਸੇ ਵੀ ਰਾਜਨੀਤਿਕ ਦਲ ਨੂੰ ਲੋਕ ਸਭਾ ਵਿਚ ਸਪਸ਼ਟ ਬਹੁਮਤ ਪ੍ਰਾਪਤ ਨਹੀ ਹੁੰਦਾਂ ਤਾਂ ਰਾਸ਼ਟਰਪਤੀ ਨੂੰ ਸਾਰੇ ਹਾਲਾਤ ਦਾ ਪੂਰਨ ਨਿਰੀਖਣ ਕਰਨਾ ਪੈਂਦਾ ਹੈ ਅਤੇ ਉਹ ਉਸ ਵਿਅਕਤੀ ਨੂੰ ਪ੍ਰਧਾਨ ਮੰਤਰੀ ਨਿਯੁਕਤ ਕਰਦਾ ਹੈ ਜੋ ਉਸਦੀ ਦ੍ਰਿਸ਼ਟੀ ਵਿਚ ਸਥਿਰ ਸਰਕਾਰ ਦਾ ਸੰਚਾਲਨ ਕਰ ਸਕਦਾ ਹੈ। ਅਜਿਹੀ ਸਥਿਤੀ ਵਿਚ ਰਾਸ਼ਟਰਪਤੀ ਆਪਣੀ ਇੱਛਕ ਸ਼ਕਤੀ ਦੀ ਵਰਤੋ ਕਰਦਾ ਹੈ ਅਤੇ ਨਿਯੁਕਤ ਕੀਤੇ ਪ੍ਰਧਾਨ ਮੰਤਰੀ ਨੂੰ ਨਿਸ਼ਚਿਤ ਸਮੇ ਦੇ ਅੰਦਰ ਲੋਕ ਸਭਾ ਦਾ ਵਿਸ਼ਵਾਸ ਮਤ ਪ੍ਰਾਪਤ ਕਰਨ ਦਾ ਨਿਰਦੇਸ਼ ਦਿੰਦਾ ਹੈ। ਦੂਜੇ ਮੰਤਰੀਆ ਦੀ ਨਿਯੁਕਤੀ ਵੀ ਰਾਸ਼ਟਰਪਤੀ ਪ੍ਰਧਾਨ ਮੰਤਰੀ ਦੀ ਸਲਾਹ ਅਨੁਸਾਰ ਕਰਦਾ ਹੈ ਅਤੇ ਮੰਤਰੀਆਂ ਵਿਚ ਵਿਭਾਗਾਂ ਵੀ ਵੰਡ ਦੀ ਪ੍ਰਧਾਨ ਮੰਤਰੀ ਦੀ ਇੱਛਾ ਅਨੁਸਾਰ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ।

(2) ਨਿਯੁਕਤੀਆਂ – ਰਾਸ਼ਟਰਪਤੀ ਨੂੰ ਕਈ ਮਹੱਤਵਪੂਰਨ ਨਿਯੁਕਤੀਆਂ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ। ਉਹਨਾਂ ਵਿੱਚੋ ਕੁਝ ਪ੍ਰਮੁੱਖ ਨਿਯੁਕਤੀਆਂ ਇਸ ਪ੍ਰਕਾਰ ਹਨ–

(ੳ) ਅਟਾਰਨੀ ਜਨਰਲ, (ਅ) ਕੰਟਰੋਲਰ ਅਤੇ ਆਡੀਟਰ ਜਨਰਲ (ੲ) ਸਰਵ ਉਚ ਅਦਾਲਤ ਅਤੇ ਉਚ ਅਦਾਲਤਾਂ ਦੇ ਜੱਜ, (ਸ) ਰਾਜਪਾਲ, (ਹ) ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰ (ਕ) ਵਿਦੇਸ਼ਾਂ ਵਿਚ ਜਾਣ ਵਾਲੇ ਰਾਜਦੂਤ। ਇਨ੍ਹਾਂ ਤੋ ਇਲਾਵਾ ਰਾਸ਼ਟਰਪਤੀ ਹੇਠ ਲਿਖੇ ਆਯੋਗਾਂ ਦੇ ਪ੍ਰਧਾਨਾਂ ਅਤੇ ਮੈਬਰਾਂ ਨੂੰ ਨਿਯੁਕਤ ਕਰਦਾ ਹੈ।

(ੳ) ਅੰਤਰ ਰਾਜੀ ਪਰਿਸ਼ਦ
(ਅ) ਸੰਘੀ ਲੋਕ ਸੇਵਾ ਆਯੋਗ
(ੲ) ਵਿੱਤ ਆਯੋਗ
(ਸ) ਚੋਣ ਆਯੋਗ
(ਹ) ਪਛੜੀਆਂ ਜਾਤੀਆਂ ਤੇ ਕਬੀਲਿਆਂ ਲਈ ਰਾਸ਼ਟਰੀ ਆਯੋਗ
(ਕ) ਰਾਸ਼ਟਰੀ ਮਨੁੱਖੀ ਅਧਿਕਾਰ ਆਯੋਗ
(ਖ) ਘੱਟ ਗਿਣਤੀਆਂ ਲਈ ਰਾਸ਼ਟਰੀ ਆਯੋਗ
(ਗ) ਇਸਤਰੀਆਂ ਲਈ ਰਾਸ਼ਟਰੀ ਆਯੋਗ
(ਘ) ਭਾਸ਼ਾਈ ਆਯੋਗ

ਇਨ੍ਹਾਂ ਆਯੋਗਾਂ ਦੇ ਮੈਬਰਾਂ ਅਤੇ ਪ੍ਰਧਾਨਾਂ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ। ਇਹ ਗੱਲ ਵਰਨਣਯੋਗ ਹੈ ਕਿ ਸੰਸਦੀ ਪ੍ਰਣਾਲੀ ਹੋਣ ਕਾਰਨ ਰਾਸ਼ਟਰਪਤੀ ਇਹ ਨਿਯੁਕਤੀਆਂ ਮੰਤਰੀ ਮੰਡਲ ਦੀ ਸਲਾਹ ਨਾਲ ਹੀ ਕਰਦਾ ਹੈ।

(3) ਸੈਨਿਕ ਖੇਤਰ ਸਬੰਧੀ ਸ਼ਕਤੀਆਂ – ਰਾਸ਼ਟਰਪਤੀ ਸੁਰੱਖਿਆਂ ਸੈਨਾਵਾਂ ਦਾ ਸਰਵ ਉਚ ਸੈਨਾਪਤੀ ਹੈ। ਉਹ ਹਥਿਆਰਬੰਦ ਸੈਨਾਵਾਂ ਨੂੰ ਕਾਨੂੰਨ ਅਨੁਸਾਰ ਕੋਈ ਵੀ ਆਦੇਸ਼ ਦੇ ਸਕਦਾ ਹੈ। ਇਹ ਗੱਲ ਵਰਨਣਯੋਗ ਹੈ ਕਿ ਰਾਸ਼ਟਰਪਤੀ ਦੀਆਂ ਸੈਨਿਕ ਸ਼ਕਤੀਆਂ ਕਾਨੂੰਨ ਦੁਆਰਾ ਨਿਯਮਤ ਹਨ। ਰਾਸ਼ਟਰਪਤੀ ਸੰਸਦ ਦੀ ਪ੍ਰਵਾਨਗੀ ਤੋ ਬਿਨਾਂ ਯੁੱਧ ਦੀ ਘੋਸ਼ਣਾ ਜਾਂ ਹਥਿਆਰਬੰਦ ਸੈਨਾਵਾਂ ਦੀ ਵਰਤੋ ਨਹੀ ਕਰ ਸਕਦਾ ।

(4) ਕੂਟਨੀਤਿਕ ਸ਼ਕਤੀਆਂ – ਵਿਦੇਸ਼ੀ ਮਾਮਲਿਆਂ ਵਿਚ ਰਾਸ਼ਟਰਪਤੀ ਭਾਰਤ ਦੀ ਪ੍ਰਤੀਨਿਧਤਾ ਕਰਦਾ ਹੈ। ਵਿਦੇਸ਼ਾਂ ਵਿਚ ਭੇਜੇ ਜਾਣ ਵਾਲੇ ਰਾਜਦੂਤ ਉਸ ਦੁਆਰਾ ਹੀ ਨਿਯੁਕਤ ਕੀਤੇ ਜਾਂਦੇ ਹਨ। ਇਸ ਤੋ ਇਲਾਵਾਂ ਵਿਦੇਸ਼ਾਂ ਤੋ ਆਏ ਰਾਜਦੂਤਾਂ ਨੂੰ ਰਾਸ਼ਟਰਪਤੀ ਹੀ ਸਵੀਕਾਰ ਕਰਦਾ ਹੈ। ਵਿਦੇਸ਼ਾਂ ਨਾਲ ਕੀਤੀਆਂ ਸੰਧੀਆਂ ਤੇ ਸਮਝੌਤੇ ਰਾਸ਼ਟਰਪਤੀ ਦੇ ਨਾਂ ਉਤੇ ਹੀ ਕੀਤੇ ਜਾਂਦੇ ਹਨ।

(5) ਫੁਟਕਲ ਕਾਰਜਕਾਰੀ ਸ਼ਕਤੀਆਂ – ਰਾਸ਼ਟਰਪਤੀ ਨੂੰ ਹੇਠ ਲਿਖੀਆਂ ਫੁਟਕਲ ਕਾਰਜਕਾਰੀ ਸ਼ਕਤੀਆ ਪ੍ਰਾਪਤ ਹਨ –

(ੳ) ਰਾਸ਼ਟਰਪਤੀ ਸੁਪਰੀਮ ਕੋਰਟ ਦੇ ਕਰਮਚਾਰੀਆਂ ਦੀ ਨਿਯੁਕਤੀ ਸਬੰਧੀ, ਸੰਸਦ ਦੇ ਦੋਵੇ ਸਦਨਾਂ ਦੀ ਸਾਂਝੀ ਬੈਠਕ ਸਬੰਧੀ ਕੰਟਰੋਲਰ ਅਤੇ ਆਡੀਟਰ ਜਰਨਲ ਦੀਆਂ ਪ੍ਰਸ਼ਾਸਕੀ ਸ਼ਕਤੀਆਂ ਸਬੰਧੀ, ਸੰਘੀ ਸੇਵਾਵਾਂ ਵਿਚ ਭਰਤੀ ਆਦਿ ਸਬੰਧੀ, ਨਿਯਮ ਬਣਾ ਸਕਦਾ ਹੈ।

(ਅ) ਰਾਸ਼ਟਰਪਤੀ ਰਾਜ ਸਰਕਾਰਾਂ ਨੂੰ ਸਮੇਂ ਸਮੇਂ ਤੇ ਉਚਿਤ ਹਦਾਇਤਾਂ ਭੇਜਦਾ ਹੈ ਉਹ ਰਾਜ ਸਰਕਾਰ ਨੂੰ ਸੰਘੀ ਕਾਨੂੰਨ ਪਾਲਣਾ ਲਈ ਆਦੇਸ਼ ਦੇ ਸਕਦਾ ਹੈ।

(ੲ) ਕੇਦੰਰੀ ਪ੍ਰਦੇਸ਼ਾਂ ਜਾਂ ਸੰਘ ਖੇਤਰਾਂ ਦਾ ਪ੍ਰਸ਼ਾਸਨ ਰਾਸ਼ਟਰਪਤੀ ਦੇ ਨਾਂ ਤੇ ਚਲਦਾ ਹੈ।

(ਸ) ਉਸ ਨੂੰ ਸੰਘ ਦੇ ਸਭ ਮਾਮਲਿਆਂ ਸਬੰਧੀ ਸੂਚਨਾ ਪ੍ਰਾਪਤ ਕਰਨ ਦਾ ਅਧਿਕਾਰ ਹੈ। ਰਾਸ਼ਟਰਪਤੀ ਸੰਘ ਦੇ ਪ੍ਰਸ਼ਾਸਨ ਅਤੇ ਕਾਨੂੰਨ ਨਿਰਮਾਣ ਦੀਆਂ ਪ੍ਰਸਤਾਵਿਤ ਯੋਜਨਾਵਾਂ ਸਬੰਧੀ ਲੋੜੀਂਦੀ ਸੂਚਨਾ ਦੀ ਆਪ ਵੀ ਮੰਗ ਕਰ ਸਕਦਾ ਹੈ। ਰਾਸ਼ਟਰਪਤੀ ਦੁਆਰਾ ਮੰਗੀ ਸੂਚਨਾ ਰਾਸ਼ਟਰਪਤੀ ਨੂੰ ਦੇਣੀ ਪ੍ਰਧਾਨ ਮੰਤਰੀ ਦਾ ਸੰਵਿਧਾਨਿਕ ਕਰੱਤਵ ਹੈ।

2.2.6 ਵਿਧਾਨਿਕ ਸ਼ਕਤੀਆਂ

ਰਾਸ਼ਟਰਪਤੀ ਨੂੰ ਸੰਵਿਧਾਨ ਦੁਆਰਾ ਨਿਮਨ ਮਹੱਤਵਪੂਰਨ ਵਿਧਾਨਿਕ ਸ਼ਕਤੀਆਂ ਪ੍ਰਦਾਨ ਕੀਤੀਆ ਗਈਆਂ ਹਨ।

ਸੰਸਦ ਦੀ ਬਣਤਰ ਅਤੇ ਕਾਰਜ-ਪ੍ਰਣਾਲੀ ਸਬੰਧੀ ਸ਼ਕਤੀਆਂ

(1) ਰਾਸ਼ਟਰਪਤੀ ਸੰਸਦ ਦਾ ਸਮਾਗਮ ਬੁਲਾ ਸਕਦਾ ਹੈ, ਉਸ ਨੂੰ ਮੁਲਤਵੀ ਕਰ ਸਕਦਾ ਹੈ ਅਤੇ ਲੋਕ ਸਭਾ ਨੂੰ ਭੰਗ ਕਰ ਸਕਦਾ ਹੈ। ਸੰਸਦ ਦਾ ਸਮਾਗਮ ਬੁਲਾਉਣ ਸਬੰਧੀ ਰਾਸ਼ਟਰਪਤੀ ਦੀ ਸ਼ਕਤੀ ਉਪਰ ਸੰਵਿਧਾਨਿਕ ਰੋਕ ਇਹ ਹੈ ਕਿ ਪਹਿਲੇ ਸਮਾਗਮ ਦੀ ਆਖ਼ਰੀ ਤਾਰੀਖ਼ ਅਤੇ ਦੂਸਰੇ ਸਮਾਗਮ ਦੀ ਪਹਿਲੀ ਤਾਰੀਖ਼ ਵਿਚਕਾਰ ਛੇ ਮਹੀਨੇ ਤੋ ਵੱਧ ਸਮੇਂ ਦਾ ਅੰਤਰ ਨਹੀ ਹੋ ਸਕਦਾ।

(2) ਰਾਸ਼ਟਰਪਤੀ ਸੰਸਦ ਦੇ ਇੱਕ ਸਦਨ ਜਾਂ ਦੋਵੇ ਸਦਨਾਂ ਦੀ ਸੰਯੁਕਤ ਬੈਠਕ ਵਿਚ ਭਾਸ਼ਣ ਦੇ ਸਕਦਾ ਹੈ।

(3) ਰਾਸ਼ਟਰਪਤੀ ਸੰਸਦ ਵਿਚ ਕਿਸੇ ਵਿਚਾਰ ਅਧੀਨ ਬਿਲ ਸਬੰਧੀ ਸੰਦੇਸ਼ ਭੇਜ ਸਕਦਾ ਹੈ। ਰਾਸ਼ਟਰਪਤੀ ਦੇ ਅਜਿਹੇ ਸੰਦੇਸ਼ ਉਤੇ ਸੰਸਦ ਨੂੰ ਜ਼ਰੂਰ ਵਿਚਾਰ ਕਰਨਾ ਪੈਂਦਾ ਹੈ।

(4) ਨਵੀ ਸੰਸਦ ਦਾ ਪਹਿਲਾ ਅਤੇ ਹਰ ਸਾਲ ਸੰਸਦ ਦਾ ਪਹਿਲਾ ਸਮਾਗਮ ਰਾਸ਼ਟਰਪਤੀ ਦੇ ਭਾਸ਼ਣ ਨਾਲ ਆਰੰਭ ਹੁੰਦਾ ਹੈ। ਰਾਸ਼ਟਰਪਤੀ ਆਪਣੇ ਭਾਸ਼ਣ ਰਾਹੀ ਸੰਸਦ ਨੂੰ ਉਹਨਾ ਉਦੇਸ਼ਾਂ ਦੀ ਜਾਣਕਾਰੀ ਦਿੰਦਾ ਹੈ ਜਿਹਨ੍ਹਾਂ ਦੀ ਪ੍ਰਾਪਤੀ ਲਈ ਉਹ ਸਮਾਗਮ ਬੁਲਾਇਆ ਗਿਆ ਹੈ।

(5) ਰਾਸ਼ਟਰਪਤੀ ਨੂੰ ਲੋਕ ਸਭਾ ਅਤੇ ਰਾਜ ਸਭਾ ਦੇ ਆਪਸੀ ਮਤਭੇਦਾਂ ਨੂੰ ਦੂਰ ਕਰਨ ਲਈ ਸਾਂਝਾ ਸਮਾਗਮ ਬੁਲਾਉਣ ਦਾ ਅਧਿਕਾਰ ਪ੍ਰਾਪਤ ਹੈ।

(6) ਰਾਜਾਂ ਦੇ ਪੁਨਰ ਗਠਨ ਜਾਂ ਰਾਜਾਂ ਦੀਆਂ ਸੀਮਾਵਾਂ ਜਾਂ ਨਾਂ ਦੀ ਤਬਦੀਲੀ ਸਬੰਧੀ ਕੋਈ ਵੀ ਬਿਲ ਰਾਸ਼ਟਰਪਤੀ ਦੀ ਅਗੇਤਰੀ ਪ੍ਰਵਾਨਗੀ ਤੋਂ ਬਿਨਾਂ ਸੰਸਦ ਵਿਚ ਪੇਸ਼ ਨਹੀ ਕੀਤਾ ਜਾ ਸਕਦਾ ਹੈ।

(7) ਵਿਤੀ ਬਿਲ ਰਾਸ਼ਟਰਪਤੀ ਦੀ ਅਗੇਤਰੀ ਆਗਿਆ ਤੋ ਬਿਨਾ ਲੋਕ ਸਭਾ ਵਿਚ ਪੇਸ਼ ਨਹੀ ਕੀਤੇ ਜਾ ਸਕਦੇ।

(8) ਕੋਈ ਅਜਿਹਾ ਬਿਲ ਜੋ ਵਪਾਰ ਦੀ ਸੁਤੰਤਰਤਾ ਤੇ ਰੋਕ ਲਗਾਉਂਦਾਂ ਹੋ, ਰਾਸ਼ਟਰਪਤੀ ਦੀ ਅਗੇਤਰੀ ਪ੍ਰਵਾਨਗੀ ਤੋ ਬਿਨਾਂ ਰਾਜ ਵਿਧਾਨ ਮੰਡਲ ਵਿਚ ਪੇਸ਼ ਨਹੀ ਕੀਤਾ ਜਾ ਸਕਦਾ।

(9) ਰਾਸ਼ਟਰਪਤੀ ਸਾਹਿਤ, ਵਿਗਿਆਨ ,ਕਲਾ ਅਤੇ ਸਮਾਜ ਸੇਵਾ ਦੇ ਖੇਤਰਾਂ ਵਿਚ 12 ਨਿਪੁੰਨ ਵਿਅਕਤੀਆਂ ਨੂੰ ਰਾਜ ਸਭਾ ਦੇ ਮੈਂਬਰ ਨਾਮਜ਼ਦ ਕਰਦਾ ਹੈ ਅਤੇ ਇਸ ਤੋ ਇਲਾਵਾ ਜੇਕਰ ਆਮ ਚੋਣਾਂ ਵਿਚ ਐਗਲੋ ਇੰਡੀਅਨ ਜਾਤੀ ਨੂੰ ਲੋਕ ਸਭਾ ਵਿਚ ਉਚਿਤ ਪ੍ਰਤੀਨਿਧਤਾ ਪ੍ਰਾਪਤ ਨਾ ਹੋਈ ਹੋਵੇ ਤਾਂ ਰਾਸ਼ਟਰਪਤੀ ਉਸ ਜਾਤੀ ਦੇ ਦੋ ਮੈਂਬਰ ਲੋਕ ਸਭਾ ਵਿਚ ਨਾਮਜ਼ਦ ਕਰ ਸਕਦਾ ਹੈ।

(10) ਅੰਡੇਮਾਨ ਨਿਕੋਬਾਰ ਅਤੇ ਲਕਸ਼ਦੀਪ, ਮਿਨੀਕਾਇ ਦੇ ਦਮਨਦੀਵ ਦੀਪ ਸਮੂਹਾਂ ਸਬੰਧੀ ਰਾਸ਼ਟਰਪਤੀ ਨੂੰ ਨਿਯਮ ਬਣਾਉਣ ਦਾ ਅਧਿਕਾਰ ਹੈ ਜੋ ਸੰਸਦ ਦੇ ਕਾਨੂੰਨਾਂ ਵਾਂਗ ਲਾਗੂ ਹੁੰਦੇ ਹਨ।

(11) ਰਾਸ਼ਟਰਪਤੀ ਕਿਸੇ ਵੀ ਕਾਨੂੰਨ ਜਾਂ ਕਿਸੇ ਹੋਰ ਮਾਮਲੇ ਸਬੰਧੀ ਸਰਵ ਉੱਚ ਅਦਾਲਤ ਦੀ ਰਾਏ ਲੈ ਸਕਦਾ ਹੈ। ਸਰਵ ਉੱਚ ਅਦਾਲਤ ਦੁਆਰਾ ਦਿੱਤੀ ਸਲਾਹ ਉਤੇ ਅਮਲ ਕਰਨਾ ਰਾਸ਼ਟਰਪਤੀ ਲਈ ਜ਼ਰੂਰੀ ਨਹੀ ਹੈ।

ਰਾਸ਼ਟਰਪਤੀ ਦੀਆਂ ਕੁਝ ਹੇਠ ਲਿਖੀਆਂ ਅਜਿਹੀਆਂ ਸ਼ਕਤੀਆਂ ਹਨ ਜੋ ਸਹੀ ਅਰਥਾਂ ਵਿਚ ਉਸ ਦੀਆਂ ਵਿਧਾਨਿਕ ਸ਼ਕਤੀਆਂ ਮੰਨੀਆਂ ਜਾਂਦੀਆਂ ਹਨ –

(1) ਸੰਸਦ ਦੇ ਦੋਹਾਂ ਸਦਨਾਂ ਵਿਚੋ ਪਾਸ ਹੋਣ ਮਗਰੋ ਹਰੇਕ ਬਿਲ ਨੂੰ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਪੇਸ਼ ਕੀਤਾ ਜਾਂਦਾ ਹੈ। ਰਾਸ਼ਟਰਪਤੀ ਬਿਲ ਦੀ ਪ੍ਰਵਾਨਗੀ ਦੇ ਸਕਦਾ ਹੈ ਜਾਂ ਬਿਲ ਨੂੰ ਸੰਦੇਸ਼ ਸਹਿਤ ਵਾਪਿਸ ਸਦਨ ਨੂੰ ਭੇਜ ਸਕਦਾ ਹੈ। ਪਰ ਜੇਕਰ ਉਹ ਬਿਲ ਸੰਸਦ ਦੁਆਰਾ ਫਿਰ ਪਾਸ ਹੋ ਜਾਵੇ ਤਾਂ ਰਾਸ਼ਟਰਪਤੀ ਨੂੰ ਉਸ ਬਿਲ ਦੀ ਪ੍ਰਵਾਨਗੀ ਦੇਣੀ ਹੀ ਪੈਂਦੀ ਹੈ।

(2) ਰਾਜਪਾਲ ਰਾਜ ਵਿਧਾਨ ਮੰਡਲ ਦੁਆਰਾ ਪਾਸ ਕੀਤੇ ਕੁਝ ਬਿਲਾਂ ਨੂੰ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਰਾਖਵਾਂ ਰੱਖ ਸਕਦਾ ਹੈ। ਰਾਸ਼ਟਰਪਤੀ ਅਜਿਹੇ ਬਿਲਾਂ ਦੀ ਪ੍ਰਵਾਨਗੀ ਦੇ ਸਕਦਾ ਹੈ, ਜਾਂ ਸੰਦੇਸ਼ ਸਹਿਤ ਰਾਜਪਾਲ ਰਾਹੀ ਰਾਜ ਵਿਧਾਨ ਮੰਡਲ ਨੂੰ ਵਾਪਿਸ ਭੇਜ ਸਕਦਾ ਹੈ। ਰਾਸ਼ਟਰਪਤੀ ਦੁਆਰਾ ਵਾਪਿਸ ਭੇਜਿਆ, ਬਿਲ ਜੇਕਰ ਰਾਜ ਵਿਧਾਨ ਮੰਡਲ ਵਲੋਂ ਦੁਆਰਾ ਪਾਸ ਹੋ ਜਾਵੇ ਤਾਂ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਬਿਲ ਨੂੰ ਪੇਸ਼ ਕੀਤਾ ਜਾਂਦਾ ਹੈ। ਅਤੇ ਰਾਸ਼ਟਰਪਤੀ ਅਜਿਹੇ ਬਿਲ ਦੀ ਪ੍ਰਵਾਨਗੀ ਦੇਣ ਤੋ ਇਨਕਾਰ ਨਹੀ ਕਰ ਸਕਦਾ।

(3) **ਅਧਿਆਦੇਸ਼ ਜਾਰੀ ਕਰਨ ਦਾ ਅਧਿਕਾਰ** – ਜਦੋ ਸੰਸਦ ਦਾ ਇਜਲਾਸ ਨਾ ਹੋ ਰਿਹਾ ਹੋਵੇ ਤਾਂ ਰਾਸ਼ਟਰਪਤੀ ਨੂੰ ਅਧਿਆਦੇਸ਼ ਜਾਰੀ ਕਰਨ ਦਾ ਅਧਿਕਾਰ ਪ੍ਰਾਪਤ ਹੈ। ਅਜਿਹੇ ਅਧਿਆਦੇਸ਼ ਦਾ ਪ੍ਰਭਾਵ ਅਤੇ ਸ਼ਕਤੀ ਸੰਸਦ ਦੁਆਰਾ ਪਾਸ ਕੀਤੇ ਕਾਨੂੰਨ ਸਮਾਨ ਹੁੰਦੇ ਹਨ। ਰਾਸ਼ਟਰਪਤੀ ਦੁਆਰਾ ਅਧਿਆਦੇਸ਼ ਜਾਰੀ ਕਰਨ ਮਗਰੋਂ ਉਸ ਅਧਿਆਦੇਸ਼ ਨੂੰ ਸੰਸਦ ਵਿਚ ਪੇਸ਼ ਕੀਤਾ ਜਾਣਾ ਜ਼ਰੂਰੀ ਹੈ। ਅਧਿਆਦੇਸ਼ ਜਾਰੀ ਹੋਣ ਮਗਰੋ ਸੰਸਦ ਦਾ ਸਮਾਗਮ ਜਿਸ ਮਿਤੀ ਨੂੰ ਆਰੰਭ ਹੋਵੇਗਾ ਉਸ ਮਿਤੀ ਤੋ 6 ਹਫਤਿਆਂ ਮਗਰੋਂ ਅਧਿਆਦੇਸ਼ ਦੀ ਮਿਆਦ ਖਤਮ ਹੋ ਜਾਵੇਗੀ। ਇਹਨਾਂ 6 ਹਫਤਿਆਂ ਦੇ ਸਮੇਂ ਤੋਂ ਪਹਿਲਾਂ ਵੀ ਸੰਸਦ ਦੇ ਦੋਨੋ ਸਦਨ ਉਸ ਅਧਿਆਦੇਸ਼ ਨੂੰ ਪ੍ਰਸਤਾਵਾਂ ਦੁਆਰਾ ਰੱਦ ਕਰ ਸਕਦੇ ਹਨ।

2.2.7 ਵਿੱਤੀ ਸ਼ਕਤੀਆਂ

ਰਾਸ਼ਟਰਪਤੀ ਦੀਆਂ ਵਿੱਤੀ ਸ਼ਕਤੀਆਂ ਇਸ ਪ੍ਰਕਾਰ ਹਨ :-

(1) ਕੋਈ ਵੀ ਵਿੱਤੀ ਬਿਲ ਰਾਸ਼ਟਰਪਤੀ ਦੀ ਅਗੇਤਰੀ ਪ੍ਰਵਾਨਗੀ ਤੋ ਬਿਨਾਂ ਲੋਕ ਸਭਾ ਵਿਚ ਪੇਸ਼ ਨਹੀ ਕੀਤਾ ਜਾ ਸਕਦਾ ।

(2) ਹਰ ਸਾਲ ਦੇ ਆਰੰਭ ਵਿਚ ਆਉਣ ਵਾਲੇ ਸਾਲ ਦਾ ਅਨੁਮਾਨਿਤ ਖਰਚ ਅਤੇ ਆਮਦਨ ਦਾ

ਵੇਰਵਾ ਰਾਸ਼ਟਰਪਤੀ ਸੰਸਦ ਵਿਚ ਪੇਸ਼ ਕਰਵਾਉਂਦਾਂ ਹੈ।

(3) ਰਾਸ਼ਟਰਪਤੀ , ਆਮਦਨ ਟੈਕਸ ਰਾਹੀ ਪ੍ਰਾਪਤ ਕੀਤਾ ਧਨ, ਸੰਘ ਅਤੇ ਰਾਜ ਸਰਕਾਰਾਂ ਵਿਚ ਵੰਡਦਾ ਹੈ। ਆਸਾਮ, ਪੱਛਮੀ ਬੰਗਾਲ ਅਤੇ ਉੜੀਸਾ ਦੇ ਰਾਜਾਂ ਵਿਚ ਪਟਸਨ ਨਿਰਯਾਤ ਟੈਕਸ ਦੁਆਰਾ ਪ੍ਰਾਪਤ ਕੀਤਾ ਧਨ ਇਹਨਾਂ ਰਾਜਾਂ ਅਤੇ ਸੰਘ ਵਿਚਕਾਰ ਵੰਡਦਾ ਹੈ।

(4) ਭਾਰਤ ਦੇ ਅਚਨਚੇਤ ਫੰਡ ਉਤੇ ਰਾਸ਼ਟਰਪਤੀ ਦਾ ਪੂਰਾ ਕੰਟਰੋਲ ਹੁੰਦਾ ਹੈ। ਉਹ ਕੇਦੰਰ ਸਰਕਾਰ ਨੂੰ ਕਿਸੇ ਅਚਨਚੇਤ ਸਥਿਤੀ ਦਾ ਸਾਹਮਣਾ ਕਰਨ ਲਈ ਇਸ ਫੰਡ ਵਿਚੋ ਖਰਚ ਕਰਨ ਦੀ ਆਗਿਆ ਦੇ ਸਕਦਾ ਹੈ।

(5) ਵਿੱਤ ਸਬੰਧੀ ਮਾਮਲਿਆਂ ਵਿਚ ਸਲਾਹ ਦੇਣ ਲਈ ਰਾਸ਼ਟਰਪਤੀ ਵਿੱਤ ਕਮਿਸ਼ਨ ਨਿਯੁਕਤ ਕਰ ਸਕਦਾ ਹੈ।

2.2.8 ਨਿਆਇਕ ਸ਼ਕਤੀਆਂ

ਰਾਸ਼ਟਰਪਤੀ ਦੀਆਂ ਨਿਆਇਕ ਸ਼ਕਤੀਆਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ :-

ਰਾਸ਼ਟਰਪਤੀ ਅਦਾਲਤ ਵਿਚੋ ਦੰਡਿਤ ਲੋਕਾਂ ਦੀ ਸਜਾਂ ਨੂੰ ਘਟਾ ਸਕਦਾ ਹੈ, ਮੁਲਤਵੀ ਕਰ ਸਕਦਾ ਹੈ ਅਤੇ ਚਾਹੇ ਤਾਂ ਮੁਆਫ ਵੀ ਕਰ ਸਕਦਾ ਹੈ। ਇਸ ਸ਼ਕਤੀ ਦੀ ਵਰਤੋ ਉਹ ਤਾਂ ਕਰਦਾ ਹੈ। ਜੇਕਰ (ੳ) ਕਿਸੇ ਵਿਅਕਤੀ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੋਵੇ ਜਾਂ (ਅ) ਉਸ ਨੂੰ ਸੰਘੀ ਕਾਨੂੰਨ ਦੀ ਉਲੰਘਣਾ ਕਰਨ ਕਾਰਨ ਸਜਾ ਦਿੱਤੀ ਗਈ ਹੋਵੇ ਜਾਂ (ੲ) ਉਸ ਨੂੰ ਕਿਸੇ ਸੈਨਿਕ ਅਦਾਲਤ ਨੇ ਸਜਾ ਦਿੱਤੀ ਹੋਵੇ ਪਰ ਅਜਿਹਾ ਕਰਨ ਨਾਲ ਕਿਸੇ ਵੀ ਨਿਆਇਕ ਸੰਸਥਾਂ ਜਾਂ ਅਧਿਕਾਰੀ ਦੀ ਸ਼ਕਤੀ ਤੇ ਪ੍ਰਭਾਵ ਨਾ ਪੈਂਦਾ ਹੋਵੇ। ਰਾਸ਼ਟਰਪਤੀ ਸਜਾ ਨੂੰ ਘੱਟ ਜਾਂ ਮੁਆਫ਼ ਕਰ ਸਕਦਾ ਹੈ ਉਸਨੂੰ ਵਧਾ ਨਹੀ ਸਕਦਾ ਹੈ।

2.2.9 ਰਾਸ਼ਟਰਪਤੀ ਦੀਆਂ ਸੰਕਟਕਾਲੀਨ ਸ਼ਕਤੀਆਂ

ਭਾਰਤ ਦੇ ਰਾਸ਼ਟਰਪਤੀ ਨੂੰ ਸ਼ਾਤੀਕਾਲ ਤੋ ਇਲਾਵਾਂ ਕੁਝ ਸੰਕਟਕਾਲੀਨ ਸ਼ਕਤੀਆ ਵੀ ਦਿੱਤੀਆਂ ਗਈਆ ਹਨ, ਜਿਨ੍ਹਾਂ ਦੀ ਵਰਤੋਂ ਉਹ ਸੰਕਟ ਦੇ ਸਮੇਂ ਜਾਂ ਸੰਕਟ ਦੇ ਪੈਦਾ ਹੋਣ ਦੀ ਸੰਭਾਵਨਾ ਕਾਰਨ ਕਰ ਸਕਦਾ ਹੈ। ਸੰਵਿਧਾਨ ਦੇ ਅਨੁਛੇਦ 352, 356 ਅਤੇ 360 ਅਧੀਨ ਅੰਕਿਤ ਤਿੰਨ ਪ੍ਰਕਾਰ ਦੀਆਂ ਸਥਿਤੀਆਂ ਉਤਪੰਨ ਹੋਣ ਤੇ ਰਾਸ਼ਟਰਪਤੀ ਨੂੰ ਸਕੰਟਕਾਲੀ ਸਥਿਤੀ ਦੀ ਘੋਸ਼ਣਾ ਕਰਨ ਦਾ ਅਧਿਕਾਰ ਦਿੱਤਾ ਗਿਆ –

(1) ਯੁੱਧ, ਬਾਹਰੀ ਹਮਲੇ, ਹਥਿਆਬੰਦ ਵਿਦਰੋਹ ਜਾਂ ਇਹਨਾਂ ਦੀ ਸੰਭਾਵਨਾ ਤੋ ਪੈਦਾ ਹੋਇਆ ਸੰਕਟ (ਅਨੁਛੇਦ 352)।

(2) ਰਾਜਾਂ ਵਿਚ ਸੰਵਿਧਾਨਿਕ ਵਿਵਸਥਾ ਅਸਫਲ ਹੋਣ ਕਾਰਨ ਉਤਪੰਨ ਹੋਇਆ ਸੰਕਟ (ਅਨੁਛੇਦ 356)।

(3) ਵਿੱਤੀ ਸੰਕਟ (ਅਨੁਛੇਦ 360)।

ਇਹਨਾਂ ਸ਼ਕਤੀਆਂ ਦਾ ਵਿਸਥਾਰ ਸਹਿਤ ਵੇਰਵਾ ਇਸ ਪ੍ਰਕਾਰ ਹੈ :-

(1) ਯੁੱਧ, ਬਾਹਰੀ ਹਮਲੇ, ਹਥਿਆਰਬੰਦ ਵਿਦਰੋਹ ਜਾਂ ਇਹਨਾਂ ਦੀ ਸੰਭਾਵਨਾ ਤੋਂ ਪੈਦਾ ਹੋਇਆ ਸੰਕਟ

ਰਾਸ਼ਟਰਪਤੀ ਯੁੱਧ, ਬਾਹਰੀ ਹਮਲੇ ਜਾਂ ਹਥਿਆਬੰਦ ਵਿਦਰੋਹ ਜਾਂ ਉਹਨਾਂ ਦੀ ਸੰਭਾਵਨਾ ਕਾਰਨ ਭਾਰਤ ਜਾਂ ਇਸ ਦੇ ਕਿਸੇ ਭਾਗ ਦੀ ਸੁਰੱਖਿਆ ਖਤਰੇ ਵਿਚ ਹੈ ਤਾਂ ਉਹ ਸੰਕਟਕਾਲ ਸਥਿਤੀ ਦੀ ਘੋਸ਼ਣਾ ਕਰ ਸਕਦਾ ਹੈ। ਜੇਕਰ ਰਾਸ਼ਟਰਪਤੀ ਸੰਤੁਸ਼ਟ ਹੋਵੇ ਤਾਂ ਕਿਸੇ ਤਰ੍ਹਾਂ ਦਾ ਅਸਲੀ ਖਤਰਾ ਪੈਦਾ ਹੋਣ ਤੋ ਪਹਿਲਾਂ ਵੀ ਸੰਕਟ ਦਾ ਐਲਾਨ ਕਰ ਸਕਦਾ ਹੈ। ਅਨੁਛੇਦ 352 ਅਧੀਨ ਜਾਰੀ ਕੀਤੀ ਜਾਣ ਵਾਲੀ ਸੰਕਟਕਾਲੀ ਘੋਸ਼ਣਾ ਸਬੰਧੀ ਹੇਠ ਲਿਖੀਆਂ ਗੱਲਾਂ ਵਰਣਨਯੋਗ ਹਨ –

1. **ਮੰਤਰੀ ਮੰਡਲ ਦਾ ਨਿਰਣਾ ਰਾਸ਼ਟਰਪਤੀ ਨੂੰ ਲਿਖਤੀ ਰੂਪ ਵਿਚ ਭੇਜਣਾ ਜ਼ਰੂਰੀ** – ਰਾਸ਼ਟਰਪਤੀ ਅਨੁਛੇਦ 352 ਅਧੀਨ ਸੰਕਟਕਾਲੀ ਘੋਸ਼ਣਾ ਤਾਂ ਹੀ ਜਾਰੀ ਕਰ ਸਕਦਾ ਹੈ ਜੇਕਰ ਉਸ ਨੂੰ ਇਸ ਸਬੰਧੀ ਮੰਤਰੀ-ਮੰਡਲ ਦਾ ਨਿਰਣਾ ਲਿਖਤੀ ਰੂਪ ਵਿਚ ਭੇਜਿਆ ਜਾਵੇਗਾ।

2. **ਸੰਕਟਕਾਲੀ ਘੋਸ਼ਣਾ ਦੀ ਸੰਸਦ ਦੁਆਰਾ ਪ੍ਰਵਾਨਗੀ**- ਰਾਸ਼ਟਰਪਤੀ ਦੁਆਰਾ ਜਾਰੀ ਕੀਤੀ ਸੰਕਟਕਾਲੀ ਘੋਸ਼ਣਾ ਇਕ ਮਹੀਨੇ ਦੇ ਸਮੇਂ ਅੰਦਰ ਸੰਸਦ ਦੇ ਦੋਹਾਂ ਸਦਨਾਂ ਦੁਆਰਾ ਪ੍ਰਵਾਨ ਹੋਣੀ ਚਾਹੀਦੀ ਹੈ ਨਹੀ ਤਾਂ ਉਹ ਘੋਸ਼ਣਾ ਆਪਣੇ ਆਪ ਸਮਾਪਤ ਹੋ ਜਾਵੇਗੀ। ਇਸ ਘੋਸ਼ਣਾ ਨੂੰ ਸੰਸਦ ਦੇ ਦੋਵੇ ਸਦਨ ਆਪਣੇ ਆਪਣੇ

ਕੁੱਲ ਮੈਂਬਰਾਂ ਦੇ ਸਪੱਸ਼ਟ ਬਹੁਮਤ ਅਤੇ ਹਾਜ਼ਰ ਤੇ ਵੋਟ ਦੇਣ ਵਾਲਿਆਂ ਦੇ 2/3 ਬਹੁਮਤ ਦੁਆਰਾ ਪ੍ਰਵਾਨ ਕਰਨਗੇ। ਜੇਕਰ ਇਕ ਮਹੀਨੇ ਦੇ ਸਮੇਂ ਅੰਦਰ ਸੰਸਦ ਦੀ ਪ੍ਰਵਾਨਗੀ ਪ੍ਰਾਪਤ ਨਹੀ ਹੁੰਦੀ ਤਾਂ ਇਸ ਘੋਸ਼ਣਾ ਦਾ ਅੰਤ ਹੋ ਜਾਵੇਗਾ।

3. ਲੋਕ ਸਭਾ ਭੰਗ ਹੋਣ ਦੀ ਸਥਿਤੀ ਵਿਚ ਸੰਕਟਕਾਲੀ ਘੋਸ਼ਣਾ ਦੀ ਰਾਜ ਸਭਾ ਦੁਆਰਾ ਪ੍ਰਵਾਨਗੀ – ਜੇਕਰ ਅਜਿਹੀ ਘੋਸ਼ਣਾ ਉਸ ਸਮੇਂ ਜਾਰੀ ਕੀਤੀ ਜਾਵੇ ਜਦੋ ਲੋਕ ਸਭਾ ਭੰਗ ਕਰ ਦਿੱਤੀ ਗਈ ਹੈ ਜਾਂ ਇਕ ਮਹੀਨੇ ਦੇ ਸਮੇਂ ਅੰਦਰ ਲੋਕ ਸਭਾ ਇਸ ਨੂੰ ਮਨਜੂਰ ਕੀਤੇ ਬਿਨਾਂ ਹੀ ਭੰਗ ਹੋ ਜਾਵੇ, ਤਾਂ ਇਸ ਘੋਸ਼ਣਾ ਨੂੰ ਰਾਜ ਸਭਾ ਪ੍ਰਵਾਨ ਕਰਦੀ ਹੈ। ਪਰੰਤੂ ਜੇਕਰ ਚੋਣਾਂ ਮਗਰੋਂ ਨਵੀ ਲੋਕ ਸਭਾ ਆਪਣੀ ਪਹਿਲੀ ਬੈਠਕ ਦੀ ਪਹਿਲੀ ਤਾਰੀਖ਼ ਤੋ 30 ਦਿਨਾਂ ਦੇ ਅੰਦਰ ਇਸ ਘੋਸ਼ਣਾ ਨੂੰ ਪ੍ਰਵਾਨ ਕਰ ਲਵੇ ਤਾਂ ਇਹ ਘੋਸ਼ਣਾ ਲਾਗੂ ਰਹਿੰਦੀ ਹੈ ਅਤੇ ਜੇਕਰ ਨਵੀ ਲੋਕ ਸਭਾ ਅਜਿਹਾ ਨਾ ਕਰੇ ਤਾਂ ਉਹ ਘੋਸ਼ਣਾ ਸਮਾਪਤ ਹੋ ਜਾਂਦੀ ਹੈ। ਇਹ ਸੰਵਿਧਾਨਕ ਵਿਵਸਥਾ 356 ਜਾਂ 360 ਅਧੀਨ ਜਾਰੀ ਕੀਤੀ ਜਾਂਦੀ ਘੋਸ਼ਣਾ ਤੇ ਵੀ ਲਾਗੂ ਹੁੰਦੀ ਹੈ।

4. ਸੰਕਟਕਾਲੀ ਘੋਸ਼ਣਾ ਦਾ ਸਮਾਂ – ਸੰਕਟਕਾਲੀ ਪ੍ਰਵਾਨਗੀ ਤੋ ਬਾਅਦ ਘੋਸ਼ਣਾ 6 ਮਹੀਨੇ ਦੇ ਸਮੇਂ ਲਈ ਲਾਗੂ ਰਹਿੰਦੀ ਹੈ। ਇਹ ਛੇ ਮਹੀਨੇ ਤੋਂ ਵੱਧ ਸਮੇਂ ਲਈ ਲਾਗੂ ਰਹਿ ਸਕਦੀ ਹੈ, ਜੇਕਰ ਸੰਸਦ ਦੇ ਦੋਵੇ ਸਦਨ ਪ੍ਰਸਤਾਵ ਪਾਸ ਕਰ ਦੇਣ ਤਾਂ ਅਜਿਹੀ ਘੋਸ਼ਣਾ ਹੋਰ ਛੇ ਮਹੀਨਿਆਂ ਲਈ ਜਾਰੀ ਰਹੇਗੀ। ਸੰਕਟਕਾਲੀ ਘੋਸ਼ਣਾ ਦੀ ਮਿਆਦ ਵਧਾਉਣ ਲਈ ਸੰਸਦ ਦੇ ਦੋਨਾਂ ਸਦਨਾ ਵਿਚ ਆਪਣੇ ਆਪਣੇ ਕੁੱਲ ਮੈਂਬਰਾਂ ਦੇ ਬਹੁਮਤ ਅਤੇ ਹਾਜ਼ਰ ਤੇ ਵੋਟ ਦੇਣ ਵਾਲਿਆਂ ਦੇ ਦੋ ਤਿਹਾਈ ਬਹੁਮਤ ਦੁਆਰਾ ਪ੍ਰਸਤਾਵ ਪਾਸ ਹੋਣਾ ਜ਼ਰੂਰੀ ਹੈ।

5. ਲੋਕ ਸਭਾ ਭੰਗ ਹੋਣ ਦੀ ਅਵਸਥਾ ਵਿਚ ਸੰਕਟਕਾਲੀ ਘੋਸ਼ਣਾ ਦੀ ਮਿਆਦ ਵਧਾਉਣ ਦੀ ਵਿਧੀ – ਅਨੁਛੇਦ 352 ਅਧੀਨ ਜਾਰੀ ਕੀਤੀ ਗਈ ਸੰਕਟਕਾਲੀ ਘੋਸ਼ਣਾ ਸੰਸਦ ਦੁਆਰਾ ਪ੍ਰਵਾਨ ਹੋਣ ਮਗਰੋ ਛੇ ਮਹੀਨੇ ਦੇ ਸਮੇਂ ਲਈ ਲਾਗੂ ਰਹਿੰਦੀ ਹੈ। ਜੇਕਰ ਇਸ ਛੇ ਮਹੀਨੇ ਦੇ ਦੌਰਾਨ ਲੋਕ ਸਭਾ ਭੰਗ ਹੋ ਜਾਵੇ ਤਾਂ ਸੰਕਟਕਾਲੀ ਘੋਸ਼ਣਾ ਦੀ ਮਿਆਦ ਛੇ ਮਹੀਨੇ ਤੋ ਜ਼ਿਆਦਾ ਵਧਾਉਣ ਲਈ ਲੋੜੀਦਾ ਪ੍ਰਸਤਾਵ ਰਾਜ ਸਭਾ ਦੁਆਰਾ ਪਾਸ ਕੀਤਾ ਜਾ ਸਕਦਾ ਹੈ। ਪਰ ਜੇਕਰ ਰਾਜ ਸਭਾ ਦੁਆਰਾ ਪਾਸ ਕੀਤਾ ਅਜਿਹਾ ਪ੍ਰਸਤਾਵ ਨਵੀ ਲੋਕ ਸਭਾ ਆਪਣੀ ਪਹਿਲੀ ਬੈਠਕ ਦੀ ਪਹਿਲੀ ਮਿਤੀ ਤੋਂ 30 ਦਿਨਾਂ ਦੇ ਅੰਦਰ ਪ੍ਰਵਾਨ ਨਹੀਂ ਕਰਦੀ ਤਾਂ ਸੰਕਟਕਾਲੀ ਘੋਸ਼ਣਾ ਆਪਣੇ ਆਪ ਸਮਾਪਤ ਹੋ ਜਾਵੇਗੀ। ਇਹ ਸੰਵਿਧਾਨਕ ਵਿਵਸਥਾ ਅਨੁਛੇਦ 356 ਅਧੀਨ ਜਾਰੀ ਕੀਤੀ ਗਈ ਘੋਸ਼ਣਾ ਸਬੰਧੀ ਵੀ ਲਾਗੂ ਹੁੰਦੀ ਹੈ।

6. ਸੰਕਟਕਾਲੀ ਘੋਸ਼ਣਾ ਦੀ ਸਮਾਪਤੀ – ਜੇਕਰ ਲੋਕ ਸਭਾ ਸੰਕਟਕਾਲੀ ਘੋਸ਼ਣਾ ਨੂੰ ਜਾਰੀ ਰੱਖਣ ਵਿਰੁੱਧ ਇਕ ਪ੍ਰਸਤਾਵ ਪਾਸ ਕਰ ਦੇਵੇ ਤਾਂ ਰਾਸ਼ਟਰਪਤੀ ਨੂੰ ਅਜਿਹੀ ਘੋਸ਼ਣਾ ਸਮਾਪਤ ਕਰਨੀ ਪਵੇਗੀ। ਅਜਿਹਾ ਪ੍ਰਸਤਾਵ ਪੇਸ਼ ਕਰਨ ਲਈ ਲੋਕ ਸਭਾ ਦੇ ਕੁੱਲ ਮੈਂਬਰਾਂ ਦੇ ਦਸਵੇਂ ਭਾਗ ਦੁਆਰਾ ਇਕ ਲਿਖਤੀ ਸੂਚਨਾ ਦੇਣੀ ਜ਼ਰੂਰੀ ਹੈ। ਜੇਕਰ ਲੋਕ ਸਭਾ ਦਾ ਸਮਾਗਮ ਚਲ ਰਿਹਾ ਹੈ ਤਾਂ ਅਜਿਹਾ ਨੋਟਿਸ ਸਪੀਕਰ ਨੂੰ ਦਿੱਤਾ ਜਾਵੇਗਾ। ਪਰ ਜੇਕਰ ਲੋਕ ਸਭਾ ਸਮਾਗਮ ਵਿਚ ਨਹੀ ਹੈ ਤਾਂ ਅਜਿਹਾ ਨੋਟਿਸ ਰਾਸ਼ਟਰਪਤੀ ਨੂੰ ਦੇਣਾ ਪਵੇਗਾ। ਜਿਸ ਮਿਤੀ ਨੂੰ ਇਹ ਨੋਟਿਸ ਸਪੀਕਰ ਜਾਂ ਰਾਸ਼ਟਰਪਤੀ ਨੂੰ ਪ੍ਰਾਪਤ ਹੋਵੇਗਾ ਉਸ ਮਿਤੀ ਤੋ 14 ਦਿਨਾਂ ਦੇ ਅੰਦਰ ਸਦਨ ਦੀ ਇਕ ਵਿਸ਼ੇਸ਼ ਬੈਠਕ ਬੁਲਾਈ ਜਾਂਦੀ ਹੈ। ਉਸ ਵਿਸ਼ੇਸ਼ ਬੈਠਕ ਵਿਚ ਸੰਕਟਕਾਲੀ ਘੋਸ਼ਣਾ ਸਬੰਧੀ ਮੈਂਬਰਾਂ ਦੁਆਰਾ ਪੇਸ਼ ਕੀਤਾ ਪ੍ਰਸਤਾਵ ਵਿਚਾਰਿਆ ਜਾਂਦਾ ਹੈ। ਜੇਕਰ ਲੋਕ ਸਭਾ ਅਜਿਹੇ ਪ੍ਰਸਤਾਵ ਨੂੰ ਪਾਸ ਕਰ ਦੇਵੇ ਤਾਂ ਰਾਸ਼ਟਰਪਤੀ ਸੰਕਟਕਾਲੀ ਘੋਸ਼ਣਾ ਸਮਾਪਤ ਕਰ ਦੇਵੇਗਾ।

7. ਸੰਕਟਕਾਲੀ ਘੋਸ਼ਣਾ ਨਿਆਂਯੋਗ ਹੈ – ਰਾਸ਼ਟਰਪਤੀ ਦੁਆਰਾ ਕਿਸੇ ਵੀ ਅਨੁਛੇਦ ਅਧੀਨ ਜਾਰੀ ਕੀਤੀ ਘੋਸ਼ਣਾ ਨੂੰ ਅਦਾਲਤ ਵਿਚ ਵੰਗਾਰਿਆ ਜਾ ਸਕਦਾ ਹੈ।

8. ਘੋਸ਼ਣਾ ਦੇ ਪ੍ਰਭਾਵ – ਅਜਿਹੀ ਘੋਸ਼ਣਾ ਦੇ ਪ੍ਰਭਾਵਾਂ ਦਾ ਵਰਣਨ ਇਸ ਪ੍ਰਕਾਰ ਹੈ –

(1) ਸੰਸਦ ਰਾਜ ਸੂਚੀ ਵਿਚ ਸ਼ਾਮਿਲ ਵਿਸ਼ਿਆ ਉੱਤੇ ਕਾਨੂੰਨ ਬਣਾ ਸਕਦੀ ਹੈ। ਰਾਜ ਸੂਚੀ ਦੇ ਵਿਸ਼ਿਆ ਸਬੰਧੀ ਸੰਸਦ ਦੁਆਰਾ ਬਣਾਏ ਕਾਨੂੰਨ ਸੰਕਟਕਾਲੀ ਘੋਸ਼ਣਾ ਸਮਾਪਤ ਹੋਣ ਮਗਰੋ ਕੇਵਲ ਛੇ ਮਹੀਨੇ ਤਕ ਹੀ ਲਾਗੂ ਰਹਿ ਸਕਦੇ ਹਨ।

(2) ਰਾਸ਼ਟਰਪਤੀ ਸੰਘ ਅਤੇ ਰਾਜਾਂ ਵਿਚਕਾਰ ਧਨ ਦੀ ਵੰਡ ਨਾਲ ਸਬੰਧਿਤ ਅਨੁਛੇਦਾਂ ਨੂੰ ਲਾਗੂ ਹੋਣ ਤੋਂ ਰੋਕ ਸਕਦਾ ਹੈ ਅਤੇ ਉਹਨਾਂ ਵਿਚ ਉੱਚਿਤ ਤਬਦੀਲੀਆਂ ਵੀ ਕਰ ਸਕਦਾ ਹੈ।

(3) ਅਨੁਛੇਦ 19 ਦੁਆਰਾ ਦਿੱਤੀਆਂ ਸੁਤੰਤਰਤਾਵਾਂ ਸੰਕਟਕਾਲ ਵਿਚ ਮੁਅੱਤਲ ਕੀਤੀਆਂ ਜਾ ਸਕਦੀਆਂ ਹਨ।

(4) ਰਾਸ਼ਟਰਪਤੀ ਰਾਜ ਸਰਕਾਰਾਂ ਨੂੰ ਕਾਰਜਕਾਰੀ ਸ਼ਕਤੀ ਦੀ ਵਰਤੋਂ ਕਰਨ ਸਬੰਧੀ ਹਦਾਇਤਾਂ ਭੇਜ ਸਕਦਾ ਹੈ।

(5) ਰਾਜਾਂ ਦੀ ਸਵਾਧੀਨਤਾ ਨੂੰ ਸਮਾਪਤ ਕਰਕੇ ਸ਼ਾਸਨ ਦਾ ਸੰਘਾਤਮਕ ਰੂਪ ਇਕਾਤਮਕ ਰੂਪ ਵਿਚ ਬਦਲਿਆ ਜਾ ਸਕਦਾ ਹੈ। ਰਾਸ਼ਟਰਪਤੀ ਕਿਸੇ ਇਕ ਰਾਜ ਜਾਂ ਉਸ ਦੇ ਕਿਸੇ ਭਾਗ ਦੇ ਪ੍ਰਸ਼ਾਸ਼ਨ ਨੂੰ ਆਪਣੇ ਅਧੀਨ ਲੈ ਸਕਦਾ ਹੈ।

(6) ਜੀਵਨ ਅਤੇ ਵਿਅਕਤੀਗਤ ਸੁਤੰਤਰਤਾ ਦੇ ਅਧਿਕਾਰ ਤੋ ਇਲਾਵਾਂ ਦੂਸਰੇ ਅਧਿਕਾਰਾਂ ਨੂੰ ਲਾਗੂ ਕਰਾਉਣ ਲਈ ਅਨੁਛੇਦ 32, ਜਿਸ ਅਨੁਸਾਰ ਸਰਵ-ਉੱਚ ਅਦਾਲਤ ਨੂੰ ਮੌਲਿਕ ਅਧਿਕਾਰ ਲਾਗੂ ਕਰਾਉਣ ਦੀ ਸ਼ਕਤੀ ਪ੍ਰਾਪਤ ਹੈ, ਵੀ ਮੁਅੱਤਲ ਕੀਤਾ ਜਾ ਸਕਦਾ ਹੈ।

ਉਪਰੋਕਤ ਸਭ ਪ੍ਰਕਾਰ ਦੇ ਆਦੇਸ਼ਾਂ ਨੂੰ ਰਾਸ਼ਟਰਪਤੀ ਵੱਲੋ ਸੰਸਦ ਦੀ ਪ੍ਰਵਾਨਗੀ ਲਈ ਪੇਸ਼ ਕੀਤਾ ਜਾਣਾ ਜ਼ਰੂਰੀ ਹੈ। ਸੰਸਦ ਦੀ ਪ੍ਰਵਾਨਗੀ ਤੋ ਬਿਨਾਂ ਕੋਈ ਵੀ ਆਦੇਸ਼ ਲਾਗੂ ਨਹੀ ਰਹਿ ਸਕਦਾ।

(2) ਸੰਵਿਧਾਨਿਕ ਮਸ਼ੀਨਰੀ ਦੇ ਅਸਫਲ ਹੋਣ ਦੇ ਕਾਰਨ ਰਾਜਾਂ ਵਿਚ ਪੈਦਾ ਹੋਇਆ ਸੰਕਟ

ਜੇਕਰ ਰਾਸ਼ਟਰਪਤੀ ਨੂੰ ਰਾਜ ਦੇ ਰਾਜਪਾਲ ਦੀ ਰਿਪੋਰਟ ਤੋਂ ਜਾਂ ਕਿਸੇ ਹੋਰ ਸਾਧਨ ਦੁਆਰਾ ਸੂਚਨਾ ਮਿਲਣ ਤੋ ਇਹ ਭਰੋਸਾ ਹੋ ਜਾਵੇ ਕਿ ਰਾਜ ਅੰਦਰ ਅਜਿਹੀ ਸਥਿਤੀ ਉਤਪੰਨ ਹੋ ਗਈ ਹੈ ਜਿਸ ਵਿਚ ਰਾਜ ਦਾ ਸਾਸ਼ਨ ਸੰਵਿਧਾਨ ਦੇ ਉਪਬੰਧਾਂ ਅਨੁਸਾਰ ਨਹੀ ਚਲਾਇਆ ਜਾ ਸਕਦਾ ਤਾਂ ਰਾਸ਼ਟਰਪਤੀ ਉਸ ਰਾਜ ਵਿਚ ਰਾਸ਼ਟਰਪਤੀ ਸ਼ਾਸ਼ਨ ਲਾਗੂ ਕਰ ਸਕਦਾ ਹੈ। ਅਨੁਛੇਦ 356 ਅਧੀਨ ਜਾਰੀ ਕੀਤੀ ਜਾਣ ਵਾਲੀ ਸੰਕਟ ਸਥਿਤੀ ਅਨੁਸਾਰ 356 ਅਨੁਸਾਰ ਘੋਸ਼ਣਾ ਸਬੰਧੀ ਹੇਠ ਲਿਖੀਆਂ ਗੱਲਾਂ ਵਰਨਣਯੋਗ ਹਨ :–

1. **ਸੰਸਦ ਦੀ ਪ੍ਰਵਾਨਗੀ** :– ਅਨੁਛੇਦ 356 ਅਧੀਨ ਜਾਰੀ ਕੀਤੀ ਘੋਸ਼ਣਾ ਦੁਆਰਾ ਦੋ ਮਹੀਨੇ ਦੇ ਸਮੇਂ ਦੇ ਅੰਦਰ ਪ੍ਰਵਾਨ ਹੋਣੀ ਚਾਹੀਦੀ ਹੈ। ਜੇਕਰ ਦੋ ਮਹੀਨਿਆਂ ਦੇ ਅੰਦਰ ਸੰਸਦ ਇਹ ਘੋਸ਼ਣਾ ਨੂੰ ਪ੍ਰਵਾਨ ਨਹੀ ਕਰਦੀ ਤਾਂ ਇਹ ਘੋਸ਼ਣਾ ਸਮਾਪਤ ਹੋ ਜਾਵੇਗੀ। ਇਸ ਦੋ ਮਹੀਨੇ ਦੇ ਸਮੇਂ ਦੀ ਸਮਾਪਤੀ ਤੋ ਪਹਿਲਾਂ ਵੀ ਰਾਸ਼ਟਰਪਤੀ ਕਿਸੇ ਰਾਜ ਵਿਚ ਲਾਗੂ ਕੀਤੀ ਗਈ ਸੰਕਟਕਾਲੀਨ ਘੋਸ਼ਣਾ ਨੂੰ ਰੱਦ ਕਰ ਸਕਦਾ ਹੈ।

2. **ਘੋਸ਼ਣਾ ਦੀ ਮਿਆਦ** :– ਸੰਸਦ ਦੁਆਰਾ ਪ੍ਰਵਾਨਿਤ ਕੀਤੀ ਅਜਿਹੀ ਘੋਸ਼ਣਾ ਇੱਕ ਸਮੇਂ 6 ਮਹੀਨਿਆਂ ਲਈ ਲਾਗੂ ਰਹਿ ਸਕਦੀ ਹੈ। ਇਹ 6 ਮਹੀਨਿਆਂ ਦਾ ਸਮਾਂ ਉਸ ਮਿਤੀ ਤੋ ਸ਼ੁਰੂ ਹੋਵੇਗਾ ਜਿਸ ਮਿਤੀ ਤੋ ਰਾਸ਼ਟਰਪਤੀ ਨੇ ਘੋਸ਼ਣਾ ਜਾਰੀ ਕੀਤੀ ਹੋਵੇਗੀ। ਇਸ ਸਮੇਂ ਤੋਂ ਪਹਿਲਾਂ ਵੀ ਅਜਿਹੀ ਘੋਸ਼ਣਾ ਨੂੰ ਸਮਾਪਤ ਕੀਤਾ ਜਾ ਸਕਦਾ ਹੈ। ਸੰਸਦ ਵਿਚ ਇੱਕ ਹੋਰ ਪ੍ਰਸਤਾਵ ਦੁਆਰਾ ਇਹ ਸਮਾਂ 6 ਮਹੀਨੇ ਲਈ ਹੋਰ ਵਧਾ ਸਕਦੀ ਹੈ। ਪਰ ਤਿੰਨ ਸਾਲ ਤੋ ਵੱਧ ਕਿਸੇ ਰਾਜ ਵਿਚ ਰਾਸ਼ਟਰਪਤੀ ਸ਼ਾਸਨ ਲਾਗੂ ਨਹੀ ਰੱਖਿਆ ਜਾ ਸਕਦਾ । ਅਨੁਛੇਦ 356 ਅਧੀਨ ਜਾਰੀ ਕੀਤੀਆਂ ਘੋਸ਼ਣਾ ਨੂੰ ਇਕ ਸਾਲ ਤੋਂ ਵੱਧ ਜਾਰੀ ਰੱਖਣ ਦੀ ਪ੍ਰਵਾਨਗੀ ਸੰਸਦ ਤਾਂ ਹੀ ਦੇਵੇਗੀ ਜੇਕਰ ਹੇਠ ਲਿਖੀਆਂ ਦੋ ਸ਼ਰਤਾਂ ਪੂਰੀਆਂ ਹੁੰਦੀਆਂ ਹੋਣ :–

(ੳ) ਭਾਰਤ ਵਿਚ ਜਾਂ ਸਬੰਧਤ ਰਾਜ ਵਿਚ ਸੰਕਟਕਾਲੀ ਘੋਸ਼ਣਾ ਅਨੁਛੇਦ 352 ਅਧੀਨ ਲਾਗੂ ਹੋਵੇ।

(ਅ) ਇਸ ਤੋ ਇਲਾਵਾ ਚੋਣ ਆਯੋਗ ਇਹ ਪ੍ਰਮਾਣ ਪੱਤਰ ਦੇਵੇਗਾ ਕਿ ਉਸ ਰਾਜ ਵਿਚ ਆਮ ਚੋਣਾਂ ਨਹੀ ਕਰਵਾਈਆਂ ਜਾ ਸਕਦੀਆਂ ਅਤੇ ਇਸ ਕਾਰਨ ਅਨੁਛੇਦ 356 ਅਧੀਨ ਜਾਰੀ ਕੀਤੀ ਘੋਸ਼ਣਾ ਦਾ ਕੁਝ ਹੋਰ ਸਮੇਂ ਲਈ ਲਾਗੂ ਰਹਿਣਾ ਜ਼ਰੂਰੀ ਹੈ।

ਘੋਸ਼ਣਾ ਦੇ ਪ੍ਰਭਾਵ – ਇਸ ਪ੍ਰਕਾਰ ਦੀ ਘੋਸ਼ਣਾ ਦੇ ਪ੍ਰਭਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ :

(ੳ) ਰਾਸ਼ਟਰਪਤੀ ਸਬੰਧਿਤ ਰਾਜ ਸਰਕਾਰ ਦੇ ਸਾਰੇ ਜਾਂ ਕੁਝ ਕਾਰਜਕਾਰੀ ਕੰਮ ਆਪਣੇ ਹੱਥ ਵਿਚ ਲੈ ਸਕਦਾ ਹੈ ਅਤੇ ਉਹਨਾਂ ਨੂੰ ਰਾਜ ਜਾਂ ਕਿਸੇ ਦੂਸਰੇ ਅਧਿਕਾਰੀ ਨੂੰ ਸੌਂਪ ਸਕਦਾ ਹੈ।

(ਅ) ਰਾਸ਼ਟਰਪਤੀ ਉਸ ਰਾਜ ਦੇ ਵਿਧਾਨ ਮੰਡਲ ਨੂੰ ਭੰਗ ਕਰ ਸਕਦਾ ਹੈ ਅਤੇ ਰਾਜ ਦੀਆਂ ਵਿਧਾਨਿਕ ਸ਼ਕਤੀਆਂ ਸੰਸਦ ਨੂੰ ਸੌਂਪ ਸਕਦਾ ਹੈ।

(ਦ) ਰਾਸ਼ਟਰਪਤੀ ਹੋਰ ਵੀ ਜ਼ਰੂਰੀ ਵਿਵਸਥਾਵਾਂ ਲਾਗੂ ਕਰ ਸਕਦਾ ਹੈ ਜੋ ਸੰਕਟ ਦੀ ਸਥਿਤੀ ਨੂੰ ਦੂਰ ਕਰਨ ਲਈ ਸਹਾਇਕ ਹੋ ਸਕਦੀਆ ਹੋਣ।

(ਸ) ਰਾਸ਼ਟਰਪਤੀ ਕਿਸੇ ਰਾਜ ਦੇ ਹਾਈ ਕੋਰਟ ਦੀਆਂ ਸ਼ਕਤੀਆਂ ਨੂੰ ਆਪਣੇ ਹੱਥ ਵਿਚ ਨਹੀ ਲੈ ਸਕਦਾ। ਇਹਨਾਂ ਸਾਰੇ ਆਦੇਸ਼ਾਂ ਦੀ ਪ੍ਰਵਾਨਗੀ ਸੰਸਦ ਕੋਲੋ ਲੈਣੀ ਜ਼ਰੂਰੀ ਹੈ। ਸੰਸਦ ਦੀ ਪ੍ਰਵਾਨਗੀ ਤੋ ਬਿਨਾਂ ਕੋਈ ਵੀ ਆਦੇਸ ਲਾਗੂ ਨਹੀ ਕਰ ਸਕਦਾ ।

ਅਨੁਛੇਦ 356 ਅਧੀਨ ਜਾਰੀ ਕੀਤੀ ਗਈ ਘੋਸ਼ਣਾ ਨਿਆਂਯੋਗ – ਅਨੁਛੇਦ 356 ਅਧੀਨ ਜਾਰੀ ਕੀਤੀ ਜਾਂਦੀ ਘੋਸ਼ਣਾ ਨੂੰ ਰਾਜ ਦੀ ਉਚ ਅਦਾਲਤ ਜਾਂ ਸਰਵ ਉਚ ਅਦਾਲਤ ਵਿਚ ਚੁਣੌਤੀ ਦਿੱਤੀ ਜਾ ਸਕਦੀ ਹੈ। ਅਜਿਹੀ ਚੁਨੌਤੀ ਕਿਸੇ ਵੀ ਵਿਅਕਤੀ ਜਾਂ ਸੰਸਥਾਂ ਦੁਆਰਾ ਦਿੱਤੀ ਜਾ ਸਕਦੀ ਹੈ।

(3) ਵਿੱਤੀ ਸੰਕਟ

ਜੇਕਰ ਰਾਸ਼ਟਰਪਤੀ ਨੂੰ ਇਹ ਵਿਸ਼ਵਾਸ ਹੋ ਜਾਵੇ ਕਿ ਅਜਿਹੀ ਸਥਿਤੀ ਉਤਪੰਨ ਹੋ ਗਈ ਹੈ ਜਿਸ ਕਾਰਨ ਭਾਰਤ ਜਾਂ ਇਸ ਦੇ ਕਿਸੇ ਭਾਗ ਦੀ ਵਿੱਤੀ ਸਥਿਰਤਾ ਜਾਂ ਸਾਖ ਖਤਰੇ ਵਿਚ ਹੈ ਤਾਂ ਉਸ ਸਮੇਂ ਅਨੁਛੇਦ 360 ਅਧੀਨ ਵਿਤੀ ਸੰਕਟ ਦਾ ਐਲਾਨ ਕਰ ਸਕਦਾ ਹੈ।

ਸੰਸਦ ਦੀ ਪ੍ਰਵਾਨਗੀ – ਜੇਕਰ ਇਹ ਐਲਾਨ ਵੀ ਸੰਸਦ ਵਲੋ ਦੋ ਮਹੀਨੇ ਅੰਦਰ ਪ੍ਰਵਾਨ ਨਾ ਕੀਤਾ ਜਾਵੇ ਤਾਂ ਇਹ ਐਲਾਨ ਆਪਣੇ ਆਪ ਸਮਾਪਤ ਹੋ ਜਾਂਦਾ ਹੈ। ਅਜਿਹੀ ਘੋਸ਼ਣਾ ਦੀ ਉਚਿਤਤਾ ਨੂੰ ਅਦਾਲਤ ਵਿਚ ਚੁਨੌਤੀ ਦਿੱਤੀ ਜਾ ਸਕਦੀ ਹੈ।

ਘੋਸ਼ਣਾ ਦੇ ਪ੍ਰਭਾਵ – ਇਸ ਪ੍ਰਕਾਰ ਦੀ ਘੋਸ਼ਣਾ ਦੇ ਪ੍ਰਭਾਵ ਇਸ ਪ੍ਰਕਾਰ ਹਨ –

(1) ਰਾਸ਼ਟਰਪਤੀ ਸਭ ਕਰਮਚਾਰੀਆਂ ਦੀਆਂ ਜਿਨ੍ਹਾਂ ਵਿਚ ਸਰਵ-ਉਚ ਅਦਾਲਤ ਅਤੇ ਉੱਚ ਅਦਾਲਤਾਂ ਦੇ ਜੱਜ ਸ਼ਾਮਿਲ ਹਨ, ਤਨਖਾਹਾਂ ਘੱਟ ਕਰਨ ਦਾ ਆਦੇਸ਼ ਜਾਰੀ ਕਰ ਸਕਦਾ ਹੈ।

(2) ਰਾਸ਼ਟਰਪਤੀ ਕਿਸੇ ਵੀ ਰਾਜ ਨੂੰ ਵਿੱਤ ਸਬੰਧੀ ਅਜਿਹੇ ਸਿਧਾਂਤਾ ਦੀ ਪਾਲਣਾ ਕਰਨ ਲਈ ਹਦਾਇਤਾ ਦੇ ਸਕਦਾ ਹੈ ਜੋ ਭਾਰਤ ਦੀ ਵਿੱਤੀ ਸਥਿਰਤਾ ਨੂੰ ਕਾਇਮ ਰੱਖਣ ਲਈ ਜ਼ਰੂਰੀ ਹੋਣ।

(3) ਰਾਸ਼ਟਰਪਤੀ ਸੰਘ ਅਤੇ ਰਾਜਾਂ ਵਿਚਕਾਰ ਆਮਦਨ ਦੀ ਸਾਧਾਰਨ ਵੰਡ ਵਿਚ ਤਬਦੀਲੀ ਕਰ ਸਕਦਾ ਹੈ।

(4) ਰਾਸ਼ਟਰਪਤੀ ਰਾਜ ਵਿਧਾਨ ਮੰਡਲਾਂ ਦੁਆਰਾ ਪਾਸ ਕੀਤੇ ਧਨ ਬਿਲ ਨੂੰ ਆਪਣੀ ਮਨਜ਼ੂਰੀ ਲਈ ਭੇਜੇ ਜਾਣ ਦਾ ਆਦੇਸ਼ ਦੇ ਸਕਦਾ ਹੈ।

2.2.10 ਸੰਕਟਕਾਲੀਨ ਸ਼ਕਤੀਆਂ ਦੀ ਆਲੋਚਨਾ ਅਤੇ ਉਚਿਤੱਤਾ

ਰਾਸ਼ਟਰਪਤੀ ਦੀਆਂ ਸੰਕਟਕਾਲੀਨ ਸ਼ਕਤੀਆਂ ਦੀ ਕਰੜੀ ਆਲੋਚਨਾ ਹੋਈ ਹੈ। ਐਚ.ਵੀ. ਕਾਮਥ ਅਨੁਸਾਰ'' ਸੰਸਾਰ ਦੇ ਲੋਕਰਾਜੀ ਦੇਸ਼ਾਂ ਦੇ ਕਿਸੇ ਵੀ ਸੰਵਿਧਾਨ ਦੀ ਭਾਰਤ ਦੇ ਸੰਕਟਕਾਲ ਨਾਲ ਸਬੰਧਿਤ ਅਧਿਆਇ ਨਾਲ ਤੁਲਨਾ ਨਹੀ ਕੀਤੀ ਜਾ ਸਕਦੀ।''

ਰਾਸ਼ਟਰਪਤੀ ਦੀਆ ਸੰਕਟਕਾਲੀਨ ਸ਼ਕਤੀਆਂ ਦੀ ਆਲੋਚਨਾ ਦੇ ਆਧਾਰ ਬੜੇ ਮਹੱਤਵਪੂਰਨ ਹਨ। ਰਾਸ਼ਟਰਪਤੀ ਦੀਆਂ ਸੰਕਟਕਾਲੀਨ ਸ਼ਕਤੀਆਂ ਦੀ ਆਲੋਚਨਾ ਹੇਠ ਲਿਖੇ ਆਧਾਰਾਂ ਤੇ ਕੀਤੀ ਗਈ ਹੈ :-

1. ਸੰਕਟਕਾਲੀਨ ਸ਼ਕਤੀਆਂ ਦੀ ਕੁਵਰਤੋ ਹੋਣ ਦੀ ਸੰਭਾਵਨਾਂ – ਆਲੋਚਕਾਂ ਅਨੁਸਾਰ ਸ਼ਾਸਕ ਦਲ ਆਪਣੇ ਰਾਜਨੀਤਿਕ ਮੰਤਵਾਂ ਦੀ ਪੂਰਤੀ ਲਈ ਸੰਕਟਕਾਲੀ ਸ਼ਕਤੀਆਂ ਦੀ ਕੁਵਰਤੋ ਕਰ ਸਕਦਾ ਹੈ। ਇਹ ਠੀਕ ਹੈ ਕਿ ਰਾਸ਼ਟਰਪਤੀ ਸੰਕਟਕਾਲੀ ਘੋਸ਼ਣਾ ਉਦੋ ਤਕ ਲਾਗੂ ਨਹੀ ਕਰ ਸਕਦਾ ਜਦੋ ਤਕ ਮੰਤਰੀ ਮੰਡਲ ਦਾ ਇਸ ਸਬੰਧੀ ਨਿਰਣਾ ਉਸਨੂੰ ਲਿਖਤੀ ਰੂਪ ਵਿਚ ਪ੍ਰਾਪਤ ਨਹੀ ਹੋ ਜਾਂਦਾ , ਪਰ ਮੰਤਰੀ ਮੰਡਲ ਲਈ ਲਿਖਤੀ ਰੂਪ ਵਿਚ ਰਾਸ਼ਟਰਪਤੀ ਨੂੰ ਆਪਣਾ ਨਿਰਣਾ ਦੇਣਾ ਕੇਵਲ ਉਸ ਸੰਕਟਕਾਲੀ ਘੋਸ਼ਣਾ ਲਈ ਜ਼ਰੂਰੀ ਹੈ ਜਿਹੜੀ ਘੋਸ਼ਣਾ ਅਨੁਛੇਦ 352 ਅਧੀਨ ਜਾਰੀ ਕੀਤੀ ਜਾਂਦੀ ਹੈ। ਜਿਹੜਾ ਸੰਕਟਕਾਲੀ ਘੋਸ਼ਣਾ ਅਨੁਛੇਦ 356 ਅਧੀਨ ਕਿਸੇ ਰਾਜ ਦੀ ਸੰਵਿਧਾਨਿਕ ਮਸ਼ੀਨਰੀ ਦੇ ਅਸਫਲ ਹੋਣ ਕਾਰਨ ਜਾਂ ਅਨੁਛੇਦ 360 ਅਧੀਨ ਵਿੱਤੀ ਸੰਕਟ ਦੇ ਕਾਰਨ ਰਾਸ਼ਟਰਪਤੀ ਦੁਆਰਾ ਜਾਰੀ ਕੀਤੀ ਜਾ ਸਕਦੀ ਹੈ, ਉਸ ਸਬੰਧੀ ਰਾਸ਼ਟਰਪਤੀ ਨੂੰ ਆਪਣਾ ਨਿਰਣਾ ਲਿਖਤੀ ਰੂਪ ਵਿਚ ਦੇਣਾ ਮੰਤਰੀ ਮੰਡਲ ਲਈ ਕੋਈ ਜ਼ਰੂਰੀ ਨਹੀ ਹੈ। ਕੇਦੰਰ ਵਿਚ ਸ਼ਾਸਕ ਦਲ ਇਹਨਾਂ ਸੰਕਟਕਾਲੀ ਸ਼ਕਤੀਆਂ ਦੀ ਕੁਵਰਤੋ ਕਰ ਸਕਦਾ ਹੈ ਅਤੇ ਆਪਣੇ ਨੂੰ ਸੱਤਾਧਾਰੀ ਬਣਾਈ ਰੱਖਣ ਲਈ

ਸੰਕਟਕਾਲ ਦੇ ਨਾਂ ਤੇ ਅਣਲੋਕਤੰਤਰੀ ਕਾਰਵਾਈਆਂ ਵੀ ਕਰ ਸਕਦਾ ਹੈ।

2. **ਅਨੁਛੇਦ 356 ਦੀ ਰਾਜਨੀਤਿਕ ਮੰਤਵਾਂ ਲਈ ਵਰਤੋਂ** – ਰਾਜਾਂ ਵਿਚ ਗਵਰਨਰ ਰਾਸ਼ਟਰਪਤੀ ਦੁਆਰਾ ਨਿਯੁਕਤ ਕੀਤੇ ਜਾਂਦੇ ਹਨ। ਸੰਸਦੀ ਸ਼ਾਸਨ ਪ੍ਰਣਾਲੀ ਹੋਣ ਕਾਰਨ ਰਾਸ਼ਟਰਪਤੀ ਗਵਰਨਰਾਂ ਦੀ ਨਿਯੁਕਤੀ ਕੇਦਂਰੀ ਮੰਤਰੀ ਮੰਡਲ ਦੀ ਸਲਾਹ ਅਨੁਸਾਰ ਹੀ ਕਰਦਾ ਹੈ। ਇਸ ਲਈ ਆਲੋਚਕਾਂ ਦਾ ਵਿਚਾਰ ਹੈ ਕਿ ਕੇਦਂਰ ਵਿਚ ਸ਼ਾਸਕ ਦਲ ਰਾਸ਼ਟਰਪਤੀ ਦੇ ਰਾਹੀ ਅਨੁਛੇਦ 356 ਨੂੰ ਆਪਣੇ ਰਾਜਨੀਤਿਕ ਮੰਤਵਾਂ ਦੀ ਪ੍ਰਾਪਤੀ ਲਈ ਵਰਤ ਸਕਦਾ ਹੈ।

ਪਹਿਲੀ ਮਈ, 1977 ਨੂੰ ਜਨਤਾ ਪਾਰਟੀ ਦੇ ਕੇਦਂਰੀ ਮੰਤਰੀ ਮੰਡਲ ਦੀ ਸਲਾਹ ਅਨੁਸਾਰ ਰਾਸ਼ਟਰਪਤੀ ਨੇ ਰਾਜਾਂ ਦੇ ਗਵਰਨਰਾਂ ਦੀ ਰਿਪੋਰਟ ਪ੍ਰਾਪਤ ਕੀਤੇ ਬਿਨਾਂ ਹੀ ਉਹਨਾਂ 9 ਰਾਜਾਂ ਵਿਚ ਰਾਸ਼ਟਰਪਤੀ ਸ਼ਾਸਨ ਲਾਗੂ ਕਰ ਦਿੱਤਾ ਸੀ ਜਿਹਨਾਂ ਰਾਜਾਂ ਵਿਚ ਕਾਂਗਰਸ ਦਲ ਦੀਆਂ ਸਰਕਾਰਾਂ ਸਨ। ਇਸੇ ਤਰ੍ਹਾ 17 ਫਰਵਰੀ , 1980 ਨੂੰ ਰਾਸ਼ਟਰਪਤੀ ਨੇ ਰਾਜਾ ਦੇ ਗਵਰਨਰਾਂ ਦੀ ਰਿਪੋਰਟ ਪ੍ਰਾਪਤ ਕੀਤੇ ਬਿਨਾਂ ਹੀ ਕੇਦਂਰੀ ਮੰਤਰੀ ਮੰਡਲ ਦੀ ਸਲਾਹ ਅਨੁਸਾਰ ਉਹਨਾ ਨੌ ਰਾਜਾਂ ਵਿਚ ਰਾਸ਼ਟਰਪਤੀ ਸ਼ਾਸ਼ਨ ਲਾਗੂ ਕਰ ਦਿੱਤਾ ਸੀ ਜਿਨ੍ਹਾਂ ਰਾਜਾਂ ਵਿਚ ਗੈਰ–ਕਾਂਗਰਸੀ ਦਲਾਂ ਦੀਆਂ ਸਰਕਾਰਾਂ ਸਨ। ਇਹ ਦੋਵੇ ਉਦਾਹਰਨਾਂ ਸਾਡੇ ਇਸ ਸ਼ੰਕੇ ਦੀ ਪੁਸ਼ਟੀ ਕਰਦੀਆ ਹਨ ਕਿ ਕੇਦਂਰ ਵਿਚ ਸ਼ਾਸਕ ਦਲ ਅਨੁਛੇਦ 356 ਦੀ ਵਰਤੋ ਆਪਣੇ ਰਾਜਨੀਤਿਕ ਮੰਤਵਾ ਲਈ ਕਰ ਸਕਦਾ ਹੈ।

3. **ਸੰਕਟਕਾਲੀਨ ਸ਼ਕਤੀਆਂ ਲੋਕਤੰਤਰ ਵਿਰੋਧੀ** – ਸੰਕਟਕਾਲ ਦੀ ਸਥਿਤੀ ਸਮੇਂ ਮੌਲਿਕ ਅਧਿਕਾਰ ਮੁਅੱਤਲ ਕੀਤੇ ਜਾ ਸਕਦੇ ਹਨ। ਮੌਲਿਕ ਅਧਿਕਾਰਾਂ ਨੂੰ ਮੁਅੱਤਲ ਕਰਨ ਦੀ ਵਿਵਸਥਾ ਭਾਰਤੀ ਲੋਕਤੰਤਰ ਤੇ ਇਕ ਕਲੰਕ ਹੈ। ਮੌਲਿਕ ਅਧਿਕਾਰਾਂ ਨੂੰ ਮੁਅੱਤਲ ਕਰਕੇ ਕੇਦਂਰ ਸਰਕਾਰ ਸਾਰੇ ਦੇਸ਼ ਵਿਚ ਸੱਤਾਵਾਦੀ ਸ਼ਾਸਨ ਸਥਾਪਿਤ ਕਰ ਸਕਦੀ ਹੈ। ਅਜਿਹੀ ਸਥਿਤੀ ਦੀ ਵਧੇਰੇ ਸੰਭਾਵਨਾ ਉਸ ਸਮੇਂ ਹੋਵੇਗੀ ਜਦੋ ਸੰਸਦ ਦੇ ਦੋਨੇ ਸਦਨਾਂ ਵਿਚ ਇਕ ਹੀ ਦਲ ਨੂੰ ਭਾਰੀ ਬਹੁਮਤ ਪ੍ਰਾਪਤ ਹੋਵੇਗਾ।

4.**ਸੰਕਟਕਾਲੀ ਸ਼ਕਤੀਆਂ ਸੰਘ ਵਿਰੋਧੀ ਹਨ** – ਜਦੋ ਇਹਨਾਂ ਸ਼ਕਤੀਆਂ ਦੀ ਵਰਤੋ ਦੁਆਰਾ ਦੇਸ਼ ਦੇ ਸੰਘਾਤਮਕ ਪ੍ਰਬੰਧ ਦੀ ਥਾਂ ਇਕਾਤਮਕ ਰੂਪ ਦਾ ਪ੍ਰਬੰਧ ਲਾਗੂ ਕੀਤਾ ਜਾ ਸਕਦਾ ਹੈ ਤਾਂ ਸਪਸ਼ੱਟ ਹੈ ਕਿ ਇਹ ਸ਼ਕਤੀਆਂ ਸੰਘ ਵਿਰੋਧੀ ਵੀਹਨ ਸੰਕਟਾਕਾਲੀਨ ਅਵਸਥਾ ਵਿਚ ਕੇਦਂਰ ਸਰਕਾਰ ਰਾਜਾਂ ਦੀਆਂ ਸਰਕਾਰਾਂ ਨੂੰ ਹਦਾਇਤਾਂ ਭੇਜਦੀ ਹੈ, ਤੇ ਇਹਨਾਂ ਹਦਾਇਤਾਂ ਦੀ ਪਾਲਣਾ ਕਰਨਾ ਰਾਜ ਸਰਕਾਰਾਂ ਲਈ ਲਾਜ਼ਮੀ ਹੈ।

5. **ਰਾਜਾਂ ਦੀ ਸਵਾਧੀਨਤਾ ਲਈ ਖਤਰਨਾਕ** – ਸੰਕਟਾਕਾਲੀਨ ਸ਼ਕਤੀਆਂ ਰਾਜਾਂ ਦੀ ਸੁਤੰਤਰਤਾ ਜਾਂ ਸਵਾਧੀਨਤਾ ਲਈ ਖਤਰਨਾਕ ਹੋ ਸਕਦੀਆਂ ਹਨ। ਅਨੁਛੇਦ 352 ਅਧੀਨ ਸੰਕਟਕਾਲੀਨ ਘੋਸ਼ਣਾ ਜਾਰੀ ਕਰਕੇ ਰਾਜਾਂ ਦੀ ਸਵਾਧੀਨਤਾ ਲਗਭਗ ਖਤਮ ਹੀ ਕੀਤੀ ਜਾ ਸਕਦੀ ਹੈ। ਰਾਜਾਂ ਦੀ ਮਾਲੀ ਹਾਲਤ ਪਹਿਲਾਂ ਹੀ ਚੰਗੀ ਨਹੀ ਹੈ। ਮਾਲੀ ਸੰਕਟ ਦੀ ਘੋਸ਼ਣਾ ਕਰਕੇ ਉਹਨਾਂ ਦੀ ਕੇਦਂਰ ਸਰਕਾਰ ਉਤੇ ਵਿੱਤੀ ਨਿਰਭਰਤਾ ਨੂੰ ਹੋਰ ਜ਼ਿਆਦਾ ਵਧਾਇਆ ਜਾ ਸਕਦਾ ਹੈ।ਕਿਸੇ ਰਾਜ ਵਿਚ ਸੰਵਿਧਾਨਕ ਮਸ਼ੀਨਰੀ ਦੀ ਅਸਫਲਤਾ ਦੇ ਪਰਦੇ ਪਿੱਛੇ ਉਸ ਰਾਜ ਦੀ ਪ੍ਰਸ਼ਾਸਨ ਕੇਦਂਰ ਸਰਕਾਰ ਦੇ ਕੰਟਰੋਲ ਅਧੀਨ ਕੀਤਾ ਜਾ ਸਕਦਾ ਹੈ। ਇਹ ਸਭ ਕੁਝ ਰਾਜਾਂ ਦੀ ਸੁਤੰਤਰਤਾ ਜਾਂ ਸਵਾਧੀਨਤਾ ਦੇ ਵਿਰੁੱਧ ਹੈ।

6. **ਕਲਮ ਦੇ ਇਕ ਝਟਕੇ ਨਾਲ ਸ਼ਾਸਨ ਦਾ ਸਰੂਪ ਬਦਲਿਆ ਜਾ ਸਕਦਾ ਹੈ** – ਸੰਕਟਕਾਲੀ ਸ਼ਕਤੀਆਂ ਦੀ ਵਰਤੋਂ ਕਰਕੇ ਰਾਸ਼ਟਰਪਤੀ ਇਕ ਕਲਮ ਦੇ ਝਟਕੇ ਨਾਲ ਦੇਸ਼ ਦੇ ਸ਼ਾਸਨ ਦਾ ਸਰੂਪ ਹੀ ਬਦਲ ਸਕਦਾ ਹੈ। ਅਨੁਛੇਦ 352 ਅਧੀਨ ਜਾਰੀ ਕੀਤੀ ਸੰਕਟਕਾਲੀ ਘੋਸ਼ਣਾ ਦੁਆਰਾ ਦੇਸ਼ ਦੀ ਸੰਘਾਤਮਕ ਪ੍ਰਣਾਲੀ ਨੂੰ ਇਕਾਤਮਕ ਪ੍ਰਣਾਲੀ ਦਾ ਰੂਪ ਦਿੱਤਾ ਜਾ ਸਕਦਾ ਹੈ। ਮੌਲਿਕ ਅਧਿਕਾਰ ਮੁਅੱਤਲ ਕਰਕੇ ਦੇਸ਼ ਵਿਚ ਸੱਤਾਵਾਦੀ ਸ਼ਾਸਨ ਦੀ ਸਥਾਪਨਾ ਕੀਤੀ ਜਾ ਸਕਦੀ ਹੈ। ਇਹ ਸ਼ਕਤੀਆਂ ਇੰਨੀਆਂ ਜ਼ਿਆਦਾ ਵਿਆਪਕ ਹਨ ਕਿ ਇਹਨਾਂ ਦੀ ਵਰਤੋਂ ਨਾਲ ਸੰਵਿਧਾਨ ਦਾ ਮੌਲਿਕ ਢਾਂਚਾ ਨਸ਼ਟ ਹੋ ਸਕਦਾ ਹੈ। ਇਥੇ ਇਹ ਨੋਟ ਕਰਨਾ ਬਹੁਤ ਜ਼ਰੂਰੀ ਹੈ ਕਿ 1994 ਵਿਚ ਸੁਪਰੀਮ ਕੋਰਟ ਦੁਆਰਾ ਐਸ.ਆਰ. ਬੋਮਣੀ ਦੇ ਇਹਿਤਾਸਕ ਫੈਸਲੇ ਤੋਂ ਬਾਅਦ ਧਾਰਾ 356 ਦਾ ਦੁਰਉਪਯੋਗ ਕੁਝ ਹੱਦ ਤੱਕ ਰੁਕ ਗਿਆ ਹੈ। ਕਿਉਂਕਿ ਇਸ ਫੈਸਲੇ ਵਿਚ ਸੁਪਰੀਮ ਕੋਰਟ ਨੇ ਸਪਸ਼ਟ ਨਿਰਦੇਸ਼ ਦਿੱਤੇ ਹਨ ਕਿ ਮੁੱਖ ਮੰਤਰੀ ਦੇ ਬਹੁਮਤ ਖਤਮ ਹੋਣ ਦਾ ਫੈਸਲਾ ਰਾਜਪਾਲ ਦੁਆਰਾ ਤਾਂ ਹੀ ਲਿਆ ਜਾਵੇਗਾ ਜੇ ਵਿਧਾਨ ਸਭਾ ਵਿਚ ਅਵਿਸ਼ਵਾਸ ਦਾ ਮਤਾ ਪਾਸ ਹੁੰਦਾ ਹੈ। ਦੂਜੇ ਵਿਧਾਨ ਸਭਾ ਨੂੰ

ਉਦੋਂ ਤੱਕ ਭੰਗ ਨਹੀ ਕੀਤਾ ਜਾਵੇਗਾ ਜਦੋਂ ਤੱਕ ਸੰਸਦ ਦੁਆਰਾ 356 ਦੇ ਅਧੀਨ ਘੋਸ਼ਣਾ ਦੀ ਮੰਜ਼ੂਰੀ ਨਹੀਂ ਦੇ ਦਿੱਤੀ ਜਾਂਦੀ।

ਸੰਕਟਕਾਲੀਨ ਸ਼ਕਤੀਆਂ ਦੀ ਉਚਿੱਤਤਾ

ਭਾਵੇਂ ਸੰਵਿਧਾਨ ਵਿਚ ਅੰਕਿਤ ਰਾਸ਼ਟਰਪਤੀ ਦੀਆਂ ਸੰਕਟਕਾਲੀ ਸ਼ਕਤੀਆ ਬੜੀਆਂ ਵਿਆਪਕ ਹਨ। ਇਹਨਾਂ ਸ਼ਕਤੀਆਂ ਵਿਰੁੱਧ ਦਲੀਲਾਂ ਠੋਸ ਹਨ, ਪਰੰਤੂ ਸ਼ਕਤੀਆਂ ਦਾ ਸੰਵਿਧਾਨ ਵਿਚ ਅੰਕਿਤ ਹੋਣਾ ਹੇਠ ਲਿਖੇ ਕਾਰਨਾਂ ਕਰਕੇ ਉਚਿਤ ਸਮਝਿਆ ਜਾਂਦਾ ਹੈ :–

1.**ਇਤਿਹਾਸਕ ਤਜਰਬਾ** – ਇਹ ਠੀਕ ਹੈ ਕਿ ਲੋਕਤੰਤਰੀ ਸਿਧਾਂਤਾ ਤੇ ਆਧਾਰਿਤ ਭਾਰਤੀ ਸੰਵਿਧਾਨ ਵਿਚ ਇਹਨਾਂ ਉਪਬੰਧਾਂ ਦਾ ਹੋਣਾ ਬਹੁਤ ਨਿਰਦਈ ਜਾਪਦਾ ਹੈ, ਪਰੰਤੂ ਇਹਨਾਂ ਉਪਬੰਧਾਂ ਦਾ ਅਧਿਐਨ ਭਾਰਤੀ ਇਤਿਹਾਸ ਦੀ ਦ੍ਰਿਸ਼ਟੀ ਤੋ ਕੀਤਾ ਜਾਣਾ ਚਾਹੀਦਾ ਹੈ। ਭਾਰਤ ਸਦੀਆਂ ਤੋ ਇਸ ਕਰਕੇ ਗੁਲਾਮ ਰਿਹਾ ਕਿਉਕਿ ਕੇਦੰਰ ਵਿਚ ਮਜਬੂਤ ਸਰਕਾਰ ਦੀ ਅਣਹੋਦੰ ਸੀ। ਦੇਸ਼ ਨੂੰ ਵੱਖਵਾਦੀ ਅਤੇ ਰਾਸ਼ਟਰ–ਵਿਰੋਧੀ ਸ਼ਕਤੀਆਂ ਤੋ ਬਚਾਉਣ ਲਈ ਸੰਕਟਕਾਲੀ ਸ਼ਕਤੀਆਂ ਦੀ ਵਿਵਸਥਾ ਕੀਤੀ ਗਈ ਹੈ। ਦੇਸ਼ ਵਿਚ ਅਜਿਹੇ ਹਾਲਾਤ ਪੈਦਾ ਹੋ ਸਕਦੇ ਹਨ ਜਿਨ੍ਹਾਂ ਤੋ ਭਾਰਤ ਨੂੰ ਬੜਾ ਗੰਭੀਰ ਖਤਰਾ ਪੈਦਾ ਹੋ ਸਕਦਾ ਹੈ। ਸੰਵਿਧਾਨ ਵਿਚ ਇਹਨਾਂ ਸ਼ਕਤੀਆਂ ਦੇ ਹੋਣ ਨਾਲ ਦੇਸ਼ ਦੀ ਅਖੰਡਤਾ ਅਤੇ ਸੁਰੱਖਿਆਂ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ।

2. **ਰਾਸ਼ਟਰੀ ਸੁੱਰਖਿਆਂ ਲਈ ਜ਼ਰੂਰੀ** – ਵਿਅਕਤੀਗਤ ਸੁਤੰਤਰਤਾ ਨਾਲੋ ਰਾਸ਼ਟਰੀ ਸੁਰੱਖਿਆ ਵਧੇਰੇ ਮਹੱਤਵਪੂਰਨ ਹੈ। ਸੰਘੀ ਪ੍ਰਣਾਲੀ ਦੀ ਸੁੱਰਖਿਆਂ ਦੀ ਉਨੀ ਮਹੱਤਤਾ ਨਹੀ ਹੈ ਜਿੰਨੀ ਰਾਸ਼ਟਰੀ ਸੁਰੱਖਿਆਂ ਦੀ ਹੈ। ਭਾਰਤ ਵਿਚ ਕੇਦੰਰ ਸਰਕਾਰ ਹੀ ਸਮੁੱਚੇ ਦੇਸ਼ ਦੀ ਸੁਰੱਖਿਆਂ ਲਈ ਜਿੰਮੇਵਾਰ ਹੈ। ਭਾਰਤ ਇਕ ਲੰਬੇ ਸਮੇਂ ਤੋਂ ਵਿਦੇਸ਼ੀ ਗੁਲਾਮੀ ਦਾ ਸ਼ਿਕਾਰ ਰਿਹਾ ਹੈ। ਅੰਗਰੇਜ਼ਾਂ ਦੀ ਫੁੱਟ ਪਾਓ ਤੇ ਰਾਜ ਕਰੋ ਦੀ ਨੀਤੀ ਨੇ ਰਾਸ਼ਟਰੀ ਏਕਤਾ ਨੂੰ ਨਸ਼ਟ ਕਰ ਦਿੱਤਾ ਸੀ। ਸੁਤੰਤਰਤਾ ਅਤੇ ਰਾਸ਼ਟਰੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇਹਨਾਂ ਸੰਕਟਕਾਲੀ ਸ਼ਕਤੀਆ ਦੀ ਰਾਸ਼ਟਰਪਤੀ ਨੂੰ ਸੌਂਪਣਾ ਬਿਲਕੁਲ ਉਚਿਤ ਪ੍ਰਤੀਤ ਹੁੰਦਾ ਹੈ।

3. **ਸ਼ਕਤੀਸ਼ਾਲੀ ਕੇਦੰਰ ਸਮੇ ਦੀ ਮੰਗ** – ਸ਼ਕਤੀਸ਼ਾਲੀ ਕੇਦੰਰ ਦਰਅਸਲ ਸਮੇਂ ਦੀ ਮੰਗ ਹੈ। ਕਮਜ਼ੋਰ ਕੇਦੰਰੀ ਸਰਕਾਰ ਦੇਸ਼ ਦੀ ਸੁਰੱਖਿਆ ਲਈ ਹਾਨੀਕਾਰਕ ਸਿੱਧ ਹੋ ਸਕਦੀ ਹੈ। ਭਾਰਤ ਵਿਚ ਵੀ ਇਕ ਸ਼ਕਤੀਸ਼ਾਲੀ ਕੇਦੰਰ ਦੀ ਲੋੜ ਹੈ। ਭਾਰਤ ਦਾ ਇਤਿਹਾਸ ਦੱਸਦਾ ਹੈ ਕਿ ਜਦੋ ਕਦੇ ਵੀ ਕੇਦੰਰੀ ਸ਼ਾਸਨ ਕਮਜ਼ੋਰ ਹੋਇਆ ਤਾਂ ਭਾਰਤ ਨੂੰ ਵਿਦੇਸ਼ੀ ਹਮਲਿਆਂ ਜਾਂ ਵਿਦੇਸ਼ੀ ਗੁਲਾਮੀ ਦਾ ਸ਼ਿਕਾਰ ਹੋਣਾ ਪਿਆ ਸੀ। ਇਸ ਇਤਿਹਾਸਕ ਤਜਰਬੇ ਨੂੰ ਦੇਖਦਿਆਂ ਹੋਇਆਂ ਵੀ ਭਾਰਤ ਵਿਚ ਸ਼ਕਤੀਸ਼ਾਲੀ ਕੇਦੰਰ ਦੀ ਵਿਵਸਥਾ ਕੀਤੀ ਜਾਣੀ ਜ਼ਰੂਰੀ ਸੀ।

4. **ਰਾਸ਼ਟਰਪਤੀ ਇਕ ਸੰਵਿਧਾਨਕ ਮੁਖ਼ੀ**– ਕੁੱਝ ਆਲੋਚਕਾਂ ਦਾ ਵਿਚਾਰ ਕਿ ਰਾਸ਼ਟਰਪਤੀ ਸੰਕਟਕਾਲੀ ਸ਼ਕਤੀਆਂ ਦੁਆਰਾ ਤਾਨਾਸ਼ਾਹ ਬਣ ਸਕਦਾ ਹੈ, ਪਰੰਤੂ ਅਜਿਹੀ ਸਥਿਤੀ ਦੀ ਸੰਭਾਵਨਾ ਨਹੀ ਹੋ ਸਕਦੀ ਕਿਉਂਕਿ ਭਾਰਤ ਵਿਚ ਸੰਸਦੀ ਸ਼ਾਸ਼ਨ ਪ੍ਰਣਾਲੀ ਹੈ। ਭਾਰਤ ਵਿਚ ਰਾਸ਼ਟਰਪਤੀ ਕੋਈ ਵੀ ਕੰਮ ਮੰਤਰੀ ਮੰਡਲ ਦੀ ਸਲਾਹ ਤੋ ਬਿਨਾਂ ਨਹੀ ਕਰ ਸਕਦਾ ਹੈ। ਸੰਵਿਧਾਨ ਅਨੁਸਾਰ ਰਾਸ਼ਟਰਪਤੀ ਆਪਣੀਆਂ ਸ਼ਕਤੀਆਂ ਦੀ ਵਰਤੋ ਮੰਤਰੀ ਮੰਡਲ ਦੀ ਸਲਾਹ ਅਨੁਸਾਰ ਹੀ ਕਰੇਗਾ। ਇਸ ਉਪਬੰਧ ਦੇ ਕਾਰਨ ਰਾਸ਼ਟਰਪਤੀ ਸੰਕਟਕਾਲੀ ਸ਼ਕਤੀਆਂ ਦੀ ਵਰਤੋ ਆਪਣੀ ਇੱਛਾ ਅਨੁਸਾਰ ਨਹੀ ਕਰ ਸਕਦਾ।

5. **ਸੰਕਟਕਾਲੀ ਸ਼ਕਤੀਆਂ ਅਸੀਮਿਤ ਨਹੀ ਹਨ**– ਕਿਉਕਿ ਰਾਸ਼ਟਰਪਤੀ ਦੁਆਰਾ ਜਾਰੀ ਕੀਤੀ ਸੰਕਟਕਾਲੀ ਘੋਸ਼ਣਾ ਸੰਸਦ ਕੋਲੋ ਨਿਸ਼ਚਿਤ ਸਮੇਂ ਅੰਦਰ ਪ੍ਰਵਾਨ ਕਰਾਉਣੀ ਪੈਂਦੀ ਹੈ। ਜੇਕਰ ਸੰਸਦ ਅਜਿਹੀ ਘੋਸ਼ਣਾ ਨੂੰ ਪ੍ਰਵਾਨ ਨਾ ਕਰੇ ਤਾਂ ਤੁਰੰਤ ਹੀ ਉਹ ਸਮਾਪਤ ਹੋ ਜਾਂਦੀ ਹੈ। ਰਾਸ਼ਟਰਪਤੀ ਮੰਤਰੀ ਮੰਡਲ ਦਾ ਲਿਖਤੀ ਨਿਰਣਾ ਪ੍ਰਾਪਤ ਕੀਤੇ ਬਿਨਾਂ ਅਨੁਛੇਦ 352 ਅਧੀਨ ਸੰਕਟਕਾਲੀ ਘੋਸ਼ਣਾ ਜਾਰੀ ਨਹੀ ਕਰ ਸਕਦਾ ਹੈ। ਇਸ ਤੋ ਇਲਾਵਾ ਲੋਕ ਸਭਾ ਅਜਿਹੀ ਘੋਸ਼ਣਾ ਨੂੰ ਸਾਧਾਰਨ ਬਹੁਮਤ ਨਾਲ ਪ੍ਰਸਤਾਵ ਪਾਸ ਕਰਕੇ ਕਿਸੇ ਸਮੇਂ ਵੀ ਸਮਾਪਤ ਕਰ ਸਕਦੀ ਹੈ।

6. **ਰਾਸ਼ਟਪਤੀ ਵਿਰੁੱਧ ਮਹਾਂਦੋਸ਼ ਦਾ ਮੁਕੱਦਮਾ** – ਰਾਸ਼ਟਰਪਤੀ ਆਪਣੀਆਂ ਸ਼ਕਤੀਆਂ ਦੀ ਵਰਤੋ ਤਾਨਾਸ਼ਾਹੀ

ਤਰੀਕੇ ਨਾਲ ਨਹੀ ਕਰ ਸਕਦਾ । ਜੇਕਰ ਉਹ ਇਸ ਤਰ੍ਹਾਂ ਦੀ ਕਾਰਵਾਈ ਕਰਦਾ ਹੈ ਤਾਂ ਉਸ ਦੇ ਵਿਰੁੱਧ ਸੰਵਿਧਾਨ ਦੀ ਉਲੰਘਣਾ ਦੇ ਦੋਸ਼ ਕਾਰਨ ਮਹਾਂਦੋਸ਼ ਦਾ ਮੁੱਕਦਮਾ ਚਲਾਇਆ ਜਾ ਸਕਦਾ ਹੈ ਅਤੇ ਨਿਸ਼ਚਿਤ ਵਿਧੀ ਦੁਆਰਾ ਸੰਸਦ ਉਸ ਨੂੰ ਪਦ ਤੋਂ ਹਟਾ ਸਕਦੀ ਹੈ।

ਸਿੱਟਾ – ਸੰਖੇਪ ਵਿਚ, ਅਸੀ ਕਹਿ ਸਕਦੇ ਹਾਂ ਕਿ ਰਾਸ਼ਟਰਪਤੀ ਦੀਆਂ ਸੰਕਟਕਾਲੀ ਸ਼ਕਤੀਆਂ ਰਾਜਾਂ ਦੇ ਹਿੱਤਾਂ ਨੂੰ ਕੁਚਲਣ ਲਈ ਨਹੀ , ਸਗੋ ਉਹਨਾਂ ਨੂੰ ਸੁਰੱਖਿਅਤ ਬਣਾਉਣ ਲਈ ਹਨ। ਇਹ ਸ਼ਕਤੀਆਂ ਅਨੇਕਾਂ ਦੇਸ਼ਾਂ ਦੇ ਮੁੱਖੀਆਂ ਨੂੰ ਸੰਕਟ ਸਮੇਂ ਦਿੱਤੀਆਂ ਜਾਂਦੀਆਂ ਹਨ, ਪਰ ਇਸ ਸਬੰਧੀ ਇਹ ਕਹਿਣਾ ਜ਼ਰੂਰੀ ਹੈ ਕਿ ਕੇਂਦਰ ਵਿਚ ਸ਼ਾਸਕ ਦਲ ਨੂੰ ਇਹਨਾਂ ਸੰਕਟਕਾਲੀ ਸ਼ਕਤੀਆਂ ਦੀ ਵਰਤੋ ਆਪਣੇ ਰਾਜਨੀਤਿਕ ਮੰਤਵਾਂ ਲਈ ਨਹੀ ਕਰਨੀ ਚਾਹੀਦੀ। ਇਹਨਾਂ ਸ਼ਕਤੀਆਂ ਦੀ ਵਿਵਸਥਾ ਰਾਸ਼ਟਰਪਤੀ ਹਿੱਤਾਂ ਦੀ ਸੁਰੱਖਿਆ ਲਈ ਕੀਤੀ ਗਈ ਹੈ ਤੇ ਇਹਨਾਂ ਸ਼ਕਤੀਆਂ ਦੀ ਵਰਤੋ ਵੀ ਰਾਸ਼ਟਰੀ ਹਿੱਤਾਂ ਦੀ ਸੁਰੱਖਿਆ ਲਈ ਹੀ ਕੀਤੀ ਜਾਣੀ ਚਾਹੀਦੀ ਹੈ।

2.2.11 ਰਾਸ਼ਟਰਪਤੀ ਦੀ ਸਥਿਤੀ

ਸ਼ਕਤੀਸ਼ਾਲੀ ਸਥਿਤੀ – ਭਾਰਤ ਦੇ ਰਾਸ਼ਟਰਪਤੀ ਦੀਆਂ ਕਾਰਜਕਾਰੀ, ਵਿਧਾਨਿਕ ਵਿੱਤੀ, ਨਿਆਂਇਕ ਤੇ ਸੰਕਟਕਾਲੀ ਸ਼ਕਤੀਆਂ ਇਹ ਪ੍ਰਭਾਵ ਦਿੰਦੀਆਂ ਹਨ ਕਿ '' ਰਾਸ਼ਟਰਪਤੀ ਦੇਸ਼ ਦਾ ਤਾਨਾਸ਼ਾਹੀ ਹਾਕਮ ਬਣ ਸਕਦਾ ਹੈ।''ਡਾ : ਰਾਓ ਦੇ ਕਥਨ ਅਨੁਸਾਰ ''ਰਾਸ਼ਟਰਪਤੀ ਦੀਆਂ ਸ਼ਕਤੀਆਂ ਦੇ ਨਿਰੀਖਣ ਤੋਂ ਸਪਸ਼ਟ ਪ੍ਰਤੀਤ ਹੁੰਦਾ ਹੈ ਕਿ ਸਾਡੇ ਸੰਵਿਧਾਨ ਨੇ ਬਹੁਤ ਜ਼ਿਆਦਾ ਸ਼ਕਤੀਸ਼ਾਲੀ ਕਾਰਜਪਾਲਿਕਾ ਦੀ ਸਥਾਪਨਾ ਕੀਤੀ ਹੈ, ਸ਼ਾਇਦ ਸੰਸਾਰ ਵਿਚ ਸਭ ਤੋ ਜ਼ਿਆਦਾ ਸ਼ਕਤੀਸ਼ਾਲੀ ਕਾਰਜਕਾਰੀ ਅਧਿਕਾਰੀ ਹੈ।

ਰਾਸ਼ਟਰਪਤੀ ਇੱਕ ਸੰਵਿਧਾਨਿਕ ਮੁਖੀ – ਭਾਰਤ ਦਾ ਰਾਸ਼ਟਰਪਤੀ ਦੇਸ਼ ਦਾ ਸੰਵਿਧਾਨਿਕ ਮੁਖੀ ਹੈ। ਸੰਵਿਧਾਨਿਕ ਮੁੱਖੀ ਉਸ ਨੂੰ ਕਿਹਾ ਜਾਂਦਾ ਹੈ। ਜਿਸ ਨੂੰ ਸੰਵਿਧਾਨ ਨੇ ਦੇਸ਼ ਦਾ ਮੁੱਖੀ ਬਣਾਇਆ ਹੋਵੇ, ਜਿਸ ਦੇ ਨਾਂ ਤੇ ਦੇਸ਼ ਦਾ ਸ਼ਾਸਨ ਚਲਾਇਆ ਜਾਂਦਾ ਹੋਵੇ, ਜਿਸ ਨੂੰ ਸੰਵਿਧਾਨਿਕ ਨੇ ਸਾਰੀਆਂ ਕਾਰਜਕਾਰੀ ਸ਼ਕਤੀਆਂ ਵੀ ਦਿੱਤੀਆ ਹੋਣ, ਪਰ ਉਹ ਵਾਸਤਵ ਵਿਚ ਉਹਨਾਂ ਸ਼ਕਤੀਆਂ ਦੀ ਵਰਤੋਂ ਆਮ ਹਾਲਤਾਂ ਵਿਚ ਆਪਣੀ ਇੱਛਾ ਅਨੁਸਾਰ ਨਾ ਕਰ ਸਕਦਾ ਹੋਵੇ, ਰਾਸ਼ਟਰਪਤੀ ਨੂੰ ਆਪਣੀਆਂ ਸ਼ਕਤੀਆਂ ਦੀ ਵਰਤੋਂ ਮੰਤਰੀ ਪਰਿਸ਼ਦ ਦੀ ਸਲਾਹ ਅਨੁਸਾਰ ਕਰਨੀ ਪੈਦੀ ਹੈ। ਭਾਰਤ ਦੇ ਰਾਸ਼ਟਰਪਤੀ ਦੀਆਂ ਕਾਰਜਕਾਰੀ, ਵਿਧਾਨਿਕ, ਵਿੱਤੀ ਅਤੇ ਸੰਕਟਕਾਲੀ ਸ਼ਕਤੀਆਂ ਇਹ ਪ੍ਰਭਾਵ ਦਿੰਦੀਆਂ ਹਨ ਕਿ ਰਾਸ਼ਟਰਪਤੀ ਦੇਸ਼ ਦਾ ਤਾਨਾਸ਼ਾਹ ਹਾਕਮ ਬਣ ਸਕਦਾ ਹੈ। ਪਰ ਰਾਸ਼ਟਰਪਤੀ ਦੀ ਸਥਿਤੀ ਨਿਰੰਕੁਸ਼ ਸਾਸ਼ਕ ਵਾਲੀ ਨਹੀ ਹੈ। ਸਾਡੇ ਦੇਸ਼ ਵਿਚ ਸੰਸਦੀ ਪ੍ਰਣਾਲੀ ਹੈ। ਜਿਸ ਕਾਰਨ ਰਾਸ਼ਟਰਪਤੀ ਦੀ ਸਥਿਤੀ ਨਿਰੰਕੁਸ਼ ਸ਼ਾਸ਼ਕ ਵਾਲੀ ਨਹੀ ਹੋ ਸਕਦੀ ਹੈ, ਕਿਉਕਿ ਅਜਿਹੀ ਸਥਿਤੀ ਸੰਸਦੀ ਸ਼ਾਸ਼ਨ ਦੇ ਪ੍ਰਵਾਣਿਤ ਸਿਧਾਂਤ ਦੇ ਵਿਰੁੱਧ ਹੈ। ਸੰਵਿਧਾਨ ਵਿਚ ਇਹ ਸਪਸ਼ਟ ਵਿਵਸਥਾ ਹੈ। ਕਿ ਰਾਸ਼ਟਰਪਤੀ ਆਪਣੀਆਂ ਸ਼ਕਤੀਆਂ ਦੀ ਵਰਤੋ ਮੰਤਰੀ ਪਰਿਸ਼ਦ ਦੀ ਸਲਾਹ ਅਨੁਸਾਰ ਕਰੇਗਾ। ਇਹ ਠੀਕ ਹੈ ਕਿ ਰਾਸ਼ਟਰਪਤੀ ਮੰਤਰੀ ਪਰਿਸ਼ਦ ਨੂੰ ਕਿਸੇ ਮਾਮਲੇ ਸਬੰਧੀ ਦਿੱਤੀ ਸਲਾਹ ਨੂੰ ਮੁੜ ਵਿਚਾਰਨ ਲਈ ਕਹਿ ਸਕਦਾ ਹੈ, ਪਰ ਦੁਬਾਰਾ ਵਿਚਾਰ ਕਰਨ ਮਗਰੋ ਮੰਤਰੀ ਪਰਿਸ਼ਦ ਵੱਲੋ ਦਿੱਤੀ ਸਲਾਹ ਨੂੰ ਰਾਸ਼ਟਰਪਤੀ ਮੰਨਣ ਤੋਂ ਇਨਕਾਰ ਨਹੀ ਕਰ ਸਕਦਾ। ਪੰਡਿਤ ਨਹਿਰੂ ਅਨੁਸਾਰ,'' ਅਸੀ ਆਪਣੇ ਰਾਸ਼ਟਰਪਤੀ ਨੂੰ ਕੋਈ ਅਸਲ ਸ਼ਕਤੀ ਨਹੀ ਦਿੱਤੀ ਹੈ, ਪਰੰਤੂ ਅਸੀ ਉਸਦੀ ਪਦਵੀ ਨੂੰ ਮਹਾਨ ਅਧਿਕਾਰਾਂ ਅਤੇ ਸਤਿਕਾਰ ਵਾਲੀ ਬਣਾਇਆ ਹੈ।''

ਰਾਸ਼ਟਰਪਤੀ ਆਮ ਹਾਲਤਾਂ ਵਿੱਚ ਅਸਲੀ ਸ਼ਕਤੀ ਦੀ ਵਰਤੋ ਨਹੀ ਕਰ ਸਕਦਾ। ਜੇਕਰ ਰਾਸ਼ਟਰਪਤੀ ਮਨਮਾਨੀ ਕਰਨ ਦਾ ਯਤਨ ਕਰੇਗਾ ਤਾਂ ਸੰਵਿਧਾਨ ਦੀ ਉਲੰਘਣਾ ਦੇ ਦੋਸ਼ ਵਿਚ ਉਸ ਵਿਰੁੱਧ ਮੁੱਕਦਮਾ ਚਲਾ ਕੇ ਉਸ ਨੂੰ ਪਦਵੀ ਤੋ ਹਟਾਇਆ ਜਾ ਸਕਦਾ ਹੈ। ਰਾਸ਼ਟਰਪਤੀ ਇੱਕ ਮੋਮਬੱਤੀ ਦੀ ਤਰ੍ਹਾਂ ਹੈ ਜਦੋਂ-ਜਦੋਂ ਵੀ ਸੰਵਿਧਾਨਿਕ ਸੰਸਥਾਵਾਂ ਵਿੱਚ ਕੋਈ ਖੁਲਾਅ ਪੈਦਾ ਹੁੰਦਾ ਤਾਂ ਰਾਸ਼ਟਰਪਤੀ ਆਪਣੀ ਲੋਅ ਨਾਲ ਚਾਨਣ ਮੁਨਾਰੇ ਦਾ ਕੰਮ ਕਰਦੀ ਹੈ।

2.2.12 ਸਵੈ-ਪਰਖ ਅਭਿਆਸ

ਕੋਈ ਦੋ ਪ੍ਰਸ਼ਨ ਹੱਲ ਕਰੋ :

ਛੋਟੇ ਉੱਤਰਾਂ ਵਾਲੇ ਪ੍ਰਸ਼ਨ :

1. ਰਾਸ਼ਟਰਪਤੀ ਨੂੰ ਪਦਵੀ ਤੋਂ ਕਿਸ ਤਰ੍ਹਾਂ ਹਟਾਇਆ ਜਾ ਸਕਦਾ ਹੈ?
2. ਰਾਸ਼ਟਰਪਤੀ ਦੀ ਚੋਣ ਕੌਣ ਕਰਦਾ ਹੈ?

3. ਰਾਸਟਰਪਤੀ ਦੀ ਅਧਿਆਦੇਸ਼ ਜਾਰੀ ਕਰਨ ਦੀ ਸ਼ਕਤੀ ਬਿਆਨ ਕਰੋ ।

4. ਰਾਸਟਰਪਤੀ ਦੀਆਂ ਸੰਕਟਕਾਲੀ ਸ਼ਕਤੀਆਂ ਬਾਰੇ ਤੁਸੀ ਕੀ ਜਾਣਦੇ ਹੋ?

ਵੱਡੇ ਉੱਤਰਾਂ ਵਾਲੇ ਪ੍ਰਸ਼ਨ :

1.ਭਾਰਤ ਦੇ ਰਾਸ਼ਟਰਪਤੀ ਦੀ ਚੋਣ ਦਾ ਤਰੀਕਾ ਬਿਆਨ ਕਰੋ ।

2. ਭਾਰਤ ਦੇ ਰਾਸ਼ਟਰਪਤੀ ਦੀਆਂ ਸ਼ਕਤੀਆਂ ਦੀ ਸੰਖੇਪ ਵਿਖਾਇਆ ਕਰੋ।

3. ਭਾਰਤ ਦੇ ਰਾਸ਼ਟਰਪਤੀ ਦੀਆਂ ਸੰਕਟਕਾਲੀ ਸ਼ਕਤੀਆਂ ਦਾ ਆਲੋਚਨਾਤਮਕ ਨਿਰੀਖਣ ਕਰੋ।

ਬੀ.ਏ. ਭਾਗ – ਦੂਜਾ **ਰਾਜਨੀਤੀ ਵਿਗਿਆਨ**

ਸਮੈਸਟਰ ਤੀਜਾ

ਪਾਠ ਨੰਬਰ 2.3 **ਲੇਖਕ : ਜ਼ੋਰਾ ਸਿੰਘ**

ਭਾਰਤੀ ਸੰਸਦ : ਬਣਤਰ, ਸ਼ਕਤੀਆਂ ਅਤੇ ਸਥਿਤੀ।
(Parliament of India : Composition, Power and Position)

ਪਾਠ ਦੀ ਰੂਪ ਰੇਖਾ :

2.3.1 ਪਾਠ ਦਾ ਉਦੇਸ਼
2.3.2 ਭੂਮਿਕਾ
2.3.3 ਲੋਕ ਸਭਾ ਦੀ ਬਣਤਰ
  2.3.3.1 ਲੋਕ ਸਭਾ ਦੇ ਮੈਬਰਾਂ ਦੀ ਚੋਣ
  2.3.3.2 ਮੈਬਰਾਂ ਦੀਆਂ ਯੋਗਤਾਵਾਂ
  2.3.3.3 ਮਿਆਦ
  2.3.3.4 ਸਪੀਕਰ ਅਤੇ ਡਿਪਟੀ ਸਪੀਕਰ
2.3.4 ਲੋਕ ਸਭਾ ਦੀਆਂ ਸ਼ਕਤੀਆਂ ਅਤੇ ਕੰਮ
  2.3.4.1 ਵਿਧਾਨਕ ਸ਼ਕਤੀਆਂ
  2.3.4.2 ਵਿੱਤੀ ਸ਼ਕਤੀਆਂ
  2.3.4.3 ਕਾਰਜਪਾਲਕਾਂ ਉੱਤੇ ਨਿਯੰਤਰਣ
  2.3.4.4 ਨਿਆਇਕ ਸ਼ਕਤੀਆਂ
  2.3.4.5 ਚੋਣ ਸਬੰਧੀ ਕਾਰਜ
  2.3.4.6 ਅਧਿਆਦੇਸ਼ਾਂ ਸਬੰਧੀ ਸ਼ਕਤੀਆਂ
  2.3.4.7 ਸੰਕਟਕਾਲੀ ਘੋਸ਼ਣਾ ਸਬੰਧੀ ਸ਼ਕਤੀਆਂ
2.3.5 ਰਾਜ ਸਭਾ ਦੀ ਬਣਤਰ
  2.3.5.1 ਰਾਜ ਸਭਾ ਦੀ ਰਚਨਾ
  2.3.5.2 ਮਿਆਦ
  2.3.5.3 ਮੈਬਰਾਂ ਦੀਆਂ ਯੋਗਤਾਵਾਂ
  2.3.5.4 ਰਾਜ ਸਭਾ ਦਾ ਅਧਿਅਕਸ਼
2.3.6. ਰਾਜ ਸਭਾ ਦੀਆਂ ਸ਼ਕਤੀਆਂ ਅਤੇ ਕੰਮ
  2.3.6.1 ਵਿਧਾਨਕ ਸ਼ਕਤੀਆਂ

2.3.6.2 ਵਿੱਤੀ ਸ਼ਕਤੀਆਂ
2.3.6.3 ਕਾਰਜਪਾਲਿਕਾ ਉੱਤੇ ਨਿਯੰਤਰਣ
2.3.6.4 ਨਿਆਇਕ ਸ਼ਕਤੀਆਂ
2.3.6.5 ਸੰਵਿਧਾਨਕ ਸ਼ਕਤੀਆਂ
2.3.6.6 ਚੋਣ ਸਬੰਧੀ ਸ਼ਕਤੀਆਂ
2.3.6.7 ਫੁਟਕਲ ਸ਼ਕਤੀਆਂ
2.3.6.8 ਨਿਵੇਕਲੀਆਂ ਸ਼ਕਤੀਆਂ
2.3.7 ਰਾਜ ਸਭਾ ਦੀ ਸਥਿਤੀ
2.3.8 ਸੰਸਦ ਦੀ ਭੂਮਿਕਾ
2.3.9 ਸਿੱਟਾ
2.3.2.3 ਸਵੈ-ਪਰਖ ਅਭਿਆਸ

2.3.1 ਪਾਠ ਦਾ ਉਦੇਸ਼

ਇਸ ਪਾਠ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਭਾਰਤੀ ਸੰਸਦ ਦੀ ਬਣਤਰ ਬਾਰੇ ਜਾਣਕਾਰੀ ਦੇਣਾ ਹੈ। ਇਸ ਦੇ ਇਲਾਵਾ ਭਾਰਤੀ ਸੰਸਦ ਦੀ ਮਹੱਤਵਪੂਰਨ ਸ਼ਕਤੀਆਂ ਬਾਰੇ ਜਾਣਕਾਰੀ ਦੇਣਾ ਹੈ। ਭਾਰਤ ਵਿਚ ਸੰਸਦੀ ਪ੍ਰਣਾਲੀ ਹੈ। ਇਸ ਲਈ ਵਿਦਿਆਰਥੀਆਂ ਨੂੰ ਇਹ ਜਾਣਕਾਰੀ ਦੇਣੀ ਹੈ ਕਿ ਸੰਸਦ ਕਾਰਜਪਾਲਕਾ ਤੇ ਕਿਵੇ ਨਿਯੰਤਰਨ ਰੱਖਦੀ ਹੈ। ਲੋਕ ਸਭਾ ਬਾਰੇ ਇਹ ਜਾਣਕਾਰੀ ਦੇਣਾ ਹੈ ਕਿ ਇਹ ਰਾਜ ਸਭਾ ਨਾਲੋ ਵੱਧ ਸ਼ਕਤੀਸ਼ਾਲੀ ਹੈ।

2.3.2 ਭੂਮਿਕਾ

ਵਿਧਾਨਪਾਲਿਕਾ ਸਰਕਾਰ ਦਾ ਇੱਕ ਮਹੱਤਵਪੂਰਨ ਅੰਗ ਹੈ। ਸਰਕਾਰ ਦੇ ਹਰੇਕ ਰੂਪ ਵਿਚ ਵਿਧਾਨਪਾਲਿਕਾ ਦੀ ਵਿਵਸਥਾ ਜ਼ਰੂਰ ਹੁੰਦੀ ਹੈ। ਭਾਰਤੀ ਸੰਵਿਧਾਨ ਦੇ ਅਨੁਛੇਦ 79 ਵਿਚ ਵਿਧਾਨਪਾਲਿਕਾ ਦੀ ਵਿਵਸਥਾ ਸੰਸਦ ਦੇ ਰੂਪ ਵਿਚ ਕੀਤੀ ਗਈ ਹੈ। ਅਨੁਛੇਦ 79 ਅਨੁਸਾਰ, ਭਾਰਤੀ ਸੰਸਦ ਵਿਚ ਰਾਸ਼ਟਰਪਤੀ ਅਤੇ ਸੰਸਦ ਦੇ ਦੋਵੇ ਸਦਨ-ਰਾਜ ਸਭਾ ਦੇ ਅਤੇ ਲੋਕ ਸਭਾ ਸ਼ਾਮਿਲ ਹਨ। ''ਇਸ ਦਾ ਭਾਵ ਇਹ ਹੋਇਆ ਕਿ ਰਾਸ਼ਟਰਪਤੀ , ਲੋਕ ਸਭਾ ਅਤੇ ਰਾਜ ਸਭਾ ਭਾਰਤੀ ਸੰਸਦ ਦੇ ਅੰਗ ਹਨ।

2.3.3 ਲੋਕ ਸਭਾ ਦੀ ਬਣਤਰ

ਲੋਕ ਸਭਾ ਨੂੰ ਸੰਸਦ ਦਾ ਹੇਠਲਾਂ ਜਾਂ ਪ੍ਰਤੀਨਿਧੀ ਸਦਨ ਵੀ ਕਿਹਾ ਜਾਂਦਾ ਹੈ। ਲੋਕ ਸਭਾ ਦੇ ਚੁਣੇ ਹੋਏ ਮੈਂਬਰਾਂ ਦੀ ਵੱਧ ਤੋ ਵੱਧ ਸੰਖਿਆ 550 ਨਿਸ਼ਚਿਤ ਕੀਤੀ ਗਈ ਹੈ। ਇਹਨਾਂ 550 ਮੈਂਬਰਾਂ ਵਿਚੋ ਵੱਧ ਤੋ ਵੱਧ 530 ਮੈਂਬਰ ਭਾਰਤ ਦੇ ਰਾਜ਼ਾ ਅਤੇ 20 ਮੈਂਬਰ ਸੰਘੀ ਖੇਤਰਾਂ ਦੀ ਪ੍ਰਤੀਨਿਧਤਾ ਕਰਦੇ ਹਨ। ਪਰੰਤੂ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਵਰਤਮਾਨ ਸਮੇਂ ਵਿਚ ਅਸਲ ਵਿਚ ਲੋਕ ਸਭਾ ਦੇ ਕੁਲ 543 ਮੈਂਬਰ ਚੁਣੇ ਜਾਂਦੇ ਹਨ। ਰਾਜਾਂ ਵਿਚੋਂ 530 ਅਤੇ ਕੇਂਦਰ ਪ੍ਰਸ਼ਾਸ਼ਿਤ ਯੂ.ਟੀ. ਵਿਚੋ 13 (ਦਿੱਲੀ ਵਿਚੋਂ 7 ਅਤੇ ਬਾਕੀਆਂ ਦੀਆਂ 6 ਯੂ.ਟੀ. ਵਿਚੋ ਇਕ ਇਕ)। ਦੋ ਏਂਗਲੋ ਇੰਡੀਅਨ ਮੈਂਬਰਾਂ ਦੀ ਨਾਮਜ਼ਦਗੀ ਬਾਅਦ ਕੁਲ ਸੰਖਿਆ 545 ਹੋ ਜਾਂਦੀ ਹੈ।

ਨਾਮਜ਼ਦ ਮੈਂਬਰ – ਲੋਕ ਸਭਾ ਦੇ ਕੁੱਲ ਚੁਣੇ ਹੋਏ ਮੈਂਬਰਾਂ ਤੋ ਇਲਾਵਾਂ ਐਂਗਲੋ ਇੰਡੀਅਨ ਜਾਤੀ ਦੇ ਦੋ ਮੈਂਬਰ ਰਾਸ਼ਟਰਪਤੀ ਦੁਆਰਾ ਲੋਕ ਸਭਾ ਵਿਚ ਨਾਮਜ਼ਦ ਕੀਤੇ ਜਾ ਸਕਦੇ ਹਨ। ਅਨੁਛੇਦ 331 ਵਿਚ ਇਹ ਵਿਵਸਥਾ ਹੈ ਕਿ ਜੇਕਰ ਐਂਗਲੋ ਇੰਡੀਅਨ ਜਾਤੀ ਨੂੰ ਆਮ ਚੋਣਾਂ ਵਿਚ ਉਚਿਤ ਪ੍ਰਤੀਨਿਧਤਾ ਪ੍ਰਾਪਤ ਨਹੀ ਹੁੰਦੀ ਤਾਂ ਰਾਸ਼ਟਰਪਤੀ ਇਸ ਜਾਤੀ ਦੇ ਦੋ ਮੈਂਬਰ ਲੋਕ ਸਭਾ ਵਿਚ ਨਾਮਜ਼ਦ ਕਰ ਸਕਦਾ ਹੈ। ਐਂਗਲੋ ਇੰਡੀਅਨ ਜਾਤੀ ਦੇ ਦੋ ਮੈਂਬਰ ਲੋਕ ਸਭਾ ਦੇ 550 ਮੈਂਬਰਾਂ ਤੋ ਇਲਾਵਾ ਹੁੰਦੇ ਹਨ।

ਰਾਖਵੇ ਸਥਾਨ – ਸੰਵਿਧਾਨ ਦੇ ਅਨੁਛੇਦ 330 ਅਧੀਨ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਲਈ ਲੋਕ ਸਭਾ ਵਿਚ ਸਥਾਨ ਰਾਖਵੇ ਰੱਖਣ ਦੀ ਵਿਵਸਥਾ ਕੀਤੀ ਗਈ ਹੈ। ਹਰੇਕ ਰਾਜ ਲਈ ਨਿਸ਼ਚਿਤ ਲੋਕ ਸਭਾ ਦੇ ਕੁੱਲ ਸਥਾਨਾਂ ਵਿਚੋ ਉਤਨੇ ਸਥਾਨ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਲਈ ਰਾਖਵੇ

ਰੱਖੇ ਜਾਂਦੇ ਹਨ ਜਿੰਨੇ ਸਥਾਨ ਉਸ ਰਾਜ ਵਿਚ ਇਨ੍ਹਾਂ ਵਰਗਾਂ ਦੀ ਵਸੋਂ ਅਤੇ ਰਾਜ ਦੀ ਕੁੱਲ ਵਸੋਂ ਦੇ ਅਨੁਪਾਤ ਵਿਚ ਬਣਦੇ ਹਨ। ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਵਿਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਲਈ ਸਥਾਨ ਰਾਖਵੇ ਰੱਖਣ ਦੀ ਨੀਤੀ ਅਤੇ ਲੋਕ ਸਭਾ ਤੇ ਰਾਜ ਵਿਧਾਨ ਸਭਾਵਾਂ ਵਿਚ ਐਗਲੋ ਇੰਡੀਅਨ ਜਾਤੀ ਦੇ ਮੈਬਰਾਂ ਦੀ ਨਾਮਜ਼ਦਗੀ ਹੁਣ 95ਵੀਂ ਸੋਧ ਦੁਆਰਾ 2020 ਤੱਕ ਵਧਾ ਦਿੱਤੀ ਗਈ ਹੈ।
ਚੋਣ ਖੇਤਰਾਂ ਦੀ ਹੱਦਬੰਦੀ – ਹਰੇਕ ਰਾਜ ਨੂੰ ਉਨੇ ਚੋਣ ਖੇਤਰਾਂ ਵਿਚ ਵੰਡਿਆ ਗਿਆ ਹੈ ਜਿਤਨੇ ਲੋਕ ਸਭਾ ਦੇ ਸਥਾਨ ਉਸ ਰਾਜ ਨੂੰ ਦਿੱਤੇ ਗਏ ਹਨ। ਸੰਵਿਧਾਨ ਦੇ ਅਨੁਛੇਦ 82 ਅਨੁਸਾਰ ਹਰੇਕ ਜਨਗਣਨਾ ਮਗਰੋ ਹਰੇਕ ਰਾਜ ਵਿਚ ਲੋਕ ਸਭਾ ਦੇ ਚੋਣ ਖੇਤਰਾਂ ਦੀ ਹਦਬੰਦੀ ਵਿਚ ਤਬਦੀਲੀ ਕੀਤੀ ਜਾਵੇਗੀ। ਇਹ ਤਬਦੀਲੀ ਹਦਬੰਦੀ ਆਯੋਗ ਦੀਆਂ ਸਿਫਾਰਸ਼ਾਂ ਅਨੁਸਾਰ ਰਾਸ਼ਟਰਪਤੀ ਦੁਆਰਾ ਕੀਤੇ ਆਦੇਸ਼ ਦੁਆਰਾ ਕੀਤੀ ਜਾਂਦੀ ਹੈ। ਹਦਬੰਦੀ ਆਯੋਗ ਸੰਸਦ ਦੁਆਰਾ ਪਾਸ ਕੀਤੇ ਕਾਨੂੰਨ ਅਨੁਸਾਰ ਨਿਸ਼ਚਿਤ ਕੀਤਾ ਜਾਂਦਾ ਹੈ। 12 ਜੁਲਾਈ 2002 ਨੂੰ ਭਾਰਤ ਸਰਕਾਰ ਨੇ ਸੀਮਾਬੰਦੀ, ਆਯੋਗ ਨਿਯੁਕਤ ਕੀਤਾ ਸੀ। ਭਾਰਤ ਦੀ ਸਰਵ ਉਚ ਅਦਾਲਤ ਦੇ ਸੇਵਾ ਮੁਕਤ ਜੱਜ ਕੁਲਦੀਪ ਸਿੰਘ ਨੂੰ ਇਸ ਆਯੋਗ ਦਾ ਅਧਿਅਕਸ਼ ਦੋ ਸਾਲਾਂ ਲਈ ਨਿਸ਼ਚਿਤ ਕੀਤਾ ਗਿਆ ਸੀ। ਉਨ੍ਹਾਂ ਤੋ ਇਲਾਵਾ ਚੋਣ ਕਮਿਸ਼ਨ ਸ੍ਰੀ.ਬੀ.ਬੀ.ਟੰਡਨ ਅਤੇ ਸਬੰਧਤ ਰਾਜ ਦੇ ਚੋਣ ਕਮਿਸ਼ਨਰ ਨੂੰ ਇਸ ਆਯੋਗ ਦਾ ਮੈਬਰ ਨਿਯੁਕਤ ਕੀਤਾ ਗਿਆ ਸੀ। 2009 ਦੀਆਂ ਚੋਣਾਂ ਨਵੀ ਹੱਦਬੰਦੀ ਅਨੁਸਾਰ ਹੀ ਹੋਈਆਂ ਸਨ।

2.3.3.1 ਲੋਕ ਸਭਾ ਦੇ ਮੈਬਰਾਂ ਦੀ ਚੋਣ – ਲੋਕ ਸਭਾ ਦੇ ਮੈਬਰਾਂ ਦੀ ਚੋਣ ਬਾਲਗ ਮਤ ਅਧਿਕਾਰ ਦੇ ਸਿਧਾਂਤ ਦੇ ਆਧਾਰ ਤੇ ਪ੍ਰਤੱਖ ਰੂਪ ਵਿਚ ਹੁੰਦੀ ਹੈ । 18 ਸਾਲਾਂ ਜਾਂ ਇਸ ਤੋ ਵੱਧ ਉਮਰ ਵਾਲੇ ਹਰੇਕ ਭਾਰਤੀ ਨਾਗਰਿਕ ਨੂੰ ਵੋਟ ਦੇਣ ਦਾ ਅਧਿਕਾਰ ਪ੍ਰਾਪਤ ਹੈ। ਲੋਕ ਸਭਾ ਦੇ ਮੈਬਰਾਂ ਦੀ ਚੋਣ ਲਈ ਇੱਕ ਮੈਬਰੀ ਚੋਣ ਖੇਤਰ ਨਿਸ਼ਚਿਤ ਕੀਤੇ ਗਏ ਹਨ। ਇਹ ਚੋਣ ਗੁਪਤ ਮਤਦਾਨ ਦੁਆਰਾ ਕੀਤੀ ਜਾਂਦੀ ਹੈ। ਇਹਨਾਂ ਆਧਾਰਾਂ ਤੇ ਹੁਣ ਤੱਕ ਲੋਕ ਸਭਾ ਦੀਆਂ 15 ਚੋਣਾਂ ਹੋ ਚੁੱਕੀਆਂ ਹਨ। 15ਵੀ ਲੋਕ ਸਭਾ ਦੀ ਚੋਣ ਮਈ 2009 ਵਿਚ ਹੋਈ ਸੀ। ਮਈ 2014 ਵਿੱਚ 16 ਵੀ ਲੋਕ ਸਭਾ ਦੀਆਂ ਚੋਣਾਂ ਹੋਈਆਂ ਹਨ ਅਤੇ BJP ਗਠਜੋੜ NDA ਨੇ 282 ਸੀਟਾਂ ਪ੍ਰਾਪਤ ਕਰਕੇ ਭਾਰਤ ਵਿੱਚ ਸਰਕਾਰ ਬਣਾਈ ਅਤੇ ਨਰਿੰਦਰ ਮੋਦੀ ਨੂੰ ਭਾਰਤ ਦਾ ਪ੍ਰਧਾਨ ਮੰਤਰੀ ਬਣਾਇਆ ਗਿਆ।

2.3.3.2 ਮੈਬਰ ਦੀਆਂ ਯੋਗਤਾਵਾਂ – ਲੋਕ ਸਭਾ ਦਾ ਮੈਬਰ ਬਣਨ ਲਈ ਹੇਠ ਲਿਖੀਆਂ ਯੋਗਤਾਵਾਂ ਨਿਸ਼ਚਿਤ ਕੀਤੀਆਂ ਗਈਆਂ ਹਨ –

(ੳ) ਉਮੀਦਵਾਰ ਭਾਰਤ ਦਾ ਨਾਗਰਿਕ ਹੋਵੇ।

(ਅ) ਉਹ 25 ਸਾਲ ਦੀ ਉਮਰ ਪੂਰੀ ਕਰ ਚੁੱਕਿਆ ਹੋਵੇ।

(ੲ) ਉਹ ਕੇਦਰੀ ਸਰਕਾਰ ਜਾਂ ਰਾਜ ਸਰਕਾਰ ਦੀ ਕਿਸੇ ਅਜਿਹੀ ਲਾਭਦਾਇਕ ਪਦਵੀ ਤੇ ਬਿਰਾਜਮਾਨ ਨਾ ਹੋਵੇ।

(ਸ) ਉਸ ਵਿਚ ਉਹ ਸਾਰੀਆਂ ਯੋਗਤਾਵਾਂ ਹੋਣ ਜੋ ਸੰਸਦ ਕਾਨੂੰਨ ਦੁਆਰਾ ਨਿਸ਼ਚਿਤ ਕਰਦੀ ਹੈ।

(ਹ) ਉਹ ਪਾਗਲ ਨਾ ਹੋਵੇ, ਦੀਵਾਲੀਆਂ ਨਾ ਹੋਵੇ, ਜਾਂ ਕਿਸੇ ਕੋਰਟ ਦੁਆਰਾ ਦੋ ਸਾਲ ਤੋ ਜ਼ਿਆਦਾ ਸਜ਼ਾ ਪ੍ਰਾਪਤ ਹੋਵੇ, ਕਿਸੇ ਅਦਾਲਤ ਨੇ ਉਸ ਨੂੰ ਇਸ ਪਦਵੀ ਲਈ ਆਯੋਗ ਘੋਸ਼ਿਤ ਨਾ ਕੀਤਾ ਹੋਵੇ। ਚੁਣੇ ਜਾਣ ਮਗਰੋ ਵੀ ਕਿਸੇ ਮੈਬਰ ਨੂੰ ਹਟਾਇਆ ਜਾ ਸਕਦਾ ਹੈ ਜੇਕਰ :

— ਕਿਸੇ ਅਦਾਲਤ ਨੇ ਉਸ ਦੀ ਚੋਣ ਗੈਰ ਕਾਨੂੰਨੀ ਘੋਸ਼ਿਤ ਕਰ ਦਿੱਤੀ ਹੋਵੇ।

— ਉਹ ਸਦਨ ਦੀ ਆਗਿਆਂ ਤੋ ਬਿਨਾਂ ਲਗਾਤਾਰ 60 ਦਿਨਾਂ ਤੋ ਜ਼ਿਆਦਾ ਸਮੇਂ ਲਈ ਸਦਨ ਦੀਆਂ ਬੈਠਕਾਂ ਵਿਚੋ ਗੈਰਹਾਜ਼ਰ ਰਹੇ।

10 ਜੁਲਾਈ 2013 ਦੁਆਰਾ ਸੁਪਰੀਮ ਕੋਰਟ ਨੇ ਇਕ ਮਹੱਤਵਪੂਰਨ ਆਦੇਸ਼ ਜਾਰੀ ਕੀਤਾ। ਜਿਸ ਅਨੁਸਾਰ ਕਿਸੇ ਵੀ ਕੋਰਟ ਦੁਆਰਾ 2 ਸਾਲ ਜਾਂ ਵਧ ਸਜ਼ਾ ਦਿੱਤੀ ਜਾਣ ਦੇ ਨਾਲ ਹੀ ਕਿਸੇ ਮੈਂਬਰ ਦੀ ਸਦੱਸਤਾ ਖਾਰਜ ਹੋ ਜਾਵੇਗੀ। ਇਸ ਆਦੇਸ਼ ਨੂੰ ਉਲਟਾਉਣ ਲਈ ਪਹਿਲਾਂ ਕੇਂਦਰੀ ਸਰਕਾਰ ਨੇ ਇਕ ਅਧਿਆਦੇਸ਼ ਤਿਆਰ ਕਰਕੇ ਰਾਸ਼ਟਰਪਤੀ ਕੋਲ ਮੰਜ਼ੂਰੀ ਲਈ ਭੇਜਿਆ ਪਰੰਤੂ ਬਾਅਦ ਵਿਚ ਵਾਪਸ ਲੈ ਲਿਆ। ਕੋਰਟ ਦੇ ਇਸ

ਆਦੇਸ਼ ਦਾ ਅਸਰ ਇਹ ਹੋਇਆ ਕਿ ਲਾਲੂ ਪ੍ਰਸਾਦ ਯਾਦ ਨੂੰ ਸੀ.ਬੀ.ਆਈ. ਕੋਰਟ ਦੁਆਰਾ ਸੱਤ ਸਾਲ ਦੀ ਸਜ਼ਾ ਦੀ ਘੋਸ਼ਣਾ ਦੇ ਨਾਲ ਹੀ ਉਹਨਾਂ ਦੀ ਲੋਕ ਸਭਾ ਦੀ ਮੈਂਬਰਸ਼ਿਪ ਖਾਰਜ ਹੋ ਗਈ।

ਦੋਹਰੀ ਮੈਂਬਰੀ ਤੇ ਰੋਕ – ਕੋਈ ਵੀ ਵਿਅਕਤੀ ਸੰਸਦ ਦੇ ਦੋਨਾਂ ਸਦਨਾਂ ਦਾ ਮੈਂਬਰ ਨਹੀਂ ਹੋ ਸਕਦਾ ਹੈ। ਜੇਕਰ ਕੋਈ ਵਿਅਕਤੀ ਸੰਸਦ ਦੇ ਦੋਨਾਂ ਸਦਨਾਂ ਦਾ ਮੈਂਬਰ ਚੁਣਿਆ ਜਾਂਦਾ ਹੈ ਤਾਂ ਉਸ ਨੂੰ ਇੱਕ ਸਦਨ ਦੀ ਮੈਂਬਰੀ ਦਾ ਤਿਆਗ ਕਰਨਾ ਪੈਂਦਾ ਹੈ। ਇਸ ਤਰ੍ਹਾਂ ਕੋਈ ਵੀ ਵਿਅਕਤੀ ਇਕੋ ਸਮੇਂ ਸੰਸਦ ਅਤੇ ਰਾਜ ਵਿਧਾਨ ਮੰਡਲ ਦਾ ਮੈਂਬਰ ਨਹੀ ਹੋ ਸਕਦਾ। ਜੇਕਰ ਕੋਈ ਵਿਅਕਤੀ ਰਾਜ ਵਿਧਾਨ ਮੰਡਲ ਦੇ ਕਿਸੇ ਸਦਨ ਅਤੇ ਸੰਸਦ ਦੇ ਕਿਸੇ ਸਦਨ ਦਾ ਮੈਂਬਰ ਚੁਣਿਆ ਜਾਂਦਾ ਹੈ ਤਾਂ ਉਸਨੂੰ 15 ਦਿਨਾਂ ਦੇ ਅੰਦਰ ਹੀ ਰਾਜ ਵਿਧਾਨ ਮੰਡਲ ਦੀ ਮੈਂਬਰੀ ਤੋਂ ਤਿਆਗ ਪੱਤਰ ਦੇਣਾ ਪੈਂਦਾ ਹੈ। ਜੇਕਰ ਉਹ ਅਜਿਹਾ ਨਹੀ ਕਰਦਾ ਤਾਂ ਸੰਸਦ ਦੀ ਉਸਦੀ ਮੈਂਬਰੀ ਸਮਾਪਤ ਹੋ ਜਾਂਦੀ ਹੈ। ਇਹ 15 ਦਿਨਾਂ ਦਾ ਸਮਾਂ ਉਸ ਦਿਨ ਤੋ ਗਿਣਿਆ ਜਾਂਦਾ ਹੈ ਜਿਸ ਦਿਨ ਚੋਣ ਆਯੋਗ ਦੁਆਰਾ ਉਸਦੇ ਚੋਣ ਦੀ ਘੋਸ਼ਣਾ ਸਰਕਾਰੀ ਤੌਰ ਤੇ ਜਾਰੀ ਕੀਤੀ ਜਾਂਦੀ ਹੈ।

ਦੋ ਜਾਂ ਦੋ ਤੋਂ ਵਧੇਰੇ ਚੋਣ ਖੇਤਰਾਂ ਦੀ ਪ੍ਰਤੀਨਿਧਤਾ ਕਰਨ ਦੀ ਮਨਾਹੀ – ਲੋਕ ਸਭਾ ਦਾ ਕੋਈ ਵੀ ਮੈਂਬਰ ਇੱਕ ਚੋਣ ਖੇਤਰ ਤੋਂ ਵੱਧ ਖੇਤਰਾਂ ਦੀ ਪ੍ਰਤੀਨਿਧਤਾ ਨਹੀਂ ਕਰ ਸਕਦਾ । ਕੋਈ ਵੀ ਉਮੀਦਵਾਰ ਇੱਕ ਤੋਂ ਵੱਧ ਚੋਣ ਖੇਤਰਾਂ ਤੋ ਚੋਣ ਤਾਂ ਲੜ ਸਕਦਾ ਹੈ ਪਰੰਤੂ ਉਹ ਇੱਕ ਤੋ ਵੱਧ ਚੋਣ ਖੇਤਰ ਦੀ ਪ੍ਰਤੀਨਿਧਤਾ ਨਹੀਂ ਕਰ ਸਕਦਾ। ਜਿਹੜਾ ਉਮੀਦਵਾਰ ਦੋ ਚੋਣ ਖੇਤਰਾਂ ਤੋ ਚੁਣਿਆ ਜਾਂਦਾ ਹੈ ਉਸ ਨੂੰ ਲੋਕ ਸਭਾ ਦੇ ਗਠਨ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਕਿਸੇ ਇੱਕ ਚੋਣ ਖੇਤਰ ਤੋਂ ਤਿਆਗ ਪੱਤਰ ਦੇਣਾ ਪੈਂਦਾ ਹੈ।

2.3.3.3 ਮਿਆਦ – ਲੋਕ ਸਭਾ ਦਾ ਕਾਰਜਕਾਲ ਪੰਜ ਸਾਲ ਹੈ। ਇਹ ਮਿਆਦ ਆਮ ਚੋਣਾਂ ਮਗਰੋਂ ਬੁਲਾਏ ਪਹਿਲੇ ਇਜਲਾਸ ਦੀ ਤਾਰੀਖ਼ ਤੋਂ ਸ਼ੁਰੂ ਹੁੰਦੀ ਹੈ। ਇਹ ਮਿਆਦ ਪੂਰੀ ਹੁੰਦਿਆਂ ਹੀ ਲੋਕ ਸਭਾ ਆਪਣੇ ਆਪ ਹੀ ਭੰਗ ਹੋ ਜਾਂਦੀ ਹੈ। ਰਾਸ਼ਟਰਪਤੀ ਇਸ 5 ਸਾਲ ਦੀ ਮਿਆਦ ਸਮਾਪਤ ਹੋਣ ਤੋ ਪਹਿਲਾਂ ਵੀ ਲੋਕ ਸਭਾ ਨੂੰ ਭੰਗ ਕਰ ਸਕਦਾ ਹੈ। ਰਾਸ਼ਟਰਪਤੀ ਲੋਕ ਸਭਾ ਨੂੰ ਆਪਣੀ ਇੱਛਾ ਅਨੁਸਾਰ ਭੰਗ ਨਹੀਂ ਕਰ ਸਕਦਾ। ਉਹ ਅਜਿਹੀ ਸ਼ਕਤੀ ਦੀ ਵਰਤੋਂ ਉਹ ਮੰਤਰੀ ਮੰਡਲ ਦੀ ਸਲਾਹ ਤੇ ਹੀ ਕਰਦਾ ਹੈ।

ਲੋਕ ਸਭਾ ਦੇ ਕਾਰਜਕਾਲ ਵਿਚ ਵਾਧਾ – ਅਨੁਛੇਦ 352 ਅਧੀਨ ਲਾਗੂ ਕੀਤੀ ਗਈ ਸੰਕਟਕਾਲੀਨ ਘੋਸ਼ਣਾ ਦੌਰਾਨ ਲੋਕ ਸਭਾ ਦਾ ਕਾਰਜਕਾਲ ਸੰਸਦ ਦੁਆਰਾ ਇੱਕ ਇੱਕ ਸਾਲ ਕਰਕੇ ਵਧਾਇਆ ਜਾ ਸਕਦਾ ਹੈ। ਵਧਾਈ ਗਈ ਲੋਕ ਸਭਾ ਦੀ ਮਿਆਦ ਸੰਕਟਕਾਲ ਦੇ ਸਮਾਪਤ ਹੋਣ ਮਗਰੋਂ ਛੇ ਮਹੀਨੇ ਤੋ ਵੱਧ ਸਮੇਂ ਲਈ ਲਾਗੂ ਨਹੀ ਰਹਿ ਸਕਦੀ ।

ਸਮਾਗਮ – ਰਾਸ਼ਟਰਪਤੀ ਜਦੋਂ ਅਤੇ ਜਿੱਥੇ ਯੋਗ ਸਮਝੇ ਸਮੇਂ-ਸਮੇਂ ਤੇ ਸੰਸਦ ਦੇ ਦੋਹਾਂ ਸਦਨਾਂ ਦੇ ਸਮਾਗਮ ਬੁਲਾ ਸਕਦਾ ਹੈ। ਪਰ ਸੰਵਿਧਾਨ ਅਨੁਸਾਰ, ਇਹ ਜ਼ਰੂਰੀ ਹੈ ਕਿ ਪਿਛਲੇ ਸਮਾਗਮ ਦੀ ਬੈਠਕ ਦੀ ਆਖਰੀ ਤਾਰੀਖ਼ ਅਤੇ ਅਗਲੇ ਸਮਾਗਮ ਦੀ ਪਹਿਲੀ ਤਾਰੀਖ਼ ਵਿਚਕਾਰ ਛੇ ਮਹੀਨੇ ਤੋਂ ਵੱਧ ਸਮਾਂ ਨਾ ਬੀਤ ਦਿੱਤਾ ਜਾਵੇ। ਇਸ ਦਾ ਭਾਵ ਹੈ ਕਿ ਸਾਲ ਦੇ ਵਿਚ ਦੋ ਵਾਰੀ ਸੰਸਦ ਦਾ ਸਮਾਗਮ ਹੋਣਾ ਜ਼ਰੂਰੀ ਹੈ।

ਕੋਰਮ – ਸੰਵਿਧਾਨ ਅਨੁਸਾਰ ਲੋਕ ਸਭਾ ਦੀ ਕਾਰਵਾਈ ਜਾਰੀ ਰੱਖਣ ਲਈ ਉਸਦੇ ਕੁੱਲ ਮੈਂਬਰਾਂ ਦੀ ਗਿਣਤੀ ਦਾ 1/10 ਭਾਗ ਕੋਰਮ ਲਈ ਨਿਸ਼ਚਿਤ ਕੀਤਾ ਗਿਆ ਹੈ।ਇਸ ਦਾ ਭਾਵ ਹੈ ਕਿ ਲੋਕ ਸਭਾ ਦੀ ਬੈਠਕ ਜਾਰੀ ਰੱਖਣ ਲਈ ਲੋਕ ਸਭਾ ਦੇ ਕੁੱਲ ਮੈਂਬਰਾਂ ਦਾ ਦਸਵਾਂ ਭਾਗ ਹਾਜ਼ਿਰ ਹੋਣਾ ਜ਼ਰੂਰੀ ਹੈ।

2.3.3.4 ਸਪੀਕਰ ਅਤੇ ਡਿਪਟੀ ਸਪੀਕਰ – ਆਮ ਚੋਣਾਂ ਮਗਰੋਂ ਲੋਕ ਸਭਾ ਆਪਣੇ ਪਹਿਲੇ ਸਮਾਗਮ ਵਿਚ ਹੀ ਇੱਕ ਮੈਂਬਰ ਨੂੰ ਅਧਿਆਕਸ਼ ਅਤੇ ਇੱਕ ਦੂਸਰੇ ਮੈਂਬਰ ਨੂੰ ਉਪ ਅਧਿਅਕਸ਼ ਦੀ ਪਦਵੀ ਲਈ ਚੁਣਦੀ ਹੈ। ਅਧਿਅਕਸ਼ ਲੋਕ ਸਭਾ ਦੀਆਂ ਬੈਠਕਾਂ ਦੀ ਪ੍ਰਧਾਨਗੀ ਕਰਦਾ ਹੈ। ਅਧਿਅਕਸ਼ ਦੀ ਗੈਰ ਹਾਜ਼ਰੀ ਵਿਚ ਉਸ ਦੇ ਕੰਮ ਉਪ ਅਧਿਅਪਕਸ਼ ਸੰਭਾਲਦਾ ਹੈ। ਸਪੀਕਰ ਅਤੇ ਡਿਪਟੀ ਸਪੀਕਰ ਦੀ ਚੋਣ ਲੋਕ ਸਭਾ ਦੇ ਮੈਂਬਰਾਂ ਵਿਚੋ ਹੁੰਦੀ ਹੈ। ਡਿਪਟੀ ਸਪੀਕਰ ਵੀ ਲੋਕ ਸਭਾ ਦਾ ਮੈਂਬਰ ਹੁੰਦਾ ਹੈ। ਕਿਸੇ ਗੈਰ ਮੈਂਬਰ ਨੂੰ ਇਹਨਾਂ ਪਦਵੀਆਂ ਲਈ ਚੁਣਿਆ ਨਹੀ ਜਾ ਸਕਦਾ ਹੈ। ਮੌਜੂਦਾ ਸਮੇ ਸ੍ਰੀ ਸੁਮਿੱਤਰਾ ਮਹਾਂਜਨ ਲੋਕ ਸਭਾ ਦੇ ਸਪੀਕਰ ਹਨ।

2.3.4 ਲੋਕ ਸਭਾ ਦੀਆਂ ਸ਼ਕਤੀਆਂ ਅਤੇ ਕੰਮ

ਸੰਵਿਧਾਨ ਦੇ ਵੱਖ-ਵੱਖ ਅਨੁਛੇਦਾਂ ਰਾਹੀ ਲੋਕ ਸਭਾ ਨੂੰ ਕਈ ਮਹੱਤਵਪੂਰਨ ਸ਼ਕਤੀਆਂ ਪ੍ਰਦਾਨ ਕੀਤੀਆਂ ਗਈਆਂ ਹਨ। ਉਹਨਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ –

2.3.4.1 ਵਿਧਾਨਕ ਸ਼ਕਤੀਆਂ – ਸੰਸਦ ਦੀਆਂ ਸਾਰੀਆਂ ਵਿਧਾਨਕ ਸ਼ਕਤੀਆਂ ਦੀ ਵਰਤੋਂ ਕਰਨ ਵਿਚ ਲੋਕ ਸਭਾ ਦਾ ਅਤਿਅੰਤ ਮਹੱਤਵਪੂਰਨ ਸਥਾਨ ਹੈ। ਸੰਵਿਧਾਨ ਦੇ ਅਨੁਛੇਦ 246 ਅਧੀਨ ਕੇਂਦਰ ਅਤੇ ਰਾਜਾਂ ਵਿਚ ਵਿਧਾਨਕ ਸ਼ਕਤੀਆਂ ਦੀ ਵੰਡ ਸੰਬੰਧੀ ਤਿੰਨ ਸੂਚੀਆਂ ਅੰਕਿਤ ਕੀਤੀਆਂ ਗਈਆਂ ਹਨ, ਸੰਘ ਸੂਚੀ, ਰਾਜ ਸੂਚੀ, ਅਤੇ ਸਮਵਰਤੀ ਸੂਚੀ, ਸੰਘ ਸੂਚੀ ਵਿਚ ਅੰਕਿਤ ਵਿਸ਼ਿਆਂ ਦੀ ਕੁੱਲ ਗਿਣਤੀ 97, ਰਾਜ ਸੂਚੀ ਦੇ ਵਿਸ਼ਿਆਂ ਦੀ 66 ਅਤੇ ਸਮਵਰਤੀ ਸੂਚੀ ਦੇ ਵਿਸ਼ਿਆਂ ਦੀ ਕੁੱਲ ਗਿਣਤੀ 47 ਹੈ। ਸੰਘ ਸੂਚੀ ਵਿਚ ਅੰਕਿਤ ਵਿਸ਼ਿਆਂ ਤੇ ਕੇਂਦਰੀ ਸੰਸਦ, ਰਾਜ ਸੂਚੀ ਵਿਚ ਅੰਕਿਤ ਵਿਸ਼ਿਆਂ ਤੇ ਰਾਜ ਵਿਧਾਨ ਮੰਡਲ ਅਤੇ ਸਮਵਰਤੀ ਸੂਚੀ ਵਿਚ ਅੰਕਿਤ ਵਿਸ਼ਿਆਂ ਤੇ ਕੇਂਦਰੀ ਸੰਸਦ ਅਤੇ ਰਾਜ ਵਿਧਾਨ ਮੰਡਲ ਦੋਨੋਂ ਹੀ ਕਾਨੂੰਨ ਬਣਾ ਸਕਦੇ ਹਨ। ਸੰਘ ਸੂਚੀ ਅਤੇ ਸਮਵਰਤੀ ਸੂਚੀ ਵਿਚ ਅੰਕਿਤ ਵਿਸ਼ਿਆਂ ਸੰਬੰਧੀ ਬਿਲ ਲੋਕ ਸਭਾ ਵਿਚ ਪੇਸ਼ ਕੀਤੇ ਜਾ ਸਕਦੇ ਹਨ। ਲੋਕ ਸਭਾ ਦੁਆਰਾ ਪਾਸ ਹੋਣ ਮਗਰੋਂ ਬਿਲ ਨੂੰ ਰਾਜ ਸਭਾ ਕੋਲ ਭੇਜਿਆ ਜਾਂਦਾ ਹੈ। ਰਾਜ ਸਭਾ ਨੂੰ ਅਜਿਹੇ ਬਿੱਲ ਉਤੇ 6 ਮਹੀਨਿਆਂ ਦੇ ਅੰਦਰ ਲੋੜੀਂਦੀ ਕਾਰਵਾਈ ਕਰਨੀ ਪੈਂਦੀ ਹੈ। ਜੇਕਰ ਦੋਵੇ ਸਦਨਾਂ ਵਿਚ ਬਿਲ ਸੰਬੰਧੀ ਕੋਈ ਮਤਭੇਦ ਹੋਵੇ ਤਾਂ ਰਾਸ਼ਟਰਪਤੀ ਦੋਹਾਂ ਸਦਨਾਂ ਦੀ ਇਕ ਸਾਂਝੀ ਬੈਠਕ ਬੁਲਾ ਸਕਦਾ ਹੈ। ਇਸ ਬੈਠਕ ਵਿਚ ਝਗੜੇ ਅਧੀਨ ਬਿਲ ਦਾ ਫੈਸਲਾ ਹਾਜ਼ਰ ਮੈਂਬਰਾਂ ਦੇ ਸਾਧਾਰਨ ਬਹੁਮਤ ਨਾਲ ਹੋਵੇਗਾ। ਸਪੱਸ਼ਟ ਹੈ ਕਿ ਸਾਂਝੀ ਬੈਠਕ ਵਿਚ ਜਿੱਤ ਅਕਸਰ ਲੋਕ ਸਭਾ ਦੀ ਹੋਵੇਗੀ, ਕਿਉਂਕਿ ਲੋਕ ਸਭਾ ਦੇ ਮੈਂਬਰ ਰਾਜ ਸਭਾ ਦੇ ਮੈਂਬਰ ਨਾਲੋ ਗਿਣਤੀ ਵਿਚ ਦੁਗਣੇ ਤੋਂ ਵੀ ਜ਼ਿਆਦਾ ਹਨ। ਇਸ ਦਾ ਭਾਵ ਇਹ ਹੋਇਆ ਕਿ ਸੰਘ ਸੂਚੀ ਅਤੇ ਸਮਵਰਤੀ ਸੂਚੀ ਵਿਚ ਅੰਕਿਤ ਵਿਸ਼ਿਆਂ ਸੰਬੰਧੀ ਲੋਕ ਸਭਾ ਦਾ ਪਲੜਾ ਰਾਜ ਸਭਾ ਦੇ ਮੁਕਾਬਲੇ ਭਾਰੀ ਹੈ। ਰਾਜ ਸਭਾ ਇੱਕਲੀ ਕਿਸੇ ਅਜਿਹੇ ਕਾਨੂੰਨ ਦਾ ਨਿਰਮਾਣ ਨਹੀਂ ਕਰ ਸਕਦੀ ਜਿਸ ਨੂੰ ਲੋਕ ਸਭਾ ਦਾ ਸਮਰਥਨ ਪ੍ਰਾਪਤ ਨਾ ਹੋਵੇ।ਸਮਵਰਤੀ ਸੂਚੀ ਵਿਚ ਅੰਕਿਤ ਵਿਸ਼ਿਆਂ ਉੱਤੇ ਰਾਜ ਵਿਧਾਨ ਮੰਡਲਾਂ ਨੂੰ ਵੀ ਕਾਨੂੰਨ ਬਣਾਉਣ ਦਾ ਅਧਿਕਾਰ ਦਿੱਤਾ ਗਿਆ ਹੈ। ਪਰ ਜੇਕਰ ਸਮਵਰਤੀ ਸੂਚੀ ਵਿਚ ਅੰਕਿਤ ਕਿਸੇ ਵਿਸ਼ੇ ਸਬੰਧੀ ਸੰਘੀ ਸੰਸਦ ਦੁਆਰਾ ਬਣਾਏ ਕਾਨੂੰਨ ਅਤੇ ਉਸੇ ਹੀ ਵਿਸ਼ੇ ਸੰਬੰਧੀ ਕਿਸੇ ਰਾਜ ਵਿਧਾਨ ਮੰਡਲ ਦੁਆਰਾ ਬਣਾਏ ਕਾਨੂੰਨ ਵਿਚ ਕੋਈ ਮੱਤ ਭੇਦ ਹੈ ਤਾਂ ਸੰਘੀ ਸੰਸਦ ਦਾ ਕਾਨੂੰਨ ਲਾਗੂ ਹੋਵੇਗਾ ਅਤੇ ਰਾਜ ਵਿਧਾਨ ਮੰਡਲ ਦਾ ਕਾਨੂੰਨ ਰੱਦ ਸਮਝਿਆ ਜਾਵੇਗਾ।

ਰਾਜ ਸੂਚੀ ਵਿਚ ਅੰਕਿਤ ਵਿਸ਼ਿਆਂ ਸੰਬੰਧੀ ਲੋਕ ਸਭਾ ਦੀ ਵਿਧਾਨਕ ਸ਼ਕਤੀ – ਹੇਠ ਲਿਖੀਆਂ ਪ੍ਰਸਥਿਤੀਆਂ ਵਿਚ ਲੋਕ ਸਭਾ ਰਾਜ ਸੂਚੀ ਵਿਚ ਅੰਕਿਤ ਵਿਸ਼ਿਆਂ ਉੱਤੇ ਵੀ ਬਿਲ ਪਾਸ ਕਰ ਸਕਦੀ ਹੈ।

(1) ਜਦੋ ਰਾਜ ਸਭਾ ਹਾਜ਼ਰ ਤੇ ਵੋਟ ਦੇਣ ਵਾਲਿਆਂ ਦੇ ਦੋ-ਤਿਹਾਈ (2/3) ਬਹੁਮਤ ਨਾਲ ਰਾਜ ਸੂਚੀ ਵਿਚ ਅੰਕਿਤ ਕਿਸੇ ਵਿਸ਼ੇ ਨੂੰ ਰਾਸ਼ਟਰੀ ਮਹੱਤਤਾ ਵਾਲਾ ਘੋਸ਼ਿਤ ਕਰ ਦੇਵੇ ਤਾਂ ਕੇਂਦਰੀ ਸੰਸਦ ਨੂੰ ਉਸ ਵਿਸ਼ੇ ਉੱਤੇ ਕਾਨੂੰਨ ਬਣਾਉਣ ਦਾ ਅਧਿਕਾਰ ਪ੍ਰਾਪਤ ਹੋ ਜਾਂਦਾ ਹੈ।

(2) ਜਦੋਂ ਦੋ ਜਾਂ ਦੋ ਤੋਂ ਵੱਧ ਰਾਜਾਂ ਦੇ ਵਿਧਾਨ ਮੰਡਲ ਬੇਨਤੀ ਕਰਨ ਤਾਂ ਸੰਸਦ ਨੂੰ ਉਹਨਾਂ ਰਾਜਾਂ ਲਈ ਰਾਜ ਸੂਚੀ ਵਿਚ ਅੰਕਿਤ ਵਿਸ਼ਿਆਂ ਉਤੇ ਕਾਨੂੰਨ ਬਣਾਉਣ ਦਾ ਅਧਿਕਾਰ ਪ੍ਰਾਪਤ ਹੈ।

(3) ਜਦੋਂ ਅਨੁਛੇਦ 352 ਅਧੀਨ ਦੇਸ਼ ਵਿਚ ਸੰਕਟਕਾਲੀ ਸਥਿਤੀ ਦੀ ਘੋਸ਼ਣਾ ਲਾਗੂ ਹੋ ਜਾਂਦੀ ਹੈ ਤਾਂ ਸੰਸਦ ਨੂੰ ਰਾਜ ਸੂਚੀ ਦੇ ਵਿਸ਼ਿਆਂ ਉਤੇ ਵੀ ਕਾਨੂੰਨ ਬਣਾਉਣ ਦਾ ਅਧਿਕਾਰ ਪ੍ਰਾਪਤ ਹੋ ਜਾਂਦਾ ਹੈ।

(4) ਜਦੋਂ ਅਨੁਛੇਦ 356 ਅਧੀਨ ਕਿਸੇ ਰਾਜ ਦੀ ਸੰਵਿਧਾਨਕ ਮਸ਼ੀਨਰੀ ਅਸਫਲ ਹੋ ਜਾਣ ਕਰਕੇ ਰਾਸ਼ਟਰਪਤੀ ਸ਼ਾਸ਼ਨ ਲਾਗੂ ਕਰ ਦਿੱਤਾ ਜਾਵੇ ਤਾਂ ਸੰਸਦ ਨੂੰ ਰਾਜ ਸੂਚੀ ਵਿਚ ਦਿੱਤੇ ਵਿਸ਼ਿਆਂ ਉਤੇ ਸੰਬੰਧਿਤ ਰਾਜ ਸਬੰਧੀ ਕਾਨੂੰਨ ਬਣਾਉਣ ਦਾ ਅਧਿਕਾਰ ਪ੍ਰਾਪਤ ਹੋ ਜਾਂਦਾ ਹੈ।

(5) ਅੰਤਰਰਾਸ਼ਟਰੀ ਸਮਝੌਤਿਆਂ ਨੂੰ ਲਾਗੂ ਕਰਨ ਲਈ ਵੀ ਰਾਜ ਸੂਚੀ ਵਿਚ ਅੰਕਿਤ ਕਿਸੇ ਵਿਸ਼ੇ ਉੱਤੇ ਲੋਕ ਸਭਾ ਬਿਲ ਪਾਸ ਕਰ ਸਕਦੀ ਹੈ।

(6) ਬਕਾਇਆ ਵਿਸ਼ਿਆਂ ਤੇ ਵੀ ਸੰਸਦ ਕਾਨੂੰਨ ਬਣਾ ਸਕਦੀ ਹੈ। ਸੰਸਦ ਦੀਆ ਉਪਰੋਕਤ ਸ਼ਕਤੀਆਂ ਇਹ

ਸਿੱਧ ਕਰਦੀਆਂ ਹਨ ਕਿ ਦੇਸ਼ ਲਈ ਕਾਨੂੰਨਾਂ ਦਾ ਨਿਰਮਾਣ ਕਰਨ ਵਿਚ ਲੋਕ ਸਭਾ ਦੀ ਸਥਿਤੀ ਕਾਫੀ ਜ਼ਿਆਦਾ ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਹੈ।

2.3.4.2 ਵਿੱਤੀ ਸ਼ਕਤੀਆਂ – ਸਾਡੇ ਦੇਸ਼ ਦੇ ਧਨ ਉੱਤੇ ਸੰਸਦ ਦਾ ਕੰਟਰੋਲ ਹੈ। ਸੰਸਦ ਦੇ ਵਿੱਤੀ ਕੰਟਰੋਲ ਦੀ ਵਰਤੋਂ ਦਰਅਸਲ ਲੋਕ ਸਭਾ ਹੀ ਕਰਦੀ ਹੈ। ਕਿਉਂਕਿ ਸੰਵਿਧਾਨ ਨੇ ਰਾਜ ਸਭਾ ਨੂੰ ਧਨ ਸੰਬੰਧੀ ਕੋਈ ਵਿਸ਼ੇਸ਼ ਸ਼ਕਤੀ ਪ੍ਰਦਾਨ ਨਹੀਂ ਕੀਤੀ ਹੈ। ਵਿੱਤ ਬਿਲ ਲੋਕ ਸਭਾ ਵਿਚ ਪੇਸ਼ ਕੀਤਾ ਜਾਂਦਾ ਹੈ। ਲੋਕ ਸਭਾ ਦੁਆਰਾ ਪਾਸ ਹੋਣ ਮਗਰੋਂ ਧਨ ਬਿਲ ਰਾਜ ਸਭਾ ਵਿਚ ਕੇਵਲ ਸਿਫਾਰਿਸ਼ਾਂ ਲਈ ਹੀ ਭੇਜਿਆ ਜਾਂਦਾ ਹੈ। ਰਾਜ ਸਭਾ ਜੇਕਰ ਧਨ ਬਿਲ ਤੇ 14 ਦਿਨ ਤਕ ਕੋਈ ਕਾਰਵਾਈ ਨਹੀ ਕਰਦੀ ਤਾਂ ਉਹ ਬਿਲ ਉਸ ਰੂਪ ਵਿਚ ਹੀ ਪਾਸ ਸਮਝਿਆ ਜਾਵੇਗਾ। ਜਿਸ ਰੂਪ ਵਿਚ ਲੋਕ ਸਭਾ ਨੇ ਉਸਨੂੰ ਪਾਸ ਕੀਤਾ ਸੀ। ਜੇਕਰ ਰਾਜ ਸਭਾ ਕਿਸੇ ਧਨ ਬਿਲ ਨੂੰ ਰੱਦ ਕਰ ਦੇਵੇ ਜਾਂ ਉਸ ਸੰਬੰਧੀ ਅਜਿਹੀ ਤਰਮੀਮੀ ਮਤੇ ਪਾਸ ਕਰ ਦੇਵੇ ਜੋ ਲੋਕ ਸਭਾ ਨੂੰ ਪ੍ਰਵਾਨ ਨਾ ਹੋਣ ਤਾਂ ਇਹਨਾ ਸਥਿਤੀਆਂ ਵਿਚ ਉਹ ਧਨ ਬਿਲ ਦੋਹਾਂ ਸਦਨਾਂ ਵੱਲੋ ਉਸੇ ਰੂਪ ਵਿਚ ਪਾਸ ਸਮਝਿਆ ਜਾਵੇਗਾ, ਜਿਸ ਰੂਪ ਵਿਚ ਉਸ ਨੂੰ ਲੋਕ ਸਭਾ ਨੇ ਪਾਸ ਕੀਤਾ ਸੀ ਅਤੇ ਉਹ ਬਿਲ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਭੇਜ ਦਿੱਤਾ ਜਾਵੇਗਾ। ਇਸ ਦਾ ਭਾਵ ਇਹ ਹੋਇਆ ਕਿ ਧਨ ਬਿਲ ਤੇ ਲੋਕ ਸਭਾ ਦਾ ਫੈਸਲਾ ਅੰਤਿਮ ਹੁੰਦਾ ਹੈ ਅਤੇ ਰਾਜ ਸਭਾ ਧਨ ਬਿਲ ਨੂੰ ਕੇਵਲ 14 ਦਿਨਾਂ ਤਕ ਰੋਕ ਸਕਦੀ ਹੈ। ਕਿਸੇ ਬਿਲ ਸੰਬੰਧੀ ਇਹ ਨਿਰਣਾ ਕਰਨਾ ਕਿ ਉਹ ਧਨ ਬਿਲ ਹੈ ਜਾਂ ਸਾਧਾਰਨ ਬਿਲ, ਲੋਕ ਸਭਾ ਦੇ ਸਪੀਕਰ ਦਾ ਅਧਿਕਾਰ ਹੈ।

2.3.4.3 ਕਾਰਜਪਾਲਿਕਾ ਉੱਤੇ ਨਿਯੰਤਰਣ – ਮੰਤਰੀ –ਪਰਿਸ਼ਦ ਭਾਰਤ ਦੀ ਅਸਲੀ ਕਾਰਜਪਾਲਿਕਾ ਹੈ ਜੋ ਸਮੂਹਿਕ ਤੌਰ ਤੇ ਲੋਕ ਸਭਾ ਨੂੰ ਉਤੱਰਦਾਈ ਹੈ।

ਲੋਕ ਸਭਾ ਹੇਠ ਲਿਖੇ ਸਾਧਨਾਂ ਦੁਆਰਾ ਮੰਤਰੀ ਪਰਿਸ਼ਦ ਨੂੰ ਨਿਯੰਤਰਿਤ ਕਰਦੀ ਹੈ –

(1) **ਪ੍ਰਸ਼ਨ** – ਲੋਕ ਸਭਾ ਦੇ ਇਜਲਾਸ ਸਮੇਂ ਹਰ ਰੋਜ ਸੁਆਲਾਂ ਦਾ ਸਮਾਂ ਨਿਸ਼ਚਿਤ ਹੁੰਦਾ ਹੈ। ਹਰੇਕ ਮੈਂਬਰ ਨੂੰ ਨਿਯਮਾਂ ਦੇ ਅਨੁਸਾਰ ਅਗੇਤਰੀ ਸੂਚਨਾ ਦੇ ਕੇ ਕਿਸੇ ਮੰਤਰੀ ਕੋਲੋ ਉਸ ਦੇ ਵਿਭਾਗਾਂ ਸੰਬੰਧੀ ਪ੍ਰਸ਼ਨ ਪੁੱਛਣ ਦਾ ਅਧਿਕਾਰ ਹੈ।

(2) **ਬਹਿਸ** – ਲੋਕ ਸਭਾ ਦੇ ਮੈਂਬਰ ਬਹਿਸ ਦੁਆਰਾ ਕਾਰਜਪਾਲਿਕਾ ਦੀਆਂ ਨੀਤੀਆਂ ਅਤੇ ਕੰਮਾਂ ਦੀ ਕਰੜੀ ਆਲੋਚਨਾ ਕਰਦੇ ਹਨ। ਇਹ ਬਹਿਸ ਅਖਬਾਰਾਂ ਦੁਆਰਾ ਜਨਤਾ ਤਕ ਪਹੁੰਚਦੀਆਂ ਹਨ ਜਨਤਾ ਮੰਤਰੀ ਪਰਿਸ਼ਦ ਪ੍ਰਤੀ ਆਪਣੀਆਂ ਵਿਰੋਧੀ ਜਾਂ ਸ਼ਲਾਘਾ ਭਰੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦੀ ਹੈ। ਬਹਿਸ ਦੁਆਰਾ ਮੰਤਰੀਆਂ ਨੂੰ ਹਮੇਸ਼ਾਂ ਚੁਕੰਨਾ ਰਖਿਆ ਜਾਂਦਾ ਹੈ।

(3) **ਸਥਗਨ ਮਤਾ** – ਲੋਕ ਸਭਾ ਦੀ ਬੈਠਕ ਦੌਰਾਨ ਕੋਈ ਵੀ ਮੈਂਬਰ ਕਿਸੇ ਜ਼ਰੂਰੀ ਜਨਤਕ ਮਹੱਤਤਾ ਵਾਲੇ ਵਿਸ਼ੇ ਉੱਤੇ ਬਹਿਸ ਕਰਨ ਲਈ ਸਥਗਨ ਮਤਾ ਪੇਸ਼ ਕਰ ਸਕਦਾ ਹੈ। ਜੇਕਰ ਸਪੀਕਰ ਉਸ ਮਤੇ ਨੂੰ ਪ੍ਰਵਾਨ ਕਰ ਲਵੇ ਤਾਂ ਉਸ ਵਿਸ਼ੇ ਉਤੇ ਸਦਨ ਦੇ ਮੈਂਬਰ ਬਹਿਸ ਕਰਦੇ ਹਨ। ਅਜਿਹੀ ਬਹਿਸ ਸਮੇਂ ਅਕਸਰ ਮੰਤਰੀਆਂ ਦੀਆ ਨੀਤੀਆਂ ਦੀ ਕਰੜੀ ਆਲੋਚਨਾ ਕੀਤੀ ਜਾਂਦੀ ਹੈ।

(4) **ਧਿਆਨ-ਦਿਵਾਊ ਮਤਾ** – ਜਦੋਂ ਲੋਕ ਸਭਾ ਦਾ ਇਜਲਾਸ ਜਾਰੀ ਹੋਵੇ ਅਤੇ ਕੋਈ ਮੈਂਬਰ ਸਦਨ ਦਾ ਧਿਆਨ ਕਿਸੇ ਜ਼ਰੂਰੀ ਘਟਨਾ ਵੱਲ ਦਿਵਾਉਣਾ ਚਾਹੁੰਦਾ ਹੋਵੇ ਤਾਂ ਉਹ ਧਿਆਨ ਦਿਵਾਊ ਮਤਾ ਪੇਸ਼ ਕਰ ਸਕਦਾ ਹੈ। ਅਜਿਹੇ ਮਤੇ ਅਕਸਰ ਮੰਤਰੀਆਂ ਦਾ ਧਿਆਨ ਕਿਸੇ ਘਟਨਾ ਵੱਲ ਦਿਵਾਉਣ ਲਈ ਪੇਸ਼ ਕੀਤੇ ਜਾਂਦੇ ਹਨ।

(5) **ਅਵਿਸ਼ਵਾਸ ਦਾ ਮਤਾ**– ਲੋਕ ਸਭਾ ਸਮੁੱਚੇ ਮੰਤਰੀ ਪਰਿਸ਼ਦ ਵਿਰੁੱਧ ਅਵਿਸ਼ਵਾਸ਼ ਦਾ ਮਤਾ ਪਾਸ ਕਰਕੇ ਉਸ ਨੂੰ ਪਦਵੀ ਤੋਂ ਹਟਾ ਸਕਦੀ ਹੈ।

(6) **ਨਿੰਦਾ ਪ੍ਰਸਤਾਵ** – ਜੇਕਰ ਲੋਕ ਸਭਾ ਕਿਸੇ ਇਕ ਮੰਤਰੀ ਦੇ ਕਿਸੇ ਵਿਸ਼ੇਸ਼ ਕੰਮ ਦੀ ਨਿਖੇਧੀ ਕਰਨ ਲਈ ਨਿੰਦਾ ਪ੍ਰਸਤਾਵ ਪਾਸ ਕਰ ਦੇਵੇ ਤਾਂ ਸਮੁੱਚੀ ਮੰਤਰੀ ਪਰਿਸ਼ਦ ਨੂੰ ਅਸਤੀਫਾ ਦੇਣਾ ਪੈਂਦਾ ਹੈ।

(7) **ਸਰਕਾਰੀ ਬਿੱਲ ਰੱਦ ਕਰਕੇ** – ਲੋਕ ਸਭਾ ਸਾਲਾਨਾ ਬਜਟ ਨੂੰ ਰੱਦ ਕਰਕੇ ਜਾਂ ਮੰਤਰੀ ਮੰਡਲ

ਵੱਲੋ ਪੇਸ਼ ਕੀਤਾ ਹੋਇਆ ਕੋਈ ਮਹੱਤਵਪੂਰਨ ਬਿੱਲ ਰੱਦ ਕਰਕੇ ਜਾਂ ਮੰਤਰੀਆਂ ਦੀ ਤਨਖਾਹ ਅਤੇ ਭੱਤਿਆਂ ਵਿਚ ਕਟੌਤੀ ਕਰਨਾ ਦਾ ਮਤਾ ਪਾਸ ਕਰਕੇ ਮੰਤਰੀ ਪਰਿਸ਼ਦ ਨੂੰ ਤਿਆਗ-ਪੱਤਰ ਦੇਣ ਲਈ ਮਜ਼ਬੂਰ ਕਰ ਸਕਦੀ ਹੈ।

(5) ਸੰਵਿਧਾਨਕ ਸ਼ਕਤੀਆਂ – ਸੰਵਿਧਾਨ ਵਿਚ ਤਰਮੀਮ ਕਰਨ ਦੀ ਸ਼ਕਤੀ ਲੋਕ ਸਭਾ ਤੇ ਰਾਜ ਸਭਾ ਦੋਹਾਂ ਸਦਨਾਂ ਕੋਲ ਹੈ। ਤਰਮੀਮ ਸੰਬੰਧੀ ਬਿਲ ਕਿਸੇ ਵੀ ਸਦਨ ਵਿਚ ਪੇਸ਼ ਕੀਤਾ ਜਾ ਸਕਦਾ ਹੈ ਅਤੇ ਦੋਹਾਂ ਸਦਨਾਂ ਵਿੱਚੋ ਨਿਯਮਾਂ ਅਨੁਸਾਰ ਨਿਸ਼ਚਿਤ ਬਹੁਮਤ ਦੁਆਰਾ ਪਾਸ ਹੋਣਾ ਜ਼ਰੂਰੀ ਹੈ। ਸੰਵਿਧਾਨਕ ਤਰਮੀਮੀ ਬਿਲ ਸੰਬੰਧੀ ਦੋਹਾਂ ਸਦਨਾਂ ਦੇ ਮਤਭੇਦ ਨੂੰ ਦੂਰ ਕਰਨ ਲਈ ਸੰਵਿਧਾਨ ਵਿਚ ਕੋਈ ਸਾਧਨ ਨਿਸ਼ਚਿਤ ਨਹੀ ਕੀਤਾ ਗਿਆ ਹੈ। ਹੁਣ ਤਕ ਰਾਜ ਸਭਾ ਅਤੇ ਲੋਕ ਸਭਾ ਵਿਚ ਸੰਵਿਧਾਨਕ ਸੋਧ ਸਬੰਧੀ ਦੋ ਵਾਰੀ ਮਤਭੇਦ ਉਤੱਪੰਨ ਹੋਇਆ ਹੈ।ਇਹ ਮਤਭੇਦ ਪਹਿਲੀ ਵਾਰੀ 1970 ਵਿਚ 42 ਵੀ ਸੰਵਿਧਾਨਕ ਸੋਧ ਸਬੰਧੀ ਅਤੇ ਦੂਜੀ ਵਾਰੀ 1978 ਵਿਚ 44 ਵੀ ਸੋਧ ਸੰਬੰਧੀ ਉਤਪੰਨ ਹੋਇਆ ਸੀ। ਪਰ ਇਹਨਾਂ ਦੋਨਾਂ ਅਵਸਰਾਂ ਤੇ ਦੋਹਾਂ ਸਦਨਾਂ ਦੇ ਮਤਭੇਦ ਨੂੰ ਦੂਰ ਕਰਨ ਲਈ ਦੋਹਾਂ ਸਦਨਾਂ ਦਾ ਸਾਂਝਾ ਸਮਾਗਮ ਨਹੀ ਬੁਲਾਇਆ ਗਿਆ ਸੀ।

2.3.4.4 ਨਿਆਂਇਕ ਸ਼ਕਤੀਆਂ – ਲੋਕ ਸਭਾ ਨੂੰ ਨਿਆਂਇਕ ਸਰੂਪ ਦੀਆਂ ਕੁੱਝ ਹੇਠ ਲਿਖੀਆਂ ਸ਼ਕਤੀਆਂ ਪ੍ਰਾਪਤ ਹਨ ਜਿਨ੍ਹਾਂ ਦੀ ਵਰਤੋਂ ਉਹ ਰਾਜ ਸਭਾ ਨਾਲ ਮਿਲ ਕੇ ਹੀ ਕਰ ਸਕਦੀ ਹੈ।

(1) ਲੋਕ ਸਭਾ ਰਾਸ਼ਟਰਪਤੀ ਵਿਰੁੱਧ ਮਹਾਂ ਦੋਸ਼ ਦੇ ਮੁੱਕਦਮੇ ਵਿਚ ਹਿੱਸਾ ਲੈਂਦੀ ਹੈ। ਕੋਈ ਵੀ ਸਦਨ ਨਿਸ਼ਚਿਤ ਨਿਯਮਾਂ ਅਨੁਸਾਰ ਰਾਸ਼ਟਰਪਤੀ ਵਿਰੁੱਧ ਦੋਸ਼ ਲਗਾ ਸਕਦਾ ਹੈ ਅਤੇ ਜੇਕਰ ਦੂਜਾ ਸਦਨ ਛਾਣ-ਬੀਣ ਕਰਕੇ ਲਗਾਏ ਗਏ ਦੋਸ਼ ਦੇ ਪੱਖ ਵਿਚ 2/3 ਬਹੁਮਤ ਨਾਲ ਮਤਾ ਪਾਸ ਕਰ ਦੇਵੇ ਤਾਂ ਰਾਸ਼ਟਰਪਤੀ ਨੂੰ ਆਪਣਾ ਪਦ ਤਿਆਗਣਾ ਪਵੇਗਾ।

(2) ਉਪ-ਰਾਸ਼ਟਰਪਤੀ ਵਿਰੁੱਧ ਇਲਜ਼ਾਮ ਕੇਵਲ ਰਾਜ ਸਭਾ ਲਗਾ ਸਕਦੀ ਹੈ, ਪਰੰਤੂ ਉਸ ਨੂੰ ਪਦਵੀ ਤੋਂ ਉਸ ਸਮੇਂ ਹੀ ਹਟਾਇਆ ਜਾਵੇਗਾ ਜਦੋਂ ਰਾਜ ਸਭਾ ਦੁਆਰਾ ਲਗਾਏ ਇਲਜ਼ਾਮਾਂ ਨੂੰ ਲੋਕ ਸਭਾ ਪ੍ਰਵਾਨ ਕਰ ਲਵੇਗੀ।

(3) ਲੋਕ ਸਭਾ ਸਰਵ-ਉੱਚ ਅਦਾਲਤ ਅਤੇ ਉੱਚ ਅਦਾਲਤਾਂ ਦੇ ਜੱਜਾਂ ਵਿਰੁੱਧ ਦੋਸ਼ੀ ਮਤੇ ਪਾਸ ਕਰ ਸਕਦੀ ਹੈ। ਜੇਕਰ ਕਿਸੇ ਜੱਜ ਵਿਰੁੱਧ ਦੋਨੋ ਸਦਨਾਂ ਦੁਆਰਾ ਅਜਿਹਾ ਪ੍ਰਸਤਾਵ ਪਾਸ ਹੋ ਜਾਵੇ ਤਾਂ ਰਾਸ਼ਟਰਪਤੀ ਸਬੰਧਤ ਜੱਜ ਨੂੰ ਪਦਵੀ ਤੋਂ ਹਟਾ ਦੇਵੇਗਾ।

(4) ਲੋਕ ਸਭਾ ਮੁੱਖ ਚੋਣ ਕਮਿਸ਼ਨਰ, ਅਟਾਰਨੀ ਜਨਰਲ, ਕੰਪਟਰੋਲਰ ਅਤੇ ਆਡੀਟਰ ਜਨਰਲ ਦੇ ਵਿਰੁੱਧ ਦੋਸ਼ ਮਤੇ ਪਾਸ ਕਰ ਸਕਦੀ ਹੈ ਅਤੇ ਉਸ ਨੂੰ ਸਜ਼ਾ ਵੀ ਦੇ ਸਕਦੀ ਹੈ। ਉਦਾਹਰਨ ਵਜੋਂ 19 ਦਸੰਬਰ 1978 ਨੂੰ ਲੋਕ ਸਭਾ ਨੇ ਸ੍ਰੀਮਤੀ ਇੰਦਰਾ ਗਾਂਧੀ ਨੂੰ ਸਦਨ ਦੀ ਮਰਯਾਦਾ ਭੰਗ ਕਰਨ ਕਾਰਨ ਸਦਨ ਦੀ ਮੈਂਬਰੀ ਤੋਂ ਵਾਂਝਿਆ ਕਰ ਦਿੱਤਾ ਸੀ ਅਤੇ ਉਹਨਾਂ ਨੂੰ ਸਦਨ ਦਾ ਸਮਾਗਮ ਸਮਾਪਤ ਹੋਣ ਤਕ ਕੈਦ ਦੀ ਸਜ਼ਾ ਵੀ ਦਿੱਤੀ ਸੀ।

2.3.4.5 ਚੋਣ ਸੰਬੰਧੀ ਕਾਰਜ – ਲੋਕ ਸਭਾ ਆਪਣੇ ਅਧਿਅਕਸ਼ ਅਤੇ ਉਪ-ਅਧਿਅਕਸ਼ ਦੀ ਚੋਣ ਕਰਦੀ ਹੈ। ਲੋਕ ਸਭਾ ਦੇ ਚੁਣੇ ਹੋਏ ਮੈਂਬਰ ਰਾਸ਼ਟਰਪਤੀ ਦੀ ਚੋਣ ਕਰਨ ਵਿਚ ਅਤੇ ਲੋਕ ਸਭਾ ਦੇ ਸਾਰੇ ਮੈਂਬਰ ਉਪ-ਰਾਸ਼ਟਰਪਤੀ ਦੀ ਚੋਣ ਵਿਚ ਭਾਗ ਲੈਂਦੇ ਹਨ।

2.3.4.6 ਅਧਿਆਦੇਸ਼ਾਂ ਸੰਬੰਧੀ ਸ਼ਕਤੀ – ਰਾਸ਼ਟਰਪਤੀ ਨੂੰ ਅਧਿਆਦੇਸ਼ ਜਾਰੀ ਕਰਨ ਦੀ ਸ਼ਕਤੀ ਪ੍ਰਾਪਤ ਹੈ। ਰਾਸਟਰਪਤੀ ਉਸ ਸਮੇਂ ਅਧਿਆਦੇਸ਼ ਜਾਰੀ ਕਰ ਸਕਦਾ ਹੈ। ਜਦੋਂ ਸੰਸਦ ਦਾ ਸਮਾਗਮ ਨਾ ਹੋ ਰਿਹਾ ਹੋਵੇ । ਅਜਿਹੇ ਅਧਿਆਦੇਸ਼ਾਂ ਦੀ ਸ਼ਕਤੀ ਸੰਸਦ ਦੇ ਕਾਨੂੰਨ ਦੇ ਸਮਾਨ ਹੁੰਦੀ ਹੈ। ਪਰ ਅਜਿਹੇ ਅਧਿਆਦੇਸ਼ ਜਾਰੀ ਕੀਤੇ ਜਾਣ ਮਗਰੋਂ ਸੰਸਦ ਦਾ ਸਮਾਗਮ ਆਰੰਭ ਹੋਣ ਦੀ ਮਿਤੀ ਤੋਂ ਛੇ ਹਫ਼ਤਿਆਂ ਤਕ ਹੀ ਲਾਗੂ ਰਹਿ ਸਕਦੇ ਹਨ। ਛੇ ਹਫ਼ਤਿਆਂ ਦੇ ਸਮੇਂ ਤੋਂ ਪਹਿਲਾਂ ਵੀ ਸੰਸਦ ਦੇ ਦੋਨੋਂ ਸਦਨ ਪ੍ਰਸਤਾਵ ਪਾਸ ਕਰਕੇ ਕਿਸੇ ਅਧਿਆਦੇਸ਼ ਨੂੰ ਰੱਦ ਕਰ ਸਕਦੇ ਹਨ।

2.3.4.7 ਸੰਕਟਕਾਲੀ ਘੋਸ਼ਣਾ ਸੰਬੰਧੀ ਸ਼ਕਤੀ – ਅਨੁਛੇਦ 352, 356 ਅਤੇ 360 ਅਧੀਨ ਰਾਸ਼ਟਰਪਤੀ ਨੂੰ ਸੰਕਟਕਾਲੀ ਘੋਸ਼ਣਾਵਾਂ ਜਾਰੀ ਕਰਨ ਦੀ ਸ਼ਕਤੀ ਦਿੱਤੀ ਗਈ ਹੈ। ਇਹ ਘੋਸ਼ਣਾਵਾਂ ਨਿਸ਼ਚਿਤ ਸਮੇਂ ਦੇ ਅੰਦਰ ਸੰਸਦ ਦੇ ਦੋਨਾਂ ਸਦਨਾਂ ਦੁਆਰਾ ਪ੍ਰਵਾਨ ਹੋਣੀਆਂ ਜ਼ਰੂਰੀ ਹਨ। ਸੰਸਦ ਦੇ ਦੋਨਾਂ ਸਦਨਾਂ ਦੀ ਪ੍ਰਵਾਨਗੀ ਤੋਂ ਬਿਨਾਂ ਕੋਈ ਵੀ ਸੰਕਟਕਾਲੀ ਘੋਸ਼ਣਾ ਜਾਰੀ ਨਹੀ ਰਹਿ ਸਕਦੀ।

ਸੰਕਟਕਾਲੀ ਘੋਸ਼ਣਾ ਨੂੰ ਸਮਾਪਤ ਕਰਾਉਣ ਸੰਬੰਧੀ ਲੋਕ ਸਭਾ ਦੀ ਸ਼ਕਤੀ – ਅਨੁਛੇਦ 352 ਅਧੀਨ ਲਾਗੂ ਸੰਕਟਕਾਲੀ ਘੋਸ਼ਣਾ ਨੂੰ ਕਿਸੇ ਵੀ ਸਮੇਂ ਲੋਕ ਸਭਾ ਇਕ ਪ੍ਰਸਤਾਵ ਪਾਸ ਕਰਕੇ ਸਮਾਪਤ ਕਰਵਾ ਸਕਦੀ ਹੈ। ਅਜਿਹਾ ਪ੍ਰਸਤਾਵ ਪੇਸ਼ ਕਰਨ ਲਈ ਲੋਕ ਸਭਾ ਦੇ ਕੁੱਲ ਮੈਬਰਾਂ ਦੇ ਦਸਵੇਂ (1/10) ਭਾਗ ਦੁਆਰਾ ਲਿਖਤੀ ਸੂਚਨਾ ਦੇਣੀ ਜ਼ਰੂਰੀ ਹੈ।ਜੇਕਰ ਲੋਕ ਸਭਾ ਦਾ ਸਮਾਗਮ ਚਲ ਰਿਹਾ ਹੋਵੇ ਤਾਂ ਅਜਿਹਾ ਨੋਟਿਸ ਸਪੀਕਰ ਨੂੰ ਦਿੱਤਾ ਜਾਵੇਗਾ । ਪਰ ਜੇਕਰ ਲੋਕ ਸਭਾ ਸਮਾਗਮ ਵਿਚ ਨਹੀ ਹੈ ਤਾਂ ਅਜਿਹਾ ਨੋਟਿਸ ਰਾਸ਼ਟਰਪਤੀ ਨੂੰ ਦਿੱਤਾ ਜਾਵੇਗਾ । ਜਿਸ ਮਿਤੀ ਨੂੰ ਇਹ ਨੋਟਿਸ ਸਪੀਕਰ ਜਾਂ ਰਾਸ਼ਟਰਪਤੀ ਨੂੰ ਪ੍ਰਾਪਤ ਹੋਵੇ ਗਾ, ਉਸ ਮਿਤੀ ਤੋਂ 14 ਦਿਨ ਦੇ ਅੰਦਰ ਸਦਨ ਦੀ ਇਕ ਵਿਸ਼ੇਸ਼ ਬੈਠਕ ਹੋਣੀ ਜ਼ਰੂਰੀ ਹੈ। ਇਸ ਵਿਸੇ ਸ਼ ਬੈਠਕ ਵਿਚ ਸੰਕਟਕਾਲੀ ਘੋਸ਼ਣਾ ਦੀ ਸਮਾਪਤੀ ਸਬੰਧੀ ਮੈਂਬਰਾਂ ਦੁਆਰਾ ਪੇਸ਼ ਕੀਤਾ ਪ੍ਰਸਤਾਵ ਵਿਚਾਰਿਆ ਜਾਵੇਗਾ। ਜੇਕਰ ਲੋਕ ਸਭਾ ਅਜਿਹੇ ਪ੍ਰਸਤਾਵ ਨੂੰ ਪਾਸ ਕਰ ਦੇਵੇਗੀ ਤਾਂ ਰਾਸ਼ਟਰਪਤੀ ਸੰਕਟਕਾਲੀ ਘੋਸ਼ਣਾ ਨੂੰ ਤੁਰੰਤ ਸਮਾਪਤ ਕਰ ਦੇਵੇਗਾ।

ਫੁਟਕਲ ਕੰਮ – ਲੋਕ ਸਭਾ ਨੂੰ ਕੁਝ ਹੇਠ ਲਿਖੇ ਫੁਟਕਲ ਕੰਮ ਕਰਨ ਦੀ ਸ਼ਕਤੀ ਪ੍ਰਾਪਤ ਹੈ –

(1) ਸੰਘ ਵਿਚ ਨਵੇ ਰਾਜਾਂ ਨੂੰ ਸ਼ਾਮਿਲ ਕਰਨ, ਰਾਜਾਂ ਦੇ ਖੇਤਰ, ਸੀਮਾਵਾਂ ਅਤੇ ਨਾਂ ਵਿਚ ਤਬਦੀਲੀ ਕਰਨ ਦੀ ਸ਼ਕਤੀ।

(2) ਸਰਵ-ਉੱਚ ਅਦਾਲਤ ਜਾਂ ਉੱਚ ਅਦਾਲਤਾਂ ਦੇ ਅਧਿਕਾਰ ਖੇਤਰ ਵਿਚ ਵਾਧਾ ਕਰਨ ਦੀ ਸ਼ਕਤੀ।

(3) ਦੋ ਜਾਂ ਦੋ ਤੋਂ ਵਧੇਰੇ ਰਾਜਾਂ ਲਈ ਸੰਯੁਕਤ ਰਾਜ ਲੋਕ ਸੇਵਾ ਆਯੋਗ ਸਥਾਪਿਤ ਕਰਨ ਦੀ ਸ਼ਕਤੀ।

(4) ਅੰਤਰ-ਰਾਸ਼ਟਰੀ ਸਮਝੌਤਿਆਂ ਨੂੰ ਲਾਗੂ ਕਰਨ ਲਈ ਕਾਨੂੰਨ ਬਣਾਉਣ ਦੀ ਸ਼ਕਤੀ।

(5) ਦੋ ਜਾਂ ਦੋ ਤੋਂ ਵਧੇਰੇ ਰਾਜਾਂ ਲਈ ਸੰਯੁਕਤ ਉੱਚ ਅਦਾਲਤ ਸਥਾਪਿਤ ਕਰਨ ਦੀ ਸ਼ਕਤੀ।

ਇੱਥੇ ਇਹ ਵਰਣਨਯੋਗ ਹੈ ਕਿ ਲੋਕ ਸਭਾ ਦੀਆਂ ਇਹ ਸ਼ਕਤੀਆਂ ਨਿਵੇਕਲੀਆਂ ਨਹੀਂ ਹਨ। ਇਸ ਤਰ੍ਹਾਂ ਦੀਆਂ ਸ਼ਕਤੀਆਂ ਰਾਜ ਸਭਾ ਨੂੰ ਵੀ ਪ੍ਰਾਪਤ ਹਨ। ਇਨ੍ਹਾਂ ਵਿਸ਼ਿਆਂ ਸੰਬੰਧੀ ਦੋਨਾਂ ਸਦਨਾਂ ਵੱਲੋ ਵੱਖ ਵੱਖ ਕਾਰਵਾਈ ਕੀਤੀ ਜਾਣੀ ਜ਼ਰੂਰੀ ਹੈ।

ਸਥਿਤੀ – ਲੋਕ ਸਭਾ ਦੀਆਂ ਉਕਤ ਸ਼ਕਤੀਆਂ ਤੋਂ ਸਪਸ਼ਟ ਹੈ ਕਿ ਲੋਕ ਸਭਾ ਵਿਧਾਨਕ ਖੇਤਰ ਵਿਚ ਰਾਜ ਸਭਾ ਤੋ ਵੱਧ ਸ਼ਕਤੀਸ਼ਾਲੀ ਹੈ। ਵਿੱਤੀ ਖੇਤਰਾਂ ਵਿਚ ਉਸ ਦੀ ਸਥਿਤੀ ਇੰਨੀ ਸ਼ਕਤੀਸ਼ਾਲੀ ਹੈ ਕਿ ਉਸ ਦੀ ਪ੍ਰਵਾਨਗੀ ਤੋ ਬਿਨਾਂ ਪ੍ਰਸ਼ਾਸਨ ਵਿਚ ਕਿਸੇ ਕਿਸਮ ਦਾ ਕੋਈ ਖਰਚ ਨਹੀ ਕੀਤਾ ਜਾ ਸਕਦਾ ਅਤੇ ਕੋਈ ਨਵਾਂ ਟੈਕਸ ਨਹੀ ਲਗਾਇਆ ਜਾ ਸਕਦਾ ਹੈ। ਮੰਤਰੀ ਪਰਿਸ਼ਦ ਲੋਕ ਸਭਾ ਨੂੰ ਉਤੱਰਦਾਈ ਹੈ ਅਤੇ ਲੋਕ ਸਭਾ ਦਾ ਵਿਸ਼ਵਾਸ ਪ੍ਰਾਪਤ ਹੋਣ ਤਕ ਹੀ ਮੰਤਰੀ ਪਰਿਸ਼ਦ ਪਦਵੀ ਤੇ ਕਾਇਮ ਰਹਿ ਸਕਦੀ ਹੈ।

2.3.5 ਰਾਜ ਸਭਾ ਦੀ ਬਣਤਰ

ਸੰਵਿਧਾਨ ਦੇ ਅਨੁਛੇਦ 79 ਅਨੁਸਾਰ ਰਾਜ ਸਭਾ ਸੰਸਦ ਦਾ ਅਟੁਟ ਅੰਗ ਹੈ। ਰਾਜ ਸਭਾ ਨੂੰ ਭਾਰਤੀ ਸੰਸਦ ਦਾ ਉਪਰਲਾ ਸਦਨ ਅਤੇ ਦੂਜਾ ਸਦਨ ਵੀ ਕਿਹਾ ਜਾਂਦਾ ਹੈ।

2.3.5.1 ਰਾਜ ਸਭਾ ਦੀ ਰਚਨਾ– ਰਾਜ ਸਭਾ ਦੇ ਮੈਂਬਰਾਂ ਦੀ ਕੁੱਲ ਗਿਣਤੀ 250 ਨਿਸ਼ਚਿਤ ਕੀਤੀ ਗਈ ਹੈ। ਇਹਨਾਂ ਵਿਚੋਂ 238 ਮੈਂਬਰ ਰਾਜਾਂ ਅਤੇ ਸੰਘੀ ਪ੍ਰਦੇਸ਼ਾਂ ਦੀ ਪ੍ਰਤੀਨਿਧਤਾ ਕਰਦੇ ਹਨ ਅਤੇ ਬਾਕੀ 12 ਮੈਂਬਰ ਰਾਸ਼ਟਰਪਤੀ ਦੁਆਰਾ ਨਿਸ਼ਚਿਤ ਖੇਤਰਾਂ ਵਿਚੋਂ ਨਾਮਜ਼ਦ ਕੀਤੇ ਜਾਂਦੇ ਹਨ ਰਾਜਾਂ ਦੇ ਪ੍ਰਤੀਨਿਧਾਂ ਦੀ ਚੋਣ ਸਬੰਧਿਤ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਮੈਂਬਰਾਂ ਦੁਆਰਾ ਹੁੰਦੀ ਹੈ। ਇਹ ਚੋਣ ਅਨੁਪਾਤਿਕ ਪ੍ਰਤੀਨਿਧਾਂ ਪ੍ਰਣਾਲੀ ਦੇ ਆਧਾਰ ਤੇ ਇਕਹਿਰੀ ਬਦਲਵੀ ਵੋਟ ਪ੍ਰਣਾਲੀ ਦੁਆਰਾ ਕਰਾਈ ਜਾਂਦੀ ਹੈ।

ਰਾਜਾਂ ਨੂੰ ਅਸਮਾਨ ਪ੍ਰਤੀਨਿਧਤਾ – ਭਾਰਤ ਦੀ ਰਾਜ ਸਭਾ ਵਿਚ ਰਾਜਾਂ ਦੀ ਪ੍ਰਤੀਨਿਧਤਾ ਸਮਾਨਤਾ

ਦੇ ਆਧਾਰ ਤੇ ਨਹੀਂ ਸਗੋਂ ਵਸੋਂ ਦੇ ਆਧਾਰ ਤੇ ਨਿਸ਼ਚਿਤ ਕੀਤੀ ਗਈ ਹੈ। ਜਿਸ ਪ੍ਰਾਂਤ ਦੀ ਵਸੋਂ ਦੂਸਰੇ ਪ੍ਰਾਂਤਾਂ ਦੇ ਮੁਕਾਬਲੇ ਜ਼ਿਆਦਾ ਹੈ ਉਸ ਪ੍ਰਾਂਤ ਨੂੰ ਰਾਜ ਸਭਾ ਵਿਚ ਦੂਜੇ ਪ੍ਰਾਂਤਾਂ ਦੇ ਮੁਕਾਬਲੇ ਪ੍ਰਤੀਨਿਧਤਾ ਵੀ ਜ਼ਿਆਦਾ ਦਿੱਤੀ ਗਈ ਹੈ।

2.3.5.2 ਮਿਆਦ – ਰਾਜ ਸਭਾ ਇਕ ਸਥਾਈ ਸਦਨ ਹੈ। ਰਾਸ਼ਟਰਪਤੀ ਇਸ ਨੂੰ ਭੰਗ ਨਹੀਂ ਕਰ ਸਕਦਾ, ਪਰ ਹਰ ਦੋ ਸਾਲ ਮਗਰੋਂ ਰਾਜ ਸਭਾ ਦੇ ਇਕ ਤਿਹਾਈ (1/3) ਮੈਂਬਰ ਸੰਸਦ ਦੁਆਰਾ ਬਣਾਏ ਕਾਨੂੰਨ ਅਨੁਸਾਰ ਰਿਟਾਇਰ ਹੋ ਜਾਂਦੇ ਹਨ। ਇਨ੍ਹਾਂ ਰਿਟਾਇਰ ਹੋਏ ਮੈਂਬਰਾਂ ਦੀ ਥਾਂ ਨਵੇ ਮੈਂਬਰਾਂ ਦੀ ਚੋਣ ਕੀਤੀ ਜਾਂਦੀ ਹੈ ਇਸ ਤਰ੍ਹਾਂ ਰਾਜ ਸਭਾ ਦੇ ਸਾਰੇ ਮੈਂਬਰਾਂ ਛੇ ਸਾਲ ਲਈ ਆਪਣੀ ਪਦਵੀ ਤੇ ਕਾਇਮ ਰਹਿੰਦੇ ਹਨ।

2.3.5.3 ਮੈਂਬਰਾਂ ਦੀਆਂ ਯੋਗਤਾਵਾਂ – ਰਾਜ ਸਭਾ ਦੀ ਚੋਣ ਲੜਨ ਲਈ ਹੇਠ ਲਿਖੀਆਂ ਯੋਗਤਾਵਾਂ ਜ਼ਰੂਰੀ ਹਨ।

(1) ਉਮੀਦਵਾਰ ਭਾਰਤ ਦਾ ਨਾਗਰਿਕ ਹੋਵੇ।

(2) ਕਿਸੇ ਵੀ ਰਾਜ ਦਾ ਵਿਅਕਤੀ ਕਿਸੇ ਵੀ ਰਾਜ ਵਿੱਚੋਂ ਰਾਜ ਸਭਾ ਦੀ ਚੋਣ ਲੜ ਸਕਦਾ ਹੈ।

(3) ਉਹ ਤੀਜੀ ਅਨੁਸੂਚੀ ਵਿਚ ਦਿੱਤੇ ਗਏ ਰੂਪ ਅਨੁਸਾਰ ਚੋਣ ਕਮਿਸ਼ਨ ਵਲੋਂ ਅਧਿਕਾਰਤ ਵਿਅਕਤੀ ਦੀ ਹਾਜ਼ਰੀ ਵਿਚ ਭਾਰਤ ਦਾ ਨਾਗਰਿਕ ਹੋਣ ਅਤੇ ਸੰਵਿਧਾਨ ਪ੍ਰਤੀ ਵਫਾਦਾਰ ਰਹਿਣ ਦੀ ਸਹੁੰ ਚੁੱਕੇ।

(4) ਉਹ 30 ਸਾਲਾਂ ਦੀ ਉਮਰ ਪੂਰੀ ਕਰ ਚੁੱਕਿਆ ਹੋਵੇ।

(5) ਸੰਸਦ ਦੁਆਰਾ ਨਿਸ਼ਚਿਤ ਕੀਤੀਆਂ ਦੂਸਰੀਆਂ ਯੋਗਤਾਵਾਂ ਰੱਖਦਾ ਹੋਵੇ।

(6) ਉਹ ਪਾਗਲ ਨਾ ਹੋਵੇ, ਦੀਵਾਲੀਆ ਨਾ ਹੋਵੇ, ਕੇਂਦਰੀ ਜਾਂ ਰਾਜ ਸਰਕਾਰ ਦੇ ਕਿਸੇ ਲਾਭਦਾਇਕ ਅਹੁਦੇ ਤੇ ਕੰਮ ਨਾ ਕਰਦਾ ਹੋਵੇ।

(7) ਸੰਸਦ ਦੇ ਕਿਸੇ ਕਾਨੂੰਨ ਜਾਂ ਨਿਆਂਪਾਲਿਕਾ ਦੇ ਕਿਸੇ ਨਿਰਣੇ ਦੁਆਰਾ ਰਾਜ ਸਭਾ ਦਾ ਮੈਂਬਰ ਬਣਨ ਲਈ ਅਯੋਗ ਨਾ ਘੋਸ਼ਿਤ ਕੀਤਾ ਗਿਆ ਹੋਵੇ।

ਜੇਕਰ ਕਿਸੇ ਮੈਂਬਰ ਦੀਆਂ ਯੋਗਤਾਵਾਂ ਬਾਰੇ ਸ਼ੰਕਾ ਪੈਦਾ ਹੋ ਜਾਵੇ ਤਾਂ ਇਸ ਦਾ ਫੈਸਲਾ ਰਾਸ਼ਟਰਪਤੀ ਕਰਦਾ ਹੈ ਅਤੇ ਉਸ ਦਾ ਫੈਸਲਾ ਅੰਤਿਮ ਹੁੰਦਾ ਹੈ। ਅਜਿਹਾ ਫੈਸਲਾ ਕਰਨ ਤੋਂ ਪਹਿਲਾਂ ਰਾਸ਼ਟਰਪਤੀ ਚੋਣ ਆਯੋਗ ਦੀ ਸਲਾਹ ਲੈਂਦਾਂ ਹੈ ਅਤੇ ਰਾਸ਼ਟਰਪਤੀ ਲਈ ਆਯੋਗ ਦੀ ਸਲਾਹ ਮੰਨਣੀ ਜ਼ਰੂਰੀ ਹੈ।

ਇਜਲਾਸ – ਰਾਸ਼ਟਰਪਤੀ ਜਦੋਂ ਅਤੇ ਜਿੱਥੇ ਯੋਗ ਸਮਝੇ, ਸਮੇਂ-ਸਮੇਂ ਤੇ ਦੋਹਾਂ ਸਦਨਾਂ ਦਾ ਇਜਲਾਸ ਬੁਲਾ ਸਕਦਾ ਹੈ। ਪਰ ਸੰਵਿਧਾਨ ਅਨੁਸਾਰ ਇਹ ਜ਼ਰੂਰੀ ਹੈ ਕਿ ਪਿਛਲੇ ਇਜਲਾਸ ਦੀ ਆਖਰੀ ਤਾਰੀਖ ਤੇ ਅਗਲੇ ਇਜਲਾਸ ਦੀ ਪਹਿਲੀ ਤਾਰੀਖ ਵਿਚ 6 ਮਹੀਨੇ ਤੋ ਵੱਧ ਸਮਾਂ ਨਾ ਬੀਤਣ ਦਿੱਤਾ ਜਾਵੇ। ਇਸ ਦਾ ਭਾਵ ਇਹ ਹੈ ਕਿ ਸਾਲ ਵਿਚ ਦੋ ਵਾਰੀ ਰਾਜ ਸਭਾ ਦਾ ਇਜਲਾਸ ਹੋਣਾ ਜ਼ਰੂਰੀ ਹੈ।

ਕੋਰਮ – ਰਾਜ ਸਭਾ ਦੀ ਕਾਰਵਾਈ ਲਈ ਉਸ ਦੇ ਕੁੱਲ ਮੈਂਬਰਾਂ ਦੀ ਗਿਣਤੀ ਦਾ 1/10 ਭਾਗ ਕੋਰਮ ਲਈ ਨਿਸ਼ਚਿਤ ਕੀਤਾ ਗਿਆ ਹੈ।

ਰਾਜ ਸਭਾ ਦਾ ਅਧਿਅਕਸ਼ – ਉਪ-ਰਾਸ਼ਟਰਪਤੀ ਰਾਜ ਸਭਾ ਦਾ ਪਦੇਨ ਅਧਿਅਕਸ਼ ਹੁੰਦਾ ਹੈ। ਭਾਵ ਇਹ ਹੈ ਕਿ ਜੋ ਵੀ ਭਾਰਤ ਦਾ ਉਪ-ਰਾਸ਼ਟਰਪਤੀ ਹੋਵੇਗਾ ਉਹ ਹੀ ਰਾਜ ਸਭਾ ਦਾ ਅਧਿਅਕਸ਼ ਹੋਵੇਗਾ। ਰਾਜ ਸਭਾ ਦੇ ਸਭਾਪਤੀ ਨੂੰ ਸਾਧਾਰਨ ਤੌਰ ਤੇ ਵੋਟ ਦੇਣ ਦਾ ਅਧਿਕਾਰ ਨਹੀ ਹੈ ਕਿਉਂਕਿ ਉਹ ਰਾਜ ਸਭਾ ਦਾ ਮੈਂਬਰ ਨਹੀਂ ਹੁੰਦਾ। ਉਸ ਨੂੰ ਇਹ ਪਦਵੀ ਭਾਰਤ ਦਾ ਉਪ-ਰਾਸ਼ਟਰਪਤੀ ਹੋਣ ਕਰਕੇ ਪ੍ਰਾਪਤ ਹੁੰਦੀ ਹੈ। ਪਰ ਜੇਕਰ ਕਿਸੇ ਵਿਸ਼ੇ ਉੱਤੇ ਦੋਵੇ ਧਿਰਾਂ ਦੀਆਂ ਵੋਟਾਂ ਦੀ ਸੰਖਿਆ ਬਰਾਬਰ ਹੋਵੇ ਤਾਂ ਰਾਜ ਸਭਾ ਦੇ ਸਭਾਪਤੀ ਨੂੰ ਨਿਰਣਾਇਕ ਮਤ ਦੇਣ ਦਾ ਅਧਿਕਾਰ ਹੈ। ਰਾਜ ਸਭਾ ਦਾ ਸਭਾਪਤੀ ਉਹ ਸਾਰੇ ਕੰਮ ਕਰਦਾ ਹੈ ਜੋ ਲੋਕ ਸਭਾ ਦਾ ਸਪੀਕਰ ਕਰਦਾ ਹੈ। ਰਾਜ ਸਭਾ ਆਪਣੇ ਮੈਂਬਰਾਂ ਵਿੱਚੋਂ ਇਕ ਮੈਂਬਰ ਨੂੰ ਉਪ-ਸਭਾਪਤੀ ਚੁਣਦੀ ਹੈ।

2.3.6. ਰਾਜ ਸਭਾ ਦੀਆਂ ਸ਼ਕਤੀਆਂ ਅਤੇ ਕੰਮ

ਰਾਜ ਸਭਾ ਦੀਆਂ ਸ਼ਕਤੀਆਂ ਅਤੇ ਕੰਮਾਂ ਦਾ ਵਰਣਨ ਇਸ ਪ੍ਰਕਾਰ ਹੈ –

2.3.6.1 ਵਿਧਾਨਿਕ ਸ਼ਕਤੀਆਂ– ਸੰਸਦ ਦਾ ਮੁੱਖ ਕੰਮ ਕਾਨੂੰਨ ਦਾ ਨਿਰਮਾਣ ਕਰਨਾ ਹੈ। ਰਾਜ ਸਭਾ ਸੰਸਦ ਦਾ ਇਕ ਮਹੱਤਵਪੂਰਨ ਅੰਗ ਹੈ। ਇਸ ਲਈ ਕਾਨੂੰਨ ਦੀ ਰਚਨਾ ਵਿਚ ਰਾਜ ਸਭਾ ਦਾ ਇਕ ਵਿਸ਼ੇਸ਼ ਭਾਵ ਹੋਣਾ ਜ਼ਰੂਰੀ ਹੈ।

ਧਨ ਬਿੱਲਾਂ ਤੋ ਛੁੱਟ ਹਰ ਕਿਸਮ ਦੇ ਸਾਧਾਰਨ ਬਿਲ ਰਾਜ ਸਭਾ ਵਿਚ ਸ਼ੁਰੂ ਹੋ ਸਕਦੇ ਹਨ। ਰਾਜ ਸਭਾ ਦੀ ਪ੍ਰਵਾਨਗੀ ਤੋ ਬਿਨਾਂ ਕਿਸੇ ਸਾਧਾਰਨ ਕਾਨੂੰਨ ਦਾ ਨਿਰਮਾਣ ਨਹੀਂ ਹੋ ਸਕਦਾ ਹੈ। ਪਰ ਵਿਵਹਾਰ ਵਿਚ ਅਜਿਹੀ ਸਥਿਤੀ ਨਹੀ ਹੈ। ਕਿਉਂਕਿ ਕਾਨੂੰਨ ਦੇ ਨਿਰਮਾਣ ਸਬੰਧੀ ਕਾਰਜਾਂ ਵਿਚ ਲੋਕ ਸਭਾ ਸ੍ਰੇਸ਼ਟ ਹੈ। ਕਿਸੇ ਬਿਲ ਸਬੰਧੀ ਦੋਹਾਂ ਸਦਨਾਂ ਦੇ ਮਤਭੇਦਾਂ ਨੂੰ ਦੂਰ ਕਰਨ ਲਈ ਰਾਸ਼ਟਰਪਤੀ ਦੋਹਾਂ ਸਦਨਾਂ ਦਾ ਇਕ ਸਾਂਝਾਂ ਇਜਲਾਸ ਬੁਲਾਉਂਦਾ ਹੈ, ਜਿਸ ਦੀ ਪ੍ਰਧਾਨਗੀ ਲੋਕ ਸਭਾ ਦਾ ਸਪੀਕਰ ਕਰਦਾ ਹੈ। ਸਾਂਝੇ ਇਜਲਾਸ ਵਿਚ ਜਿੱਤ ਲੋਕ ਸਭਾ ਦੀ ਹੋਣੀ ਸੁਭਾਵਿਕ ਹੈ, ਕਿਉਂਕਿ ਲੋਕ ਸਭਾ ਦੇ ਮੈਬਰਾਂ ਦੀ ਗਿਣਤੀ ਰਾਜ ਸਭਾ ਦੇ ਮੈਬਰਾਂ ਨਾਲੋਂ ਦੁਗਣੀ ਤੋਂ ਜ਼ਿਆਦਾ ਹੈ। ਇਸੇ ਤਰ੍ਹਾਂ ਜੇਕਰ ਕਿਸੇ ਇਕ ਸਦਨ ਦੁਆਰਾ ਪਾਸ ਕੀਤੇ ਬਿਲ ਉੱਤੇ ਦੂਸਰਾ ਸਦਨ 6 ਮਹੀਨੇ ਤਕ ਕੋਈ ਕਾਰਵਾਈ ਨਹੀ ਕਰਦਾ ਤਾਂ ਵੀ ਰਾਸ਼ਟਰਪਤੀ ਵਲੋ ਦੋਹਾਂ ਸਦਨਾਂ ਦਾ ਸਾਂਝਾ ਇਜਲਾਸ ਬੁਲਾਇਆ ਜਾ ਸਕਦਾ ਹੈ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਕਿਸੇ ਬਿਲ ਸਬੰਧੀ ਦੋਹਾਂ ਸਦਨਾਂ ਦੇ ਮਤਭੇਦ ਨੂੰ ਦੂਰ ਕਰਨ ਲਈ ਦੋਹਾਂ ਸਦਨਾਂ ਦਾ ਸਾਂਝਾ ਸਮਾਗਮ ਬੁਲਾਉਣਾ ਰਾਸ਼ਟਰਪਤੀ ਲਈ ਜ਼ਰੂਰੀ ਨਹੀ ਹੈ। ਰਾਸ਼ਟਰਪਤੀ ਅਜਿਹਾ ਤਾਂ ਹੀ ਕਰਦਾ ਹੈ ਜੇਕਰ ਮੰਤਰੀ ਮੰਡਲ ਉਸ ਨੂੰ ਇਸ ਸੰਬੰਧੀ ਸਲਾਹ ਦਿੰਦਾ ਹੈ।

2.3.6.2 ਵਿੱਤੀ ਸ਼ਕਤੀਆਂ – ਵਿੱਤੀ ਸ਼ਕਤੀਆਂ ਦੇ ਖੇਤਰ ਵਿਚ ਰਾਜ ਸਭਾ ਪਾਸ ਸੀਮਤ ਸ਼ਕਤੀਆਂ ਹਨ। ਧਨ ਬਿਲ ਅਤੇ ਵਾਰਸ਼ਿਕ ਬਜਟ ਕੇਵਲ ਲੋਕ ਸਭਾ ਵਿਚ ਪੇਸ਼ ਕੀਤੇ ਜਾ ਸਕਦੇ ਹਨ। ਵਾਰਸ਼ਿਕ ਬਜਟ ਜਾਂ ਧਨ ਬਿਲ ਲੋਕ ਸਭਾ ਵਿਚ ਪਾਸ ਹੋਣ ਮਗਰੋ ਰਾਜ ਸਭਾ ਕੋਲ ਕੇਵਲ ਸਿਫਾਰਿਸ਼ਾਂ ਲਈ ਭੇਜਿਆ ਜਾਂਦਾ ਹੈ।, ਜੇਕਰ ਰਾਜ ਸਭਾ ਧਨ ਬਿਲ ਰੱਦ ਕਰ ਦੇਵੇ, ਜਾਂ ਉਸ ਵਿਚ ਅਜਿਹੀ ਤਰਮੀਮੀ ਕਰ ਦੇਵੇ ਜੋ ਲੋਕ ਸਭਾ ਨੂੰ ਪ੍ਰਵਾਨ ਨਾ ਹੋਣੇ ਜਾਂ ਉਸ ਬਿਲ ਉਤੇ 14 ਦਿਨਾਂ ਤੱਕ ਕੋਈ ਕਾਰਵਾਈ ਨਾ ਕਰੇ ਤਾਂ ਅਜਿਹੀਆਂ ਸਾਰੀਆਂ ਅਵਸਥਾਵਾਂ ਵਿਚ ਧਨ ਬਿਲ ਉਤੇ ਕੋਈ ਪ੍ਰਭਾਵ ਨਹੀ ਪੈਂਦਾ ਹੈ। ਅਜਿਹੀਆਂ ਅਵਸਥਾਵਾਂ ਵਿਚ ਉਹ ਬਿਲ ਰਾਜ ਸਭਾ ਵੱਲੋ ਪਾਸ ਸਮਝਿਆ ਜਾਵੇਗਾ ਅਤੇ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਭੇਜ ਦਿੱਤਾ ਜਾਵੇ ਗਾ।

2.3.6.3 ਕਾਰਜਪਾਲਿਕਾ ਉੱਤੇ ਨਿਯੰਤਰਣ – ਇਸ ਖੇਤਰ ਵਿਚ ਵੀ ਰਾਜ ਸਭਾ ਲੋਕ ਸਭਾ ਨਾਲੋਂ ਘੱਟ ਸ਼ਕਤੀਸਾਲੀ ਹੈ। ਇਹ ਠੀਕ ਹੈ ਕਿ ਰਾਜ ਸਭਾ ਦੇ ਮੈਬਰ ਪ੍ਰਸ਼ਨਾਂ ਰਾਹੀਂ ਮੰਤਰੀਆਂ ਕੋਲੋ ਉਹਨਾਂ ਦੇ ਵਿਭਾਗਾਂ ਸਬੰਧੀ ਸੂਚਨਾ ਪ੍ਰਾਪਤ ਕਰ ਸਕਦੇ ਹਨ। ਇਸ ਤੋਂ ਇਲਾਵਾ ਸਥਗਨ–ਮਤੇ ਅਤੇ ਧਿਆਨ–ਦਿਵਾਊ ਮਤੇ ਰਾਹੀਂ ਵੀ ਰਾਜ ਸਭਾ ਦੇ ਮੈਬਰ ਪ੍ਰਸ਼ਾਸਨ ਦੀ ਕਰੜੀ ਆਲੋਚਨਾ ਕਰਦੇ ਹਨ। ਅਜਿਹੀ ਆਲੋਚਨਾ ਦਾ ਮੰਤਰੀ ਮੰਡਲ ਦੀ ਨੀਤੀ ਉੱਤੇ ਜ਼ਰੂਰ ਕੁੱਝ ਪ੍ਰਭਾਵ ਪੈ ਸਕਦਾ ਹੈ, ਪਰੰਤੂ ਉਹਨਾਂ ਦੇ ਕਾਰਜਕਾਲ ਉੱਤੇ ਕੋਈ ਅਸਰ ਨਹੀਂ ਹੋ ਸਕਦਾ । ਭਾਵ ਇਹ ਹੈ ਕਿ ਰਾਜ ਸਭਾ ਮੰਤਰੀ ਪਰਿਸ਼ਦ ਦੇ ਵਿਰੁੱਧ ਅਵਿਸ਼ਵਾਸ ਦਾ ਮਤਾ ਪਾਸ ਕਰਕੇ ਮੰਤਰੀ ਪਰਿਸ਼ਦ ਨੂੰ ਤਿਆਗ ਪੱਤਰ ਦੇਣ ਲਈ ਮਜ਼ਬੂਰ ਨਹੀਂ ਕਰ ਸਕਦੀ । ਅਜਿਹੀ ਸ਼ਕਤੀ ਕੇਵਲ ਲੋਕ ਸਭਾ ਕੋਲ ਹੀ ਹੈ।

2.3.6.4 ਨਿਆਂਇਕ ਸ਼ਕਤੀਆਂ – ਰਾਜ ਸਭਾ ਨੂੰ ਨਿਆਂਇਕ ਸਰੂਪ ਦੀਆ ਹੇਠ ਲਿਖੀਆਂ ਸ਼ਕਤੀਆਂ ਪ੍ਰਾਪਤ ਹਨ

(1) ਰਾਜ ਸਭਾ ਰਾਸ਼ਟਰਪਤੀ ਦੇ ਵਿਰੁੱਧ ਮਹਾਂ ਦੋਸ਼ ਦੇ ਮੁੱਕਦਮੇ ਵਿਚ ਭਾਗ ਲੈਂਦੀ ਹੈ। ਕੋਈ ਵੀ ਸਦਨ ਨਿਸ਼ਚਿਤ ਨਿਯਮਾਂ ਅਨੁਸਾਰ ਇਲਜ਼ਾਮ ਲਗਾ ਸਕਦਾ ਹੈ ਅਤੇ ਜੇਕਰ ਦੂਜਾ ਸਦਨ ਛਾਣ–ਬੀਣ ਕਰਕੇ ਇਲਜ਼ਾਮ ਸਬੰਧੀ ਆਪਣੇ ਕੁੱਲ ਮੈਬਰ ਦੇ 2/3 ਬਹੁਮਤ ਨਾਲ ਮਤਾ ਪਾਸ ਕਰ ਦੇਵੇ ਤਾਂ ਰਾਸ਼ਟਰਪਤੀ ਲਈ

ਆਪਣਾ ਪਦ ਤਿਆਗਣਾ ਜ਼ਰੂਰੀ ਹੋ ਜਾਂਦਾ ਹੈ।

(2) ਰਾਜ ਸਭਾ ਸਰਵ-ਉੱਚ ਅਦਾਲਤ ਅਤੇ ਉੱਚ-ਅਦਾਲਤਾਂ ਦੇ ਜੱਜਾਂ ਵਿਰੁੱਧ ਦੋਸ਼ੀ ਮਤੇ ਪਾਸ ਕਰ ਸਕਦੀ ਹੈ। ਜੇਕਰ ਕਿਸੇ ਜੱਜ ਵਿਰੁੱਧ ਦੋਹਾਂ ਸਦਨਾਂ ਦੁਆਰਾਂ ਅਜਿਹਾ ਪ੍ਰਸਤਾਵ ਪਾਸ ਹੋ ਜਾਵੇ ਤਾਂ ਰਾਸ਼ਟਰਪਤੀ ਸੰਬੰਧਿਤ ਜੱਜ ਨੂੰ ਪਦ ਤੋ ਹਟਾਉਣ ਦਾ ਆਦੇਸ਼ ਜਾਰੀ ਕਰਦਾ ਹੈ।

(3) ਰਾਜ ਸਭਾ ਮੁੱਖ ਚੋਣ ਕਮਿਸ਼ਨਰ, ਅਟਾਰਨੀ ਜਨਰਲ, ਕੰਪਟਰੋਲਰ ਅਤੇ ਆਡੀਟਰ ਜਨਰਲ ਆਦਿ ਦੇ ਵਿਰੁੱਧ ਦੋਸ਼ੀ ਮਤੇ ਪਾਸ ਕਰ ਸਕਦੀ ਹੈ। ਸੰਸਦ ਦੇ ਦੋਨੋ ਸਦਨਾਂ ਦੁਆਰਾ ਅਜਿਹਾ ਮਤਾ ਪਾਸ ਹੋਣ ਤੇ ਰਾਸ਼ਟਰਪਤੀ ਸਬੰਧਿਤ ਅਧਿਕਾਰੀ ਨੂੰ ਪਦਵੀ ਤੋ ਹਟਾ ਦਿੰਦਾ ਹੈ।

(4) ਸਦਨ ਦੇ ਵਿਸ਼ੇਸ਼ ਅਧਿਕਾਰਾਂ ਦੀ ਨਿਰਾਦਰੀ ਕਰਨ ਵਾਲੇ ਵਿਅਕਤੀ ਨੂੰ ਰਾਜ ਸਭਾ ਦੰਡ ਦੇ ਸਕਦੀ ਹੈ। ਰਾਜ ਸਭਾ ਆਪਣੇ ਕਿਸੇ ਵੀ ਮੈਂਬਰ ਨੂੰ ਉਸ ਦੀਆਂ ਅਣਉੱਚਿਤ ਗਤੀਵਿਧੀਆਂ ਕਾਰਨ ਮੈਂਬਰੀ ਤੋ ਵੰਚਿਤ ਵੀ ਕਰ ਸਕਦੀ ਹੈ।

(5) ਉਪ-ਰਾਸ਼ਟਰਪਤੀ ਵਿਰੁੱਧ ਦੋਸ਼ ਰਾਜ ਸਭਾ ਦੁਆਰਾ ਹੀ ਲਗਾਏ ਜਾ ਸਕਦੇ ਹਨ।

2.3.6.5 ਸੰਵਿਧਾਨਕ ਸ਼ਕਤੀਆਂ – ਸੰਵਿਧਾਨ ਵਿਚ ਤਰਮੀਮ ਕਰਨ ਦੀ ਸ਼ਕਤੀ ਰਾਜ ਸਭਾ ਤੇ ਲੋਕ ਸਭਾ ਦੋਨਾਂ ਸਦਨਾਂ ਕੋਲ ਹੈ। ਤਰਮੀਮ ਸੰਬੰਧੀ ਬਿਲ ਕਿਸੇ ਵੀ ਸਦਨ ਵਿਚ ਪੇਸ਼ ਕੀਤਾ ਜਾ ਸਕਦਾ ਹੈ ਅਤੇ ਦੋਹਾਂ ਸਦਨਾਂ ਵਿਚ ਨਿਯਮਾਂ ਅਨੁਸਾਰ ਨਿਸ਼ਚਿਤ ਬਹੁਮਤ ਦੁਆਰਾ ਪਾਸ ਹੋਣਾ ਜ਼ਰੂਰੀ ਹੈ।ਸੰਵਿਧਾਨਕ ਤਰਮੀਮੀ ਸੰਬੰਧੀ ਦੋਹਾਂ ਸਦਨਾਂ ਦੇ ਆਪਸੀ ਮਤ-ਭੇਦ ਨੂੰ ਦੂਰ ਕਰਨ ਲਈ ਸੰਵਿਧਾਨ ਵਿਚ ਕੋਈ ਸਪੱਸ਼ਟ ਵਿਵਸਥਾ ਨਹੀ ਕੀਤੀ ਗਈ ਹੈ। ਅਨੁਛੇਦ 368 ਵਿਚ ਸੰਵਿਧਾਨ ਵਿਚ ਤਰਮੀਮ ਕਰਨ ਦੀ ਵਿਧੀ ਅੰਕਿਤ ਕੀਤੀ ਗਈ ਹੈ। ਪਰੰਤੂ ਇਸ ਅਨੁਛੇਦ ਵਿਚ ਇਹ ਨਹੀ ਦੱਸਿਆ ਗਿਆ ਕਿ ਸੰਵਿਧਾਨਕ ਤਰਮੀਮ ਸਬੰਧੀ ਦੋਹਾਂ ਸਦਨਾਂ ਦੇ ਮਤਭੇਦ ਨੂੰ ਕਿਸ ਤਰ੍ਹਾਂ ਦੂਰ ਕੀਤਾ ਜਾਵੇਗਾ। ਸੰਵਿਧਾਨ ਸੋਧ ਸਬੰਧੀ ਦੋਹਾਂ ਸਦਨਾਂ ਦੇ ਮਤਭੇਦ ਨੂੰ ਦੂਰ ਕਰਨ ਲਈ ਅਜੇ ਤਕ ਦੋਹਾਂ ਸਦਨਾਂ ਦ ਸਾਂਝਾ ਸਮਾਗਮ ਕਦੇ ਨਹੀ ਬੁਲਾਇਆ ਗਿਆ ਹੈ।

2.3.6.6 ਚੋਣ ਸੰਬੰਧੀ ਸ਼ਕਤੀਆਂ – ਰਾਜ ਸਭਾ ਆਪਣੇ ਮੈਂਬਰਾਂ ਵਿਚੋ ਇਕ ਮੈਂਬਰ ਨੂੰ ਉਪ-ਅਧਿਅਕਸ਼ ਚੁਣਦੀ ਹੈ। ਇਸ ਤੋ ਇਲਾਵਾ ਰਾਜ ਸਭਾ ਦੇ ਚੁਣੇ ਹੋਏ ਮੈਂਬਰ ਰਾਸ਼ਟਰਪਤੀ ਦੀ ਚੋਣ ਵਿਚ ਭਾਗ ਲੈਂਦੇ ਹਨ। ਉਪ-ਰਾਸ਼ਟਰਪਤੀ ਦੀ ਚੋਣ ਵੀ ਰਾਜ ਸਭਾ ਅਤੇ ਲੋਕ ਸਭਾ ਦੇ ਮੈਂਬਰਾਂ ਦੁਆਰਾ ਕੀਤੀ ਜਾਂਦੀ ਹੈ।

2.3.6.7 ਫੁਟਕਲ ਸ਼ਕਤੀਆਂ – ਰਾਜ ਸਭਾ ਨੂੰ ਹੇਠ ਲਿਖੇ ਫੁਟਕਲ ਕਾਰਜ ਕਰਨ ਦੀ ਸ਼ਕਤੀ ਪ੍ਰਾਪਤ ਹੈ –

(1) ਸੰਘ ਵਿਚ ਨਵੇਂ ਰਾਜਾਂ ਨੂੰ ਸ਼ਾਮਿਲ ਕਰਨ, ਰਾਜਾਂ ਦੇ ਖੇਤਰ , ਸੀਮਾਵਾਂ ਅਤੇ ਨਾਂ ਵਿਚ ਤਬਦੀਲੀ ਕਰਨ ਦੀ ਸ਼ਕਤੀ।

(2) ਦੋ ਜਾਂ ਦੋ ਤੋਂ ਵਧੇਰੇ ਰਾਜਾਂ ਵਿਚ ਸੰਯੁਕਤ ਲੋਕ ਸੇਵਾ ਆਯੋਗ ਸਥਾਪਿਤ ਕਰਨ ਦੀ ਸ਼ਕਤੀ।

(3) ਸਰਵ ਉੱਚ ਅਦਾਲਤ ਜਾਂ ਉੱਚ ਅਦਾਲਤਾਂ ਦੇ ਅਧਿਕਾਰ ਖੇਤਰ ਵਿਚ ਵਾਧਾ ਕਰਨ ਦੀ ਸ਼ਕਤੀ।

(4) ਅੰਤਰ-ਰਾਸ਼ਟਰੀ ਸਮਝੌਤਿਆਂ ਨੂੰ ਲਾਗੂ ਕਰਨ ਲਈ ਕਾਨੂੰਨ ਬਣਾਉਣ ਦੀ ਸ਼ਕਤੀ।

(5) ਰਾਸ਼ਟਰਪਤੀ ਦੁਆਰਾ ਜਾਰੀ ਕੀਤੀ ਸੰਕਟਕਾਲੀ ਘੋਸ਼ਣਾ ਨੂੰ ਪ੍ਰਵਾਨ ਕਰਨ ਦੀ ਸ਼ਕਤੀ ਆਦਿ।

ਇਹ ਸ਼ਕਤੀਆਂ ਰਾਜ ਸਭਾ ਦੀਆਂ ਨਿਵੇਕਲੀਆਂ ਸ਼ਕਤੀਆਂ ਨਹੀਂ ਹਨ। ਇਨ੍ਹਾਂ ਵਿਸ਼ਿਆਂ ਸੰਬੰਧੀ ਲੋਕ ਸਭਾ ਨੂੰ ਵੀ ਸਕਤੀਆਂ ਪ੍ਰਾਪਤ ਹਨ। ਇਨ੍ਹਾਂ ਵਿਸ਼ਿਆਂ ਸਬੰਧੀ ਦੋਨੋਂ ਦੁਆਰਾ ਵੱਖ-ਵੱਖ ਕਾਰਵਾਈ ਕੀਤੀ ਜਾਣੀ ਜ਼ਰੂਰੀ ਹੈ।

2.3.6.8 ਨਿਵੇਕਲੀਆਂ ਸ਼ਕਤੀਆਂ – (1) ਰਾਜ ਸਭਾ ਹਾਜ਼ਰ ਅਤੇ ਵੋਟ ਦੇਣ ਵਾਲਿਆਂ ਮੈਂਬਰਾਂ ਦੇ ਦੋ ਤਿਹਾਈ ਬਹੁਮਤ ਨਾਲ ਮਤਾ ਪਾਸ ਕਰਕੇ ਨਵੀਆਂ ਸਰਵ-ਭਾਰਤੀ ਸੇਵਾਵਾਂ ਨੂੰ ਸਥਾਪਿਤ ਕਰਨ ਦਾ ਅਧਿਕਾਰ ਸੰਸਦ ਨੂੰ ਦੇ ਸਕਦੀ ਹੈ। ਰਾਜ ਸਭਾ ਦੁਆਰਾ ਪਾਸ ਕੀਤੇ ਗਏ ਪ੍ਰਸਤਾਵ ਤੋਂ ਬਿਨਾਂ ਸੰਸਦ ਕਿਸੇ

ਨਵੀਂ ਸਰਵ ਭਾਰਤੀ ਸੇਵਾ ਦੀ ਸਥਾਪਨਾ ਨਹੀਂ ਕਰ ਸਕਦੀ।

(2) ਜੇਕਰ ਰਾਜ ਸਭਾ ਦੋ-ਤਿਹਾਈ (2/3) ਬਹੁਮਤ ਨਾਲ ਪ੍ਰਸਤਾਵ ਪਾਸ ਕਰ ਦੇਵੇ ਕਿ ਰਾਜ ਸੂਚੀ ਵਿਚ ਅੰਕਿਤ ਕਿਸੇ ਵਿਸ਼ੇ ਉਤੇ ਸੰਸਦ ਦੁਆਰਾ ਕਾਨੂੰਨ ਬਣਾਉਣਾ ਰਾਸ਼ਟਰੀ ਹਿੱਤ ਲਈ ਜ਼ਰੂਰੀ ਹੈ ਤਾਂ ਸੰਸਦ ਉਸ ਵਿਸ਼ੇ ਤੇ ਕਾਨੂੰਨ ਦਾ ਨਿਰਮਾਣ ਕਰ ਸਕਦੀ ਹੈ।ਅਜਿਹਾ ਪ੍ਰਸਤਾਵ ਇਕ ਸਮੇਂ ਵੱਧ ਤੋ ਵੱਧ ਇਕ ਸਾਲ ਤਕ ਹੋਦੰ ਵਿਚ ਰਹਿ ਸਕਦਾ ਹੈ। ਪਰ ਰਾਜ ਸਭਾ ਹੋਰ ਪ੍ਰਸਤਾਵ ਦੁਆਰਾ ਪਹਿਲੇ ਪ੍ਰਸਤਾਵ ਦੀ ਮਿਆਦ ਇਕ ਸਾਲ ਹੋਰ ਵਧਾ ਸਕਦੀ ਹੈ। ਰਾਜ ਸਭਾ ਦੁਆਰਾ ਪਾਸ ਕੀਤੇ ਪ੍ਰਸਤਾਵ ਅਧੀਨ ਸੰਸਦ ਜਿਹੜੇ ਕਾਨੂੰਨ ਬਣਾਉਂਦੀ ਹੈ ਉਹ ਕਾਨੂੰਨ ਪ੍ਰਸਤਾਵ ਦੀ ਮਿਆਦ ਸਮਾਪਤ ਹੋਣ ਮਗਰੋ ਵੱਧ ਤੋ ਵੱਧ 6 ਮਹੀਨੇ ਦੇ ਸਮੇਂ ਲਈ ਲਾਗੂ ਰਹਿ ਸਕਦੇ ਹਨ।

(3) ਰਾਜ ਸਭਾ ਪ੍ਰਸਤਾਵ ਪਾਸ ਕਰਕੇ ਸਰਵ-ਭਾਰਤੀ ਨਿਆਂਇਕ ਸੇਵਾ ਸਥਾਪਿਤ ਕਰਨ ਸਬੰਧੀ ਸੰਸਦ ਨੂੰ ਅਧਿਕਾਰ ਦੇ ਸਕਦੀ ਹੈ।

(4) ਉਪ-ਰਾਸ਼ਟਰਪਤੀ ਨੂੰ ਪਦਵੀਂ ਤੋਂ ਨਿਸ਼ਚਿਤ ਕਾਲ ਦੀ ਸਮਾਪਤੀ ਤੋ ਪਹਿਲਾਂ ਵੀ ਹਟਾਇਆ ਜਾ ਸਕਦਾ ਹੈ। ਉਪ-ਰਾਸ਼ਟਰਪਤੀ ਨੂੰ ਹਟਾਉਣ ਲਈ ਪ੍ਰਸਤਾਵ ਪਹਿਲਾਂ ਰਾਜ ਸਭਾ ਦੁਆਰਾ ਪਾਸ ਹੋਣਾ ਜ਼ਰੂਰੀ ਹੈ।

(5) ਜੇਕਰ ਕਿਸੇ ਰਾਜ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਸਮੇਂ ਲੋਕ ਸਭਾ ਭੰਗ ਹੋਵੇ, ਜਾਂ ਰਾਸ਼ਟਰਪਤੀ ਰਾਜ ਦੀ ਘੋਸ਼ਣਾ ਹੋਣ ਮਗਰੋਂ ਉਸ ਦੀ ਪ੍ਰਵਾਨਗੀ ਦਿੱਤੇ ਬਿਨਾਂ ਲੋਕ ਸਭਾ ਨੂੰ ਭੰਗ ਕਰ ਦਿੱਤਾ ਜਾਵੇ ਤਾਂ ਅਜਿਹੀ ਸਥਿਤੀ ਵਿਚ ਰਾਜ ਸਭਾ ਉਸ ਘੋਸ਼ਣਾ ਨੂੰ ਜਾਰੀ ਰੱਖਣ ਲਈ ਪ੍ਰਵਾਨਗੀ ਦੇ ਸਕਦੀ ਹੈ।ਰਾਜ ਸਭਾ ਦੁਆਰਾ ਦਿੱਤੀ ਅਜਿਹੀ ਪ੍ਰਵਾਨਗੀ ਨਵੀਂ ਲੋਕ ਸਭਾ ਦੇ ਪਹਿਲੇ ਸਮਾਗਮ ਵਿਚ ਪੇਸ਼ ਕੀਤੀ ਜਾਵੇਗੀ ਅਤੇ 30 ਦਿਨਾਂ ਅੰਦਰ ਨਵੀਂ ਲੋਕ ਸਭਾ ਉਸ ਨੂੰ ਆਪਣੀ ਪ੍ਰਵਾਨਗੀ ਦੇਵੇਗੀ ਜਾਂ ਅਪ੍ਰਵਾਨ ਕਰੇਗੀ।

2.3.7 ਰਾਜ ਸਭਾ ਦੀ ਸਥਿਤੀ

ਰਾਜ ਸਭਾ ਦੀਆਂ ਉਪਰੋਕਤ ਸ਼ਕਤੀਆਂ ਤੋਂ ਇਹ ਸਿੱਧ ਹੁੰਦਾ ਹੈ ਕਿ ਰਾਜ ਸਭਾ ਦੀ ਸਥਿਤੀ ਲੋਕ ਸਭਾ ਦੇ ਮੁਕਾਬਲੇ ਘੱਟ ਸ਼ਕਤੀਸ਼ਾਲੀ ਹੈ। ਕਾਰਜਪਾਲਿਕਾ ਉੱਤੇ ਕੰਟਰੋਲ ਸੰਬੰਧੀ ਰਾਜ ਸਭਾ ਕੋਲ ਕੋਈ ਮੱਹਤਵਪੂਰਨ ਸ਼ਕਤੀ ਨਹੀਂ ਹੈ। ਰਾਜ ਸਭਾ ਅਵਿਸ਼ਵਾਸ ਦਾ ਮਤਾ ਪਾਸ ਕਰਕੇ ਮੰਤਰੀ ਪਰਿਸ਼ਦ ਨੂੰ ਤਿਆਗ ਪੱਤਰ ਦੇਣ ਲਈ ਮਜ਼ਬੂਰ ਨਹੀ ਕਰ ਸਕਦੀ। ਵਿਧਾਨਕ ਅਤੇ ਵਿੱਤੀ ਖੇਤਰ ਵਿਚ ਰਾਜ ਸਭਾ ਲੋਕ ਸਭਾ ਦੇ ਮੁਕਾਬਲੇ ਵਿਚ ਘੱਟ ਮਹੱਤਵਪੂਰਨ ਸਦਨ ਹੈ। ਰਾਜ ਸਭਾ ਸਾਧਾਰਨ ਬਿਲ ਨੂੰ ਵੱਧ ਤੋ ਵੱਧ 6 ਮਹੀਨੇ ਅਤੇ ਧਨ ਬਿਲ ਨੂੰ ਵੱਧ ਤੋ ਵੱਧ 14 ਦਿਨ ਤਕ ਰੋਕ ਸਕਦੀ ਹੈ। ਵਾਰਸ਼ਿਕ ਬਜਟ ਅਤੇ ਧਨ ਬਿਲ ਰਾਜ ਸਭਾ ਵਿਚ ਪੇਸ਼ ਨਹੀਂ ਕੀਤੇ ਜਾ ਸਕਦੇ । ਸੰਵਿਧਾਨ ਵਿਚ ਅੰਕਿਤ ਸੰਸਦ ਦੀਆਂ ਬਹੁਤ ਸਾਰੀਆਂ ਸ਼ਕਤੀਆਂ ਅਸਲ ਵਿਚ ਲੋਕ ਸਭਾ ਦੀਆਂ ਸ਼ਕਤੀਆਂ ਹੀ ਹਨ।

ਪਰੰਤੂ ਇਹਨਾਂ ਗੱਲਾਂ ਦਾ ਭਾਵ ਇਹ ਨਹੀ ਕਿ ਰਾਜ ਸਭਾ ਬਿਲਕੁਲ ਹੀ ਮਹੱਤਵਹੀਨ ਸਦਨ ਹੈ। ਰਾਜ ਸਭਾ ਨੂੰ ਕੁੱਝ ਮਹੱਤਵਪੂਰਨ ਸ਼ਕਤੀਆਂ ਪ੍ਰਾਪਤ ਹਨ। ਕਈ ਖੇਤਰਾਂ ਵਿਚ ਰਾਜ ਸਭਾ ਨੂੰ ਲੋਕ ਸਭਾ ਦੇ ਸਮਾਨ ਸ਼ਕਤੀਆਂ ਦਿੱਤੀਆ ਗਈਆਂ ਹਨ। ਉਦਾਹਰਨ ਵਜੋਂ, ਰਾਸ਼ਟਰਪਤੀ ਅਤੇ ਉਪ-ਰਾਸ਼ਟਰਪਤੀ ਦੀ ਚੋਣ ਵਿਚ ਅਤੇ ਉਹਨਾਂ ਵਿਰੁੱਧ ਮਹਾਂਦੋਸ਼ ਦਾ ਮੁੱਕਦਮਾ ਚਲਾਉਣ ਲਈ ਰਾਜ ਸਭਾ ਅਤੇ ਲੋਕ ਸਭਾ ਦੀ ਸਥਿਤੀ ਇਕੋ ਜਿਹੀ ਹੈ, ਪਰ ਉਪ-ਰਾਸ਼ਟਰਪਤੀ ਵਿਰੁੱਧ ਦੋਸ਼ੀ ਪ੍ਰਸਤਾਵ ਪਹਿਲਾਂ ਰਾਜ ਸਭਾ ਹੀ ਪਾਸ ਕਰ ਸਕਦੀ ਹੈ।ਇਸੇ ਤਰ੍ਹਾਂ ਹੋਰ ਉੱਚ-ਅਧਿਕਾਰੀਆਂ ਨੂੰ ਹਟਾਉਣ ਲਈ ਦੋਹਾਂ ਸਦਨਾਂ ਨੂੰ ਸਮਾਨ ਅਧਿਕਾਰ ਪ੍ਰਾਪਤ ਹਨ। ਰਾਸ਼ਟਰਪਤੀ ਦੀ ਸੰਕਟਕਾਲੀ ਘੋਸ਼ਣਾ ਲਈ ਲੋਕ ਸਭਾ ਦੀ ਪ੍ਰਵਾਨਗੀ ਦੇ ਨਾਲ ਰਾਜ ਸਭਾ ਦੀ ਪ੍ਰਵਾਨਗੀ ਵੀ ਜ਼ਰੂਰੀ ਹੈ। ਇਸ ਤੋਂ ਇਲਾਵਾ ਕੁੱਝ ਅਜਿਹੀਆਂ ਨਵੇਕਲੀਆਂ ਸ਼ਕਤੀਆਂ ਵੀ ਹਨ ਜੋ ਲੋਕ ਸਭਾ ਕੋਲ ਨਹੀਂ, ਸਗੋਂ ਕੇਵਲ ਰਾਜ ਸਭਾ ਕੋਲ ਹਨ।

ਰਾਜ ਸਭਾ ਭਾਰਤੀ ਸੰਸਦ ਦਾ ਸ਼ਕਤੀਸ਼ਾਲੀ ਅੰਗ ਹੈ, ਇਸ ਦੇ ਸਹਿਯੋਗ ਤੋ ਬਿਨਾਂ ਲੋਕ ਸਭਾ ਆਪਣੇ ਕਾਰਜ ਪੂਰੇ ਨਹੀਂ ਕਰ ਸਕਦੀ ਹੈ। ਸੰਸਦ ਦੇ ਦੋਵੇਂ ਸਦਨ ਆਪਸੀ ਸਹਿਯੋਗ ਦੁਆਰਾ ਭਾਰਤੀ

ਰਾਜਨੀਤਿਕ ਪ੍ਰਣਾਲੀ ਦੇ ਸੁਯੋਗ ਪ੍ਰਸ਼ਾਸ਼ਨ ਦਾ ਸੰਚਾਲਨ ਕਰ ਰਹੇ ਹਨ।

2.3.8 ਸੰਸਦ ਦੀ ਭੂਮਿਕਾ

ਸੰਸਦ ਭਾਰਤ ਸਰਕਾਰ ਦਾ ਵਿਧਾਨਕ ਅੰਗ ਹੈ। ਹਰੇਕ ਸਰਕਾਰ ਦੇ ਵਿਧਾਨਕ ਅੰਗ ਦਾ ਮੁੱਖ ਕੰਮ ਕਾਨੂੰਨਾਂ ਦਾ ਨਿਰਮਾਣ ਕਰਨਾ ਹੁੰਦਾ ਹੈ। ਸੰਸਦ ਇਕ ਅਜਿਹੀ ਸੰਸਥਾ ਹੈ ਜਿਸ ਨੂੰ ਅਨੇਕਾਂ ਪ੍ਰਕਾਰ ਦੀਆਂ ਭੂਮਿਕਾਵਾਂ ਨਿਭਾਉਣੀਆਂ ਪੈਂਦੀਆਂ ਹਨ। ਭਾਰਤੀ ਸੰਸਦ ਦੁਆਰਾ ਨਿਭਾਈ ਜਾਂਦੀ ਬਹੁ-ਪੱਖੀ ਭੂਮਿਕਾ ਨੂੰ ਅਸੀ ਹੇਠ ਲਿਖੇ ਸਿਰਲੇਖਾਂ ਅਧੀਨ ਵਰਣਨ ਕਰ ਸਕਦੇ ਹਾਂ–

(1) **ਵਿਧਾਨਕ ਭੂਮਿਕਾ** – ਭਾਰਤੀ ਸੰਵਿਧਾਨ ਵਿਚ ਕੇਂਦਰ ਅਤੇ ਰਾਜ ਸਰਕਾਰਾਂ ਵਿਚ ਵਿਧਾਨਕ ਸ਼ਕਤੀਆਂ ਦੀ ਵੰਡ ਕੀਤੀ ਗਈ ਹੈ। ਇਸ ਵੰਡ ਸਬੰਧੀ ਸੰਵਿਧਾਨ ਵਿਚ ਤਿੰਨ ਸੂਚੀਆਂ ਅੰਕਿਤ ਕੀਤੀਆਂ ਗਈਆਂ ਹਨ– (1) ਸੰਘ ਸੂਚੀ (2) ਰਾਜ ਸੂਚੀ (3) ਸਮਵਰਤੀ ਸੂਚੀ। ਭਾਰਤੀ ਸੰਸਦ ਸੰਘ ਸੂਚੀ ਅਤੇ ਸਮਵਰਤੀ ਸੂਚੀ ਵਿਚ ਅੰਕਿਤ ਵਿਸ਼ਿਆਂ ਉੱਤੇ ਕਾਨੂੰਨ ਦਾ ਨਿਰਮਾਣ ਕਰ ਸਕਦੀ ਹੈ। ਸਮਵਰਤੀ ਸੂਚੀ ਵਿੱਚ ਅੰਕਿਤ ਵਿਸ਼ਿਆਂ ਉਤੇ ਰਾਜ ਵਿਧਾਨ ਮੰਡਲ ਦੀ ਕਾਨੂੰਨ ਬਣਾ ਸਕਦੇ ਹਨ। ਪਰ ਜੇਕਰ ਕਿਸੇ ਵਿਸ਼ੇ ਸਬੰਧੀ ਰਾਜ ਵਿਧਾਨ ਮੰਡਲ ਦੁਆਰਾ ਬਣਾਏ ਅਤੇ ਕੇਂਦਰੀ ਸੰਸਦ ਦੁਆਰਾ ਬਣਾਏ ਕਾਨੂੰਨਾਂ ਵਿਚ ਕਿਸੇ ਪ੍ਰਕਾਰ ਦਾ ਗਤੀਰੋਧ ਹੈ ਤਾਂ ਕੇਂਦਰੀ ਸੰਸਦ ਦਾ ਕਾਨੂੰਨ ਲਾਗੂ ਰਹੇਗਾ ਅਤੇ ਰਾਜ ਵਿਧਾਨ ਮੰਡਲ ਦਾ ਕਾਨੂੰਨ ਰੱਦ ਸਮਝਿਆ ਜਾਵੇਗਾ।

ਜਿਹੜੀਆਂ ਸ਼ਕਤੀਆਂ ਕਿਸੇ ਵੀ ਸੂਚੀ ਵਿਚ ਅੰਕਿਤ ਨਹੀਂ ਕੀਤੀਆਂ ਗਈਆਂ ਹਨ ਉਹਨਾਂ ਨੂੰ ਬਚੀਆਂ ਸ਼ਕਤੀਆਂ ਕਿਹਾ ਜਾਂਦਾ ਹੈ। ਇਹਨਾਂ ਵਿਸ਼ਿਆਂ ਉਤੇ ਵੀ ਕੇਵਲ ਕੇਂਦਰੀ ਸੰਸਦ ਹੀ ਕਾਨੂੰਨ ਬਣਾ ਸਕਦੀ ਹੈ। ਕੁੱਝ ਅਵਸਥਾਵਾਂ ਵਿਚ ਕੇਂਦਰੀ ਸੰਸਦ ਰਾਜ ਸੂਚੀ ਵਿਚ ਅੰਕਿਤ ਵਿਸ਼ਿਆਂ ਉੱਤੇ ਕਾਨੂੰਨ ਬਣਾ ਸਕਦੀ ਹੈ। ਕਾਨੂੰਨ ਦਾ ਨਿਰਮਾਣ ਕਰਨ ਤੋ ਇਲਾਵਾ, ਸੰਸਦ ਨੂੰ ਮੌਜੂਦਾ ਕਾਨੂੰਨਾਂ ਵਿਚ ਤਰਮੀਮ ਕਰਨ ਅਤੇ ਕਿਸੇ ਕਾਨੂੰਨ ਖਤਮ ਕਰਨ ਦੀ ਵੀ ਸ਼ਕਤੀ ਪ੍ਰਾਪਤ ਹੈ।

(2) **ਪ੍ਰਵਾਣਿਤਕਾਰੀ ਭੂਮਿਕਾ** – ਸੰਸਦ ਦੁਆਰਾ ਕੁੱਝ ਵਿਸ਼ਿਆਂ ਸੰਬੰਧੀ ਪ੍ਰਵਾਣਿਤਕਾਰੀ ਭੂਮਿਕਾ ਵੀ ਨਿਭਾਈ ਜਾਂਦੀ ਹੈ। ਅਨੁਛੇਦ 352, 356 ਅਤੇ 360 ਦੁਆਰਾ ਰਾਸ਼ਟਰਪਤੀ ਨੂੰ ਸੰਕਟਕਾਲੀ ਸ਼ਕਤੀਆਂ ਦਿੱਤੀਆਂ ਗਈਆਂ ਹਨ। ਸੰਵਿਧਾਨ ਵਿਚ ਇਹ ਵਿਵਸਥਾ ਹੈ ਕਿ ਰਾਸ਼ਟਰਪਤੀ ਦੁਆਰਾ ਜਾਰੀ ਕੀਤੀ ਹਰੇਕ ਸੰਕਟਕਾਲੀ ਘੋਸ਼ਣਾ ਸੰਸਦ ਦੁਆਰਾ ਪ੍ਰਵਾਣਿਤ ਹੋਣੀ ਜ਼ਰੂਰੀ ਹੈ। ਜੇਕਰ ਨਿਸ਼ਚਿਤ ਸਮੇਂ ਦੇ ਅੰਦਰ ਕੋਈ ਸੰਕਟਕਾਲੀ ਘੋਸ਼ਣਾ ਸੰਸਦ ਦੁਆਰਾ ਪ੍ਰਵਾਨ ਨਹੀਂ ਹੁੰਦੀ ਤਾਂ ਉਹ ਘੋਸ਼ਣਾ ਪ੍ਰਭਾਵਹੀਣ ਹੋ ਜਾਵੇਗੀ।

ਸੰਕਟਕਾਲੀ ਸ਼ਕਤੀਆਂ ਤੋ ਇਲਾਵਾ ਰਾਸ਼ਟਰਪਤੀ ਨੂੰ ਅਧਿਆਦੇਸ਼ ਜਾਰੀ ਕਰਨ ਦੀ ਸ਼ਕਤੀ ਦਿੱਤੀ ਗਈ ਹੈ ਰਾਸ਼ਟਰਪਤੀ ਆਪਣੀ ਇਸ ਸ਼ਕਤੀ ਦੀ ਵਰਤੋ ਉਸ ਸਮੇਂ ਕਰ ਸਕਦਾ ਹੈ ਜਦੋ ਸਸੰਦ ਦਾ ਸਮਾਗਮ ਨਾ ਹੋ ਰਿਹਾ ਹੋਵੇ। ਸੰਵਿਧਾਨ ਵਿਚ ਇਹ ਵਿਵਸਥਾ ਵੀ ਹੈ ਕਿ ਰਾਸ਼ਟਰਪਤੀ ਦੁਆਰਾ ਜਾਰੀ ਕੀਤੇ ਅਜਿਹੇ ਅਧਿਆਦੇਸ਼ ਸੰਸਦ ਵਿਚ ਪੇਸ਼ ਕੀਤੇ ਜਾਣੇ ਜ਼ਰੂਰੀ ਹਨ। ਜਿਸ ਦਿਨ ਸੰਸਦ ਦਾ ਸਮਾਗਮ ਆਰੰਭ ਹੁੰਦਾ ਹੈ ਉਸ ਦਿਨ ਤੋਂ ਛੇ ਹਫਤਿਆਂ ਤਕ ਅਧਿਆਦੇਸ਼ ਜਾਰੀ ਰਹਿ ਸਕਦਾ ਹੈ। ਅਜਿਹੇ ਅਧਿਆਦੇਸ਼ ਨੂੰ ਸਰਕਾਰ ਨਿਯਮਿਤ ਬਿਲ ਦੇ ਰੂਪ ਵਿਚ ਪੇਸ਼ ਕਰਕੇ ਸੰਸਦ ਕੋਲੋ ਕਾਨੂੰਨ ਦੇ ਰੂਪ ਵਿਚ ਪਾਸ ਕਰਵਾ ਸਕਦੀ ਹੈ। ਜੇਕਰ ਸਰਕਾਰ ਅਜਿਹਾ ਨਹੀਂ ਕਰਦੀ ਤਾਂ ਸੰਸਦ ਦਾ ਸਮਾਗਮ ਆਰੰਭ ਹੋਣ ਦੀ ਮਿਤੀ ਤੋ 6 ਹਫਤਿਆਂ ਮਗਰੋਂ ਉਸ ਅਧਿਆਦੇਸ਼ ਦਾ ਪ੍ਰਭਾਵ ਖਤਮ ਹੋ ਜਾਵੇਗਾ।

ਸੰਸਦ ਸਰਕਾਰ ਦੁਆਰਾ ਪੇਸ਼ ਕੀਤੇ ਪ੍ਰਸਤਾਵਾਂ ਨੂੰ ਵੀ ਮਨਜ਼ੂਰ ਕਰਦੀ ਹੈ। ਜਦੋ ਸੰਸਦ ਅਜਿਹੇ ਪ੍ਰਸਤਾਵਾਂ ਨੂੰ ਪਾਸ ਕਰਦੀ ਹੈ ਤਾਂ ਉਹ ਸਰਕਾਰ ਦੀਆਂ ਨੀਤੀਆਂ ਦਾ ਭਾਗ ਬਣ ਜਾਂਦੇ ਹਨ। ਅਨੇਕਾਂ ਹੋਰ ਵੀ ਮਹੱਤਵਪੂਰਨ ਵਿਸ਼ਿਆਂ ਦੀ ਪ੍ਰਵਾਨਗੀ ਸਰਕਾਰ ਦੁਆਰਾ ਸੰਸਦ ਤੋਂ ਪ੍ਰਾਪਤ ਕੀਤੀ ਜਾਂਦੀ ਹੈ। ਸੰਸਦ ਦੀ ਅਜਿਹੀ ਭੂਮਿਕਾ ਨੂੰ ਪ੍ਰਵਾਣਿਤਕਾਰੀ ਭੂਮਿਕਾ ਕਿਹਾ ਜਾਂਦਾ ਹੈ।

(3) **ਸੰਵਿਧਾਨਕ ਭੂਮਿਕਾ** – ਸੰਸਦ ਦੀ ਸੰਵਿਧਾਨਕ ਭੂਮਿਕਾ ਦਾ ਭਾਵ ਸੰਸਦ ਦੁਆਰਾ ਸੰਵਿਧਾਨ ਵਿਚ ਤਰਮੀਮ ਕਰਨਾ ਹੈ। ਭਾਰਤੀ ਸੰਵਿਧਾਨ ਵਿਚ ਤਰਮੀਮ ਕਰਨ ਦੀ ਸ਼ਕਤੀ ਕੇਵਲ ਸੰਸਦ ਨੂੰ ਸੌਂਪੀ ਗਈ

ਹੈ। ਸੰਵਿਧਾਨ ਵਿਚ ਸੋਧ ਕਰਨ ਦੀ ਵਿਧੀ ਅਨੁਛੇਦ 368 ਅਧੀਨ ਅੰਕਿਤ ਹੈ । ਉਸ ਨਿਸ਼ਚਿਤ ਵਿਧੀ ਅਨੁਸਾਰ ਸੰਸਦ ਸੰਵਿਧਾਨ ਦੇ ਕਿਸੇ ਵੀ ਅਨੁਛੇਦ ਵਿਚ ਤਰਮੀਮ ਕਰ ਸਕਦੀ ਹੈ। ਇਸ ਸ਼ਕਤੀ ਅਧੀਨ ਸੰਸਦ ਸੰਵਿਧਾਨ ਵਿਚੋ ਅਨੁਛੇਦਾਂ ਨੂੰ ਖਾਰਜ ਵੀ ਕਰ ਸਕਦੀ ਹੈ ਅਤੇ ਨਵੇਂ ਅਨੁਛੇਦ ਸੰਵਿਧਾਨ ਵਿਚ ਸ਼ਾਮਿਲ ਵੀ ਕਰ ਸਕਦੀ ਹੈ। ਪਰ ਕੇਸ਼ਵਾ ਨੰਦ ਭਾਰਤੀ ਕੇਸ ਅਨੁਸਾਰ ਸੰਸਦ ਦੁਆਰਾ ਸੰਵਿਧਾਨ ਵਿਚ ਕੋਈ ਅਜਿਹੀ ਤਰਮੀਮ ਨਹੀ ਕੀਤੀ ਜਾ ਸਕਦੀ ਜੋ ਸੰਵਿਧਾਨ ਦੇ ਮੌਲਿਕ ਢਾਂਚੇ ਦੀ ਉਲੰਘਣਾ ਕਰਦੀ ਹੋਵੇ। ਇਸ ਗੱਲ ਦਾ ਨਿਰਣਾ ਨਿਆਂਇਕ ਅਦਾਲਤਾਂ ਨੇ ਕਰਨਾ ਹੁੰਦਾ ਹੈ ਕਿ ਸੰਸਦ ਦੁਆਰਾ ਪਾਸ ਕੀਤੀ ਸੋਧ ਸੰਵਿਧਾਨ ਦੇ ਮੌਲਿਕ ਢਾਂਚੇ ਦੀ ਉਲੰਘਣਾ ਕਰਦੀ ਹੈ ਜਾਂ ਨਹੀ ?

(4) **ਰਾਜਨੀਤਿਕ ਕਾਰਜਪਾਲਿਕਾ ਸੰਬੰਧੀ ਨਿਯੰਤ੍ਰਿਕ ਭੂਮਿਕਾ** – ਭਾਰਤ ਵਿਚ ਅਸਲੀ ਕਾਰਜਪਾਲਿਕਾ ਨੂੰ ਵਿਧਾਨਪਾਲਿਕਾ ਪ੍ਰਤੀ ਉਤਰਦਾਈ ਬਣਾਇਆ ਗਿਆ ਹੈ। ਇਹ ਉਤਰਦਾਇਕਤਾ ਹੀ ਸੰਸਦ ਨੂੰ ਕਾਰਜਪਾਲਿਕਾ ਉਤੇ ਨਿਯੰਤਰਣ ਕਰਨ ਦੀ ਭੂਮਿਕਾ ਪ੍ਰਦਾਨ ਕਰਦੀ ਹੈ। ਜਿੱਥੋਂ ਤਕ ਕਾਰਜਪਾਲਿਕਾ ਉਤੇ ਸੰਸਦ ਦੇ ਨਿਯੰਤਰਣ ਦਾ ਸੰਬੰਧ ਹੈ ਰਾਜ ਸਭਾ ਦੇ ਮੁਕਾਬਲੇ ਲੋਕ ਸਭਾ ਦੀ ਸਥਿਤੀ ਸ੍ਰੇਸ਼ਟ ਹੈ। ਸੰਵਿਧਾਨ ਅਨੁਸਾਰ ਮੰਤਰੀ ਮੰਡਲ ਕੇਵਲ ਲੋਕ ਸਭਾ ਨੂੰ ਉਤਰਦਾਈ ਹੈ। ਲੋਕ ਸਭਾ ਹੀ ਮੰਤਰੀ ਮੰਡਲ ਵਿਰੁੱਧ ਅਵਿਸ਼ਵਾਸ ਦਾ ਪ੍ਰਸਤਾਵ ਪਾਸ ਕਰਕੇ ਉਸ ਨੂੰ ਪਦਵੀ ਤੋਂ ਹਟਾ ਸਕਦੀ ਹੈ।

ਲੋਕ ਸਭਾ ਨਿੰਦਾ ਪ੍ਰਸਤਾਵ ਵੀ ਪਾਸ ਕਰ ਸਕਦੀ ਹੈ। ਜੇਕਰ ਅਜਿਹਾ ਪ੍ਰਸਤਾਵ ਕਿਸੇ ਮੰਤਰੀ ਵਿਰੁੱਧ ਪਾਸ ਹੋ ਜਾਵੇ ਤਾਂ ਸਮੁੱਚੇ ਮੰਤਰੀ ਮੰਡਲ ਨੂੰ ਤਿਆਗ-ਪੱਤਰ ਦੇਣਾ ਪੈਂਦਾ ਹੈ।

ਕਿਸੇ ਸਰਕਾਰੀ ਬਿਲ ਨੂੰ ਰੱਦ ਕਰਕੇ ਜਾਂ ਮੰਤਰੀਆਂ ਦੀ ਤਨਖਾਹ ਲਈ ਕਟੌਤੀ ਮਤਾ ਪਾਸ ਕਰਕੇ ਵੀ ਲੋਕ ਸਭਾ ਮੰਤਰੀ ਮੰਡਲ ਤੋਂ ਤਿਆਗ ਪੱਤਰ ਦੀ ਮੰਗ ਕਰ ਸਕਦੀ ਹੈ। ਪਰ ਰਾਜ ਸਭਾ ਪਾਸ ਅਜਿਹਾ ਕੋਈ ਵੀ ਸਾਧਨ ਨਹੀ ਹੈ ਜਿਸ ਦੁਆਰਾ ਉਹ ਮੰਤਰੀ-ਮੰਡਲ ਨੂੰ ਤਿਆਗ-ਪੱਤਰ ਦੇਣ ਲਈ ਮਜ਼ਬੂਰ ਕਰ ਸਕੇ । ਲੋਕ ਸਭਾ ਦੇ ਮੈਬਰਾਂ ਦੀ ਤਰ੍ਹਾਂ ਰਾਜ ਸਭਾ ਦੇ ਮੈਬਰਾਂ ਨੂੰ ਵੀ ਮੰਤਰੀਆਂ ਕੋਲੋ ਉਹਨਾ ਦੇ ਵਿਭਾਗਾਂ ਸੰਬੰਧੀ ਪ੍ਰਸ਼ਨ ਪੁੱਛਣ ਦਾ ਅਧਿਕਾਰ ਪ੍ਰਾਪਤ ਹੈ। ਇਸ ਤੋ ਇਲਾਵਾ ਧਿਆਨ-ਦਿਵਾਊ, ਪ੍ਰਸਤਾਵ, ਸਥਗਨ ਪ੍ਰਸਤਾਵ ਆਦਿ ਦੁਆਰਾ ਵੀ ਰਾਜ ਸਭਾ ਦੇ ਮੈਬਰ ਕਾਰਜਪਾਲਿਕਾ ਉਤੇ ਨਿਯੰਤਰਣ ਰੱਖਦੇ ਹਨ। ਜਨਤਕ ਲੇਖਾ ਸੰਮਤੀ ਅਤੇ ਅਨੁਮਾਨ ਸੰਮਤੀ ਸੰਸਦ ਦੀਆਂ ਅਜਿਹੀਆਂ ਮਹੱਤਵਪੂਰਨ ਸੰਮਤੀਆਂ ਹਨ ਜੋ ਵਿਭਾਗਾਂ ਦੇ ਖਰਚਿਆਂ ਦੀ ਪੜਤਾਲ ਦੁਆਰਾ ਕਾਰਜਪਾਲਿਕਾ ਉਤੇ ਸੰਸਦ ਦਾ ਨਿਯੰਤਰਣ ਸਥਾਪਿਤ ਕਰਦੀਆਂ ਹਨ। ਸੰਸਦ ਕਿਸੇ ਪ੍ਰਸ਼ਾਸਕੀ ਵਿਭਾਗ ਦੇ ਕੰਮਾਂ ਦੀ ਜਾਂਚ-ਪੜਤਾਲ ਕਰਨ ਲਈ ਸੰਸਦ ਦੇ ਦੋਨੋਂ ਸਦਨਾਂ ਦੀ ਸਾਂਝੀ ਸੰਮਤੀ ਵੀ ਸਥਾਪਿਤ ਕਰ ਸਕਦੀ ਹੈ।

(5) **ਵਿੱਤੀ ਭੂਮਿਕਾ** – ਭਾਰਤੀ ਸੰਸਦ ਨੂੰ ਰਾਸ਼ਟਰੀ ਧਨ ਦਾ ਪਹਿਰੇਦਾਰ ਮੰਨਿਆ ਜਾਂਦਾ ਹੈ। ਸੰਸਦ ਦੀ ਪ੍ਰਵਾਨਗੀ ਤੋਂ ਬਿਨਾਂ ਸਰਕਾਰ ਕੋਈ ਖਰਚ ਨਹੀ ਕਰ ਸਕਦੀ ਹੈ। ਸਰਕਾਰ ਸੰਸਦ ਦੀ ਪ੍ਰਵਾਨਗੀ ਤੋਂ ਬਗੈਰ ਨਾ ਕੋਈ ਟੈਕਸ ਲਗਾ ਸਕਦੀ ਹੈ, ਨਾ ਘਟਾ ਜਾਂ ਸਮਾਪਤ ਕਰ ਸਕਦੀ ਹੈ। ਸੰਸਦ ਹਰੇਕ ਵਿੱਤੀ ਸਾਲ ਲਈ ਵਾਰਸ਼ਿਕ ਬਜ਼ਟ ਪਾਸ ਕਰਦੀ ਹੈ। ਇਸ ਬਜਟ ਵਿਚ ਆਉਣ ਵਾਲੇ ਸਾਲ ਦੌਰਾਨ ਸਰਕਾਰੀ ਆਮਦਨ ਅਤੇ ਖਰਚ ਦਾ ਵੇਰਵਾ ਹੁੰਦਾ ਹੈ। ਜੇਕਰ ਸੰਸਦ ਦੁਆਰਾ ਇਹ ਬਜਟ ਪਾਸ ਨਾ ਕੀਤਾ ਜਾਵੇ ਤਾਂ ਸਰਕਾਰ ਦਾ ਕੋਈ ਵੀ ਵਿਭਾਗ ਕਿਸੇ ਪ੍ਰਕਾਰ ਦਾ ਕੋਈ ਵੀ ਖਰਚ ਨਹੀਂ ਕਰ ਸਕਦਾ ਹੈ।

ਭਾਰਤ ਦਾ ਨਿਯੰਤਰਕ ਮਹਾਂਲੇਖਾ ਪ੍ਰੀਖਿਅਕ ਹਰ ਸਾਲ ਇਕ ਰਿਪੋਰਟ ਨੂੰ ਤਿਆਰ ਕਰਦਾ ਹੈ ਜਿਸ ਵਿਚ ਸਰਕਾਰ ਦੇ ਸਾਰੇ ਵਿਭਾਗਾਂ ਦੇ ਲੇਖੇ-ਜੋਖੇ ਦੀ ਜਾਂਚ-ਪੜਤਾਲ ਸਬੰਧੀ ਵੇਰਵਾ ਹੁੰਦਾ ਹੈ। ਸੰਸਦ ਉਸਦੀ ਇਸ ਰਿਪੋਰਟ ਉਤੇ ਪੂਰਨ ਬਹਿਸ ਕਰਦੀ ਹੈ ਅਤੇ ਜੇਕਰ ਜਨਤਕ ਧਨ ਦੇ ਖਰਚਿਆਂ ਸਬੰਧੀ ਕੋਈ ਹੇਰਾ-ਫੇਰੀ ਕੀਤੀ ਗਈ ਹੋਵੇ ਤਾਂ ਉਸ ਸਬੰਧੀ ਲੋੜੀਂਦੀ ਕਾਰਵਾਈ ਕਰਦੀ ਹੈ। ਸੰਸਦ ਦੀਆਂ ਵਿੱਤੀ ਸੰਮਤੀਆਂ ਵੀ ਸਰਕਾਰ ਦੇ ਖਰਚਿਆਂ ਦਾ ਲੇਖਾ ਜੋਖਾ ਕਰਦੀਆਂ ਹਨ। ਵਿੱਤੀ ਖੇਤਰ ਵਿਚ ਵੀ ਰਾਜ ਸਭਾ ਦੀ ਸਥਿਤੀ ਲੋਕ ਸਭਾ ਦੇ ਮੁਕਾਬਲੇ ਕਮਜ਼ੋਰ ਹੈ। ਧਨ ਬਿਲ ਕੇਵਲ ਲੋਕ ਸਭਾ ਵਿਚ ਹੀ ਪੇਸ਼ ਕੀਤੇ ਜਾ ਸਕਦੇ ਹਨ। ਲੋਕ ਸਭਾ ਦੁਆਰਾ ਪਾਸ ਹੋਣ ਮਗਰੋਂ ਧਨ ਬਿਲ ਨੂੰ ਰਾਜ ਸਭਾ ਕੋਲ ਉਸ ਦੀਆਂ ਸਿਫਾਰਿਸ਼ਾਂ ਜਾਂ ਸੁਝਾਵਾ

ਲਈ ਭੇਜਿਆ ਜਾਂਦਾ ਹੈ। ਜੇਕਰ ਰਾਜ ਸਭਾ ਦੁਆਰਾ ਕੀਤੀਆਂ ਸਿਫਾਰਿਸ਼ਾਂ ਲੋਕ ਸਭਾ ਨੂੰ ਪ੍ਰਵਾਨ ਨਹੀਂ ਹਨ ਤਾਂ ਉਹ ਬਿਲ ਉਸ ਰੂਪ ਵਿਚ ਹੀ ਸੰਸਦ ਦੁਆਰਾ ਪਾਸ ਸਮਝਿਆ ਜਾਂਦਾ ਹੈ ਜਿਸ ਰੂਪ ਵਿਚ ਪਹਿਲਾਂ ਲੋਕ ਸਭਾ ਨੇ ਉਸ ਨੂੰ ਪਾਸ ਕੀਤਾ ਸੀ। ਜੇਕਰ ਰਾਜ ਸਭਾ 14 ਦਿਨ ਤਕ ਕਿਸੇ ਧਨ ਬਿਲ ਉਤੇ ਕੋਈ ਕਾਰਵਾਈ ਨਾ ਕਰੇ ਤਾਂ ਉਹ ਬਿਲ ਵੀ ਭਾਰਤੀ ਸੰਸਦ ਦੁਆਰਾ ਪਾਸ ਸਮਝਿਆ ਜਾਂਦਾ ਹੈ। ਇਸ ਦਾ ਭਾਵ ਹੈ ਕਿ ਰਾਜ ਸਭਾ ਲੋਕ ਸਭਾ ਦੁਆਰਾ ਪਾਸ ਕੀਤੇ ਧਨ ਬਿਲ ਨੂੰ ਸਿਰਫ 14 ਦਿਨਾਂ ਲਈ ਰੋਕ ਸਕਦੀ ਹੈ।

(6) ਨਿਆਂਇਕ ਸਰੂਪ ਦੀ ਭੂਮਿਕਾ – ਸੰਸਦ ਨਿਆਂਇਕ ਸੰਸਥਾ ਨਹੀਂ ਹੈ ਅਤੇ ਨਾ ਹੀ ਨਿਆਂਇਕ ਪ੍ਰਣਾਲੀ ਦਾ ਭਾਗ ਹੈ। ਪਰ ਇਸ ਦੇ ਬਾਵਜੂਦ ਸੰਸਦ ਨੂੰ ਕਈ ਮਾਮਲਿਆਂ ਸੰਬੰਧੀ ਨਿਆਂਇਕ ਸਰੂਪ ਦੀ ਭੂਮਿਕਾ ਨਿਭਾਉਣੀ ਪੈਂਦੀ ਹੈ। ਸੰਸਦ ਦੀ ਅਜਿਹੀ ਭੂਮਿਕਾ ਸੰਸਦ ਦੁਆਰਾ ਕੀਤੇ ਜਾਂਦੇ ਹੇਠ ਲਿਖੇ ਕੰਮਾਂ ਤੋ ਸਪੱਸ਼ਟ ਹੁੰਦੀ ਹੈ –

(1) ਸੰਸਦ ਦਾ ਕੋਈ ਵੀ ਸਦਨ ਰਾਸ਼ਟਰਪਤੀ ਵਿਰੁੱਧ ਸੰਵਿਧਾਨ ਦੀ ਉਲੰਘਣਾ ਦਾ ਦੋਸ਼ ਲਗਾ ਸਕਦਾ ਹੈ। ਜੇਕਰ ਉਹ ਸਦਨ ਆਪਣੇ ਕੁੱਲ ਮੈਂਬਰਾਂ ਦੇ ਦੋ-ਤਿਹਾਈ ਬਹੁਮਤ ਦੁਆਰਾ ਰਾਸ਼ਟਰਪਤੀ ਵਿਰੁੱਧ ਦੋਸ਼ੀ ਪ੍ਰਸਤਾਵ ਪਾਸ ਕਰ ਦੇਵੇ ਤਾਂ ਦੂਜਾ ਸਦਨ ਉਹਨਾਂ ਦੋਸ਼ਾਂ ਸੰਬੰਧੀ ਛਾਣਬੀਣ ਕਰਦਾ ਹੈ। ਜੇਕਰ ਦੂਜਾ ਸਦਨ ਵੀ ਆਪਣੇ ਕੁੱਲ ਮੈਂਬਰਾਂ ਦੇ ਦੋ ਤਿਹਾਈ ਬਹੁਮਤ ਨਾਲ ਉਸ ਪ੍ਰਸਤਾਵ ਨੂੰ ਸਵੀਕਾਰ ਕਰ ਲੈਂਦਾ ਹੈ ਤਾਂ ਉਪ-ਰਾਸ਼ਟਰਪਤੀ ਨੂੰ ਪਦਵੀ ਤੋਂ ਹਟਾ ਦਿੱਤਾ ਜਾਵੇਗਾ।

(2) ਉਪ-ਰਾਸ਼ਟਰਪਤੀ ਨੂੰ ਵੀ ਸੰਸਦ ਮਹਾਂਦੋਸ਼ ਦੇ ਮੁੱਕਦਮੇ ਦੁਆਰਾ ਪਦਵੀ ਤੋਂ ਹਟਾ ਸਕਦੀ ਹੈ। ਪਰ ਉਪ-ਰਾਸ਼ਟਰਪਤੀ ਵਿਰੁੱਧ ਕੋਈ ਪ੍ਰਸਤਾਵ ਪਹਿਲਾਂ ਰਾਜ ਸਭਾ ਵਿਚ ਪੇਸ਼ ਕੀਤਾ ਜਾਣਾ ਜ਼ਰੂਰੀ ਹੈ। ਜੇ ਕਰ ਰਾਜ ਸਭਾ ਦੁਆਰਾ ਆਪਣੇ ਕੁੱਲ ਮੈਂਬਰਾਂ ਦੇ ਬਹੁਮਤ ਨਾਲ ਪਾਸ ਕੀਤੇ ਪ੍ਰਸਤਾਵ ਨੂੰ ਲੋਕ ਸਭਾ ਪ੍ਰਵਾਨ ਕਰ ਲੈਂਦੀ ਹੈ ਤਾਂ ਉਪ-ਰਾਸ਼ਟਰਪਤੀ ਨੂੰ ਪਦਵੀ ਤੋਂ ਹਟਾ ਦਿੱਤਾ ਜਾਵੇਗਾ।

(3) ਸਰਵ-ਉੱਚ ਅਦਾਲਤ ਅਤੇ ਰਾਜਾਂ ਦੀਆਂ ਉੱਚ ਅਦਾਲਤਾਂ ਦੇ ਜੱਜਾਂ ਨੂੰ ਰਾਸ਼ਟਰਪਤੀ ਦੁਆਰਾ ਪਦਵੀ ਤੋਂ ਤਾਂ ਹੀ ਹਟਾਇਆ ਜਾ ਸਕਦਾ ਹੈ ਜੇਕਰ ਸੰਸਦ ਉਹਨਾਂ ਵਿਰੁੱਧ ਪਹਿਲਾਂ ਪ੍ਰਸਤਾਵ ਪਾਸ ਕਰੇ।

(4) ਨਿਯੰਤਰਕ ਮਹਾਂ ਲੇਖਾ ਪ੍ਰੀਖਿਅਕ , ਅਟਾਰਨੀ ਜਨਰਲ, ਮੁਖ ਚੋਣ ਕਮਿਸ਼ਨਰ ਭਾਰਤ ਦੇ ਅਜਿਹੇ ਉੱਚ ਅਧਿਕਾਰੀ ਹਨ ਜਿਨ੍ਹਾਂ ਨੂੰ ਰਾਸ਼ਟਰਪਤੀ ਨਿਸ਼ਚਿਤ ਕਾਰਜਕਾਲ ਲਈ ਨਿਯੁਕਤ ਕਰਦਾ ਹੈ ਇਨ੍ਹਾਂ ਅਧਿਕਾਰੀਆਂ ਨੂੰ ਨਿਸ਼ਚਿਤ ਕਾਰਜਕਾਲ ਤੋ ਪਹਿਲਾਂ ਤਾਂ ਹੀ ਹਟਾਇਆ ਜਾ ਸਕਦਾ ਹੈ ਜੇਕਰ ਸੰਸਦ ਇਹਨਾਂ ਵਿਰੁੱਧ ਪ੍ਰਸਤਾਵ ਪਾਸ ਕਰੇ।

(5) ਸੰਸਦ ਦੇ ਦੋਵੇ ਸਦਨਾਂ ਨੂੰ ਉਹਨਾਂ ਦੀ ਨਿਰਾਦਰੀ ਕਰਨ ਵਾਲੇ ਵਿਅਕਤੀ ਨੂੰ ਦੰਡ ਦੇਣ ਦਾ ਅਧਿਕਾਰ ਪ੍ਰਾਪਤ ਹੈ। ਜੇਕਰ ਕੋਈ ਬਾਹਰਲਾ ਵਿਅਕਤੀ ਜਾਂ ਸੰਸਦ ਦਾ ਮੈਂਬਰ ਸੰਸਦ ਦੇ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ ਤਾਂ ਵੀ ਸਬੰਧਿਤ ਸਦਨ ਦੁਆਰਾ ਉਸ ਨੂੰ ਦੰਡ ਦਿੱਤਾ ਜਾ ਸਕਦਾ ਹੈ।

7. **ਵਿਚਾਰਤਮਕ ਭੂਮਿਕਾ** – ਭਾਰਤੀ ਸੰਸਦ ਵਿਚ ਹਰ ਪ੍ਰਕਾਰ ਦੀਆਂ ਰਾਸ਼ਟਰਪਤੀ ਸਮੱਸਿਆਵਾਂ ਸੰਬਧੀ ਵਿਚਾਰ ਕੀਤਾ ਜਾਂਦਾ ਹੈ। ਸੰਸਦ ਵਿਚ ਵੱਖ-ਵੱਖ ਰਾਜਨੀਤਿਕ ਦਲਾਂ ਦੇ ਪ੍ਰਤੀਨਿਧ ਹੁੰਦੇ ਹਨ। ਇਹ ਵੱਖ-ਵੱਖ ਖੇਤਰਾਂ, ਸਭਿਆਚਾਰਾਂ ਅਤੇ ਰਾਜਨੀਤਿਕ ਵਿਚਾਰਾਂ ਦੀ ਪ੍ਰਤੀਨਿਧਤਾ ਕਰਦੇ ਹਨ। ਅਜਿਹੇ ਯੋਗ ਪ੍ਰਤੀਨਿਧ ਪ੍ਰਭਾਵਸ਼ਾਲੀ ਬਹਿਸ ਕਰਦੇ ਹਨ। ਸੰਸਦ ਵਿਚ ਅਨੇਕਾਂ ਵਿਸ਼ਿਆਂ ਸੰਬੰਧੀ ਬਿਲ ਪੇਸ਼ ਕੀਤੇ ਜਾਂਦੇ ਹਨ। ਇਹਨਾ ਬਿਲਾਂ ਨੂੰ ਕਾਨੂੰਨਾਂ ਦਾ ਰੂਪ ਦੇਣ ਤੋਂ ਪਹਿਲਾਂ ਸੰਸਦ ਦੇ ਮੈਂਬਰ ਇਹਨਾਂ ਸਬੰਧੀ ਪੂਰਨ ਵਿਚਾਰ-ਵਟਾਂਦਰਾ ਕਰਦੇ ਹਨ। ਬਿਲਾਂ ਤੋ ਇਲਾਵਾ ਵੱਖ-ਵੱਖ ਪ੍ਰਕਾਰ ਦੇ ਪ੍ਰਸਤਾਵਾਂ ਦੁਆਰਾ ਵੀ ਸੰਸਦ ਦੇ ਮੈਂਬਰਾਂ ਨੂੰ ਭਿੰਨ-ਭਿੰਨ ਵਿਸ਼ਿਆਂ ਸਬੰਧੀ ਬਹਿਸ ਕਰਨ ਦੇ ਅਵਸਰ ਮਿਲਦੇ ਹਨ। ਸੰਸਦ ਵਿਚ ਕੋਈ ਅਜਿਹੀ ਬਹਿਸ ਅਖਬਾਰਾਂ ਅਤੇ ਪ੍ਰਸਾਰਨ ਦੇ ਸਾਧਨਾਂ ਦੁਆਰਾ ਲੋਕਾਂ ਤੱਕ ਪਹੁੰਚਦੀ ਹੈ ਅਤੇ ਲੋਕ-ਮਤ ਨੂੰ ਪ੍ਰਭਾਵਿਤ ਕਰਦੀ ਹੈ। ਵੱਖ-ਵੱਖ ਵਿਸ਼ਿਆਂ ਸੰਬੰਧੀ ਸੰਸਦ ਵਿਚ ਹੁੰਦੀ ਬਹਿਸ ਨੂੰ ਹੀ ਸੰਸਦ ਦੇ ਵਿਚਾਰਾਤਮਕ ਕਾਰਜ ਕਿਹਾ ਜਾਂਦਾ ਹੈ।

8. **ਜਨਤਾ ਦੀਆਂ ਸ਼ਿਕਾਇਤਾਂ ਦੇ ਪ੍ਰਗਟਾਵੇ ਦਾ ਮੰਚ** – ਜਦੋ ਸੰਸਦ ਦਾ ਸਮਾਗਮ ਹੁੰਦਾ ਹੈ ਤਾਂ ਵੱਖ-ਵੱਖ ਚੋਣ ਖੇਤਰਾਂ ਦੇ ਪ੍ਰਤੀਨਿਧ ਆਪਣੇ ਚੋਣਕਾਰਾਂ ਦੀਆਂ ਸਮੱਸਿਆਵਾਂ ਅਤੇ ਸ਼ਿਕਾਇਤਾਂ ਨੂੰ ਸਦਨ ਵਿਚ

ਪੇਸ਼ ਕਰਦੇ ਹਨ। ਉਹਨਾਂ ਦੇ ਅਜਿਹੇ ਯਤਨਾਂ ਦੇ ਫਲਸਰੂਪ ਸਦਨ ਵਿਚ ਪ੍ਰਭਾਵਸ਼ਾਲੀ ਬਹਿਸ ਹੁੰਦੀ ਹੈ। ਬਹੁਤ ਸਾਰੀਆਂ ਗੱਲਾਂ ਦੀ ਸਰਕਾਰ ਨੂੰ ਲੋਕਾਂ ਦੀਆਂ ਸ਼ਿਕਾਇਤਾਂ ਤੇ ਸਮੱਸਿਆਵਾਂ ਬਾਰੇ ਪਤਾ ਲੱਗਦਾ ਹੈ। ਅਜਿਹੀਆਂ ਸ਼ਿਕਾਇਤਾਂ ਜਾਂ ਸੱਮਸਿਆਵਾਂ ਨੂੰ ਹੱਲ ਕਰਨ ਲਈ ਸਰਕਾਰ ਸਦਨ ਵਿਚ ਮੈਂਬਰਾਂ ਨੂੰ ਵਿਸ਼ਵਾਸ ਦਿੰਦੀ ਹੈ। ਕਈ ਵਾਰੀ ਸੰਸਦ ਦੁਆਰਾ ਅਜਿਹੀ ਸੰਮਤੀ ਬਣਾ ਦਿੱਤੀ ਜਾਂਦੀ ਹੈ ਜੋ ਲੋਕਾਂ ਦੀਆਂ ਸਮੱਸਿਆਵਾਂ ਅਤੇ ਸ਼ਿਕਾਇਤਾਂ ਸੰਬੰਧੀ ਜਾਂਚ-ਪੜਤਾਲ ਕਰਦੀ ਹੈ। ਸੰਸਦ ਦੀ ਅਜਿਹੀ ਕਾਰਵਾਈ ਦੂਰਦਰਸ਼ਨ, ਅਕਾਸ਼ਵਾਣੀ ਅਤੇ ਪ੍ਰੈੱਸ ਦੁਆਰਾ ਲੋਕਾਂ ਤੱਕ ਪਹੁੰਚਦੀ ਹੈ ਅਤੇ ਇਸ ਸਬੰਧੀ ਲੋਕਾਂ ਦਾ ਪ੍ਰਤੀਕਰਮ ਵੀ ਪ੍ਰੈਸ ਦੁਆਰਾ ਅਤੇ ਸੰਸਦ ਦੇ ਮੈਂਬਰਾਂ ਦੁਆਰਾ ਸਰਕਾਰ ਤੱਕ ਪਹੁੰਚਦਾ ਹੈ।

(9) ਸਮਾਜ ਦੇ ਪੁਨਰ-ਨਿਰਮਾਣ ਸੰਬੰਧੀ ਭੂਮਿਕਾ – ਭਾਰਤ ਵਿਚ ਅਨੇਕਾਂ ਹੀ ਪ੍ਰਕਾਰ ਦੀਆਂ ਸਮਾਜਿਕ ਸਮੱਸਿਆਵਾਂ ਮੌਜੂਦ ਹਨ। ਭਾਰਤ ਵਿਚ ਅਨਪੜ੍ਹਤਾ, ਅਗਿਆਨਤਾ, ਅੰਧ-ਵਿਸ਼ਵਾਸ , ਜਾਤੀਵਾਦੀ, ਭਾਸ਼ਾਵਾਦ, ਸੰਪ੍ਰਦਾਇਕਤਾ ਅਤੇ ਇਸਤਰੀਆਂ ਦੀ ਮੰਦੀ ਸਥਿਤੀ ਆਦਿ ਦੀਆਂ ਸਮੱਸਿਆਵਾਂ ਮੌਜੂਦ ਹਨ। ਇਸਤਰੀਆਂ ਦੀ ਭਲਾਈ ਅਤੇ ਉਨ੍ਹਾਂ ਦੇ ਸ਼ਕਤੀਕਰਨ ਦੇ ਮਾਮਲਿਆਂ ਤੇ ਹੁਣ ਸੰਸਦ ਵਿਚ ਗੰਭੀਰਤਾ ਨਾਲ ਵਿਚਾਰ ਕੀਤੇ ਜਾਂਦੇ ਹਨ। ਸਾਡੇ ਦੇਸ਼ ਵਿਚ ਆਰਥਿਕ ਪੱਖ ਤੋ ਕਾਫੀ ਲੋਕਾਂ ਦੀ ਇਹ ਸਥਿਤੀ ਹੈ ਕਿ ਉਹਨਾਂ ਨੂੰ ਕਰੜੀ ਮਿਹਨਤ ਦੇ ਬਾਵਜੂਦ ਵੀ ਜੀਵਨ ਦੀਆਂ ਜ਼ਰੂਰੀ ਲੋੜਾਂ ਵੀ ਪ੍ਰਾਪਤ ਨਹੀ ਹੁੰਦੀਆਂ। ਸਮਾਜ ਦੇ ਪੁਨਰ-ਨਿਰਮਾਣ ਲਈ ਸੰਸਦ ਦੀ ਇਕ ਬਹੁਤ ਵੱਡੀ ਜ਼ਿੰਮੇਵਾਰੀ ਹੈ। ਸੰਸਦ ਨੇ ਨਾ ਕੇਵਲ ਕਾਨੂੰਨ ਤੇ ਵਿਵਸਥਾ ਕਾਇਮ ਰੱਖਣ ਵਾਲੇ ਕਾਨੂੰਨ ਹੀ ਪਾਸ ਕਰਨੇ ਸਨ, ਸਗੋਂ ਸਮਾਜਿਕ ਤੇ ਆਰਥਿਕ ਬੁਰਾਈਆਂ ਨੂੰ ਦੂਰ ਕਰਨ ਸਬੰਧੀ ਵੀ ਕਾਨੂੰਨਾਂ ਦਾ ਨਿਰਮਾਣ ਕਰਦੀ ਹੈ। ਸਾਡੇ ਦੇਸ਼ ਦੀ ਸੰਸਦ ਨੇ ਅਨਸੂਚਿਤ ਜਾਤੀਆਂ, ਇਸਤਰੀਆਂ ਅਤੇ ਦੂਜੇ ਕਮਜ਼ੋਰ ਵਰਗਾਂ ਦੀ ਸਥਿਤੀ ਸੁਧਾਰਨ ਲਈ ਵੀ ਅਨੇਕਾਂ ਹੀ ਕਾਨੂੰਨ ਪਾਸ ਕੀਤੇ ਹਨ। ਪਰਿਵਾਰਿਕ ਜ਼ਿੰਦਗੀ ,ਵਿਆਹ, ਤਲਾਕ, ਬਾਲ-ਵਿਆਹ, ਦਹੇਜ-ਪ੍ਰਥਾ, ਸਤੀ-ਪ੍ਰਥਾ ਅਤੇ ਹੋਰ ਅਨੇਕਾਂ ਹੀ ਸਮਾਜਿਕ ਵਿਸ਼ਿਆਂ ਨਾਲ ਸੰਬੰਧਿਤ ਕਾਨੂੰਨ ਸੰਸਦ ਦੁਆਰਾ ਪਾਸ ਕੀਤੇ ਗਏ ਹਨ। ਇਸ ਤਰ੍ਹਾਂ ਸੰਸਦ ਨੇ ਭਾਰਤੀ ਸਮਾਜ ਦੇ ਪੁਨਰ ਨਿਰਮਾਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

(10) ਵਿਦੇਸ਼ੀ ਸੰਬੰਧਾਂ ਬਾਰੇ ਭੂਮਿਕਾ – ਵਿਦੇਸ਼ੀ ਮਾਮਲਿਆਂ ਸੰਬੰਧੀ ਵੀ ਸੰਸਦ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਪਰੰਤੂ ਵਿਦੇਸ਼ੀ ਮਾਮਲਿਆਂ ਸਬੰਧੀ ਕਾਨੂੰਨ ਬਣਾਉਣ ਦੀ ਸ਼ਕਤੀ ਸੰਸਦੀ ਨੂੰ ਪ੍ਰਾਪਤ ਹੈ। ਭਾਵ ਵਿਦੇਸ਼ੀ ਨੀਤੀ ਸੰਬੰਧੀ ਕਾਨੂੰਨਾਂ ਦੀ ਘੱਟ ਹੀ ਲੋੜ ਪੈਂਦੀ ਹੈ, ਜੇਕਰ ਸਰਕਾਰ ਨੇ ਵਿਦੇਸ਼ੀ ਨੀਤੀ ਸੰਬੰਧੀ ਸੰਸਦ ਕੋਲੋ ਸਹਿਮਤੀ ਲੈਣੀ ਹੋਵੇ ਤਾਂ ਇਸ ਮੰਤਵ ਲਈ ਸਰਕਾਰ ਸੰਸਦ ਵਿਚ ਪ੍ਰਸਤਾਵ ਪੇਸ਼ ਕਰਦੀ ਹੈ। ਅਜਿਹੇ ਪ੍ਰਸਤਾਵ ਸੰਸਦ ਦੁਆਰਾ ਸਰਵ-ਸੰਮਤੀ ਨਾਲ ਪਾਸ ਹੁੰਦੇ ਹਨ। ਵਿਰੋਧੀ ਦਲ ਵਿਦੇਸ਼ੀ ਨੀਤੀ ਸਬੰਧੀ ਸਰਕਾਰ ਦੁਆਰਾ ਪੇਸ ਕੀਤੇ ਪ੍ਰਸਤਾਵ ਦਾ ਅਕਸਰ ਸਮਰਥਨ ਕਰਦੇ ਹਨ। ਜਦੋ 1962 ਵਿਚ ਚੀਨ ਨੇ ਭਾਰਤ ਉੱਤੇ ਹਮਲਾ ਕੀਤਾ ਸੀ ਤਾਂ ਉਸ ਸਮੇਂ ਲੋਕ ਸਭਾ ਨੇ ਇਕ ਪ੍ਰਸਤਾਵ ਦੁਆਰਾ ਜਿੱਥੇ ਚੀਨੀ ਹਮਲੇ ਦਾ ਖੰਡਨ ਕੀਤਾ ਸੀ ਉੱਥੇ ਉਸ ਨੇ ਚੀਨੀ ਕਬਜੇ ਤੋਂ ਭਾਰਤੀ ਇਲਾਕੇ ਖਾਲੀ ਕਰਾਉਣ ਦੇ ਸਰਕਾਰ ਦੇ ਇਰਾਦੇ ਦੀ ਜ਼ੋਰਦਾਰ ਪੁਸ਼ਟੀ ਕੀਤੀ ਸੀ। 22 ਫਰਵਰੀ, 1994 ਨੂੰ ਸੰਸਦ ਦੇ ਦੋਨੋਂ ਸਦਨਾਂ ਨੇ ਸਰਵ-ਸੰਮਤੀ ਨਾਲ ਵੱਖ-ਵੱਖ ਪ੍ਰਸਤਾਵ ਪਾਸ ਕਰਕੇ ਇਹ ਘੋਸ਼ਣਾ ਕੀਤੀ ਸੀ ਕਿ ਜੰਮੂ ਅਤੇ ਕਸ਼ਮੀਰ ਭਾਰਤ ਦਾ ਅਟੁੱਟ ਅੰਗ ਹੈ। ਜੁਲਾਈ 2005 ਵਿਚ ਭਾਰਤ ਦੇ ਪ੍ਰਧਾਨ ਮੰਤਰੀ ਸ੍ਰ: ਮਨਮੋਹਨ ਸਿੰਘ ਨੇ ਅਮਰੀਕਾ ਦੇ ਰਾਸ਼ਟਰਪਤੀ ਜਾਰਜ ਵਾਕਰ ਬੁਸ਼ ਨਾਲ 'ਪ੍ਰਮਾਣੂ ਸ਼ਕਤੀ ਸਮਝੌਤੇ 'ਤੇ ਦਸਤਖਤ ਕੀਤੇ। ਇਸ ਮਤੇ ਦੀ ਸਰਕਾਰ ਨੇ ਸੰਸਦ ਤੋਂ ਪ੍ਰਵਾਨਗੀ ਪ੍ਰਾਪਤ ਕੀਤੀ ਹੈ। ਸੰਸਦ ਦੇ ਮੈਂਬਰ ਵਿਦੇਸ਼ੀ ਮੰਤਰੀ ਕੋਲੋਂ ਸੰਸਦ ਦੇ ਸਮਾਗਮ ਦੌਰਾਨ ਭਾਰਤ ਦੀ ਵਿਦੇਸ਼ੀ ਨੀਤੀ ਅਤੇ ਅੰਤਰ ਰਾਸ਼ਟਰੀ ਮਾਮਲਿਆਂ ਸੰਬੰਧੀ ਮਹੱਤਵਪੂਰਨ ਪ੍ਰਸ਼ਨ ਵੀ ਪੁੱਛਦੇ ਹਨ। ਇਸ ਤਰ੍ਹਾਂ ਸੰਸਦ ਭਾਰਤ ਦੀ ਵਿਦੇਸ਼ੀ ਨੀਤੀ ਸੰਬੰਧੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

2.3.9 ਸਿੱਟਾ – ਭਾਰਤੀ ਸੰਸਦ ਕੇਵਲ ਕਾਨੂੰਨ ਨਿਰਮਾਣਿਕ ਸੰਸਥਾ ਨਹੀ ਹੈ। ਕਾਨੂੰਨ ਦਾ ਨਿਰਮਾਣ ਸੰਸਦ ਦੇ ਅਨੇਕਾਂ ਕੰਮਾਂ ਵਿਚੋਂ ਇਕ ਕੰਮ ਹੈ। ਸੰਸਦ ਵਾਸਤਵ ਵਿਚ ਇਕ ਅਜਿਹਾ ਰਾਸ਼ਟਰੀ ਮੰਚ ਹੈ ਜਿੱਥੇ ਵੱਖ-ਵੱਖ ਰਾਜਨੀਤਿਕ ਦਲਾਂ ਦੇ ਪ੍ਰਤੀਨਿਧ ਭਾਰਤ ਨੂੰ ਦਰਮੇਸ਼ ਸਮੱਸਿਆਵਾਂ ਦਾ ਯੋਗ ਹੱਲ ਲੱਭਣ ਲਈ ਯਤਨ ਕਰਦੇ ਹਨ। ਸੰਸਦ ਨੂੰ ਇਕ ਅਜਿਹਾ ਮੰਚ ਵੀ ਕਿਹਾ ਜਾ ਸਕਦਾ ਹੈ ਜਿੱਥੇ ਰਾਜਨੀਤਿਕ ਸ਼ਕਤੀ

ਨੂੰ ਕਾਇਮ ਰੱਖਣ ਅਤੇ ਰਾਜਨੀਤਿਕ ਸ਼ਕਤੀ ਨੂੰ ਪ੍ਰਾਪਤ ਕਰਨ ਲਈ ਸੰਘਰਸ਼ਮਈ ਯਤਨ ਕੀਤੇ ਜਾਂਦੇ ਹਨ। ਸ਼ਾਸਕ ਦਲ ਰਾਜਨੀਤਿਕ ਸ਼ਕਤੀ ਨੂੰ ਕਾਇਮ ਰੱਖਣ ਦੇ ਉਦੇਸ਼ ਨਾਲ ਸੰਸਦੀ ਮੰਚ ਨੂੰ ਆਪਣੇ ਰਾਜਨੀਤਿਕ ਹਿੱਤਾਂ ਲਈ ਵਰਤਣ ਦਾ ਯਤਨ ਕਰਦਾ ਹੈ, ਜਦੋਂ ਕਿ ਵਿਰੋਧੀ ਦਲ ਰਾਜਨੀਤਿਕ ਸ਼ਕਤੀ ਨੂੰ ਪ੍ਰਾਪਤ ਕਰਨ ਲਈ ਸੰਸਦ ਨੂੰ ਆਪਣੇ ਹਿੱਤਾਂ ਵਿਚ ਵਰਤਣ ਦੇ ਇਛੁੱਕ ਹੁੰਦੇ ਹਨ।

2.3.10 ਸਵੈ ਪਰਖ ਅਭਿਆਸ :

ਕੋਈ ਦੋ ਪ੍ਰਸ਼ਨ ਹੱਲ ਕਰੋ :

ਛੋਟੇ ਉੱਤਰਾਂ ਵਾਲੇ ਪ੍ਰਸ਼ਨ :

1. ਭਾਰਤ ਦੀ ਸੰਸਦ ਦੀ ਬਣਤਰ ਬਾਰੇ ਤੁਸੀ ਕੀ ਜਾਣਦੇ ਹੋ ?
2. ਲੋਕ ਸਭਾ ਕਾਰਜਪਾਲਕਾ ਨੂੰ ਕਿਸ ਤਰ੍ਹਾਂ ਨਿਯੰਤਰਿਤ ਕਰਦੀ ਹੈ ?
3. ਰਾਜ ਸਭਾ ਦੀਆਂ ਨਿਵੇਕਲੀਆਂ ਸ਼ਕਤੀਆਂ ਦਾ ਵਰਨਣ ਕਰੋ ?
4. ਦੋਨੇ ਸਦਨਾਂ ਦੀ ਸਾਂਝੀ ਬੈਠਕ ਕਦੋਂ ਬੁਲਾਈ ਜਾਂਦੀ ਹੈ ?

ਵੱਡੇ ਉੱਤਰਾਂ ਵਾਲੇ ਪ੍ਰਸ਼ਨ :-

(1) ਲੋਕ ਸਭਾ ਦੀ ਬਣਤਰ, ਸ਼ਕਤੀਆਂ ਅਤੇ ਸਥਿਤੀ ਦੀ ਵਿਆਖਿਆ ਕਰੋ।

(2) ਰਾਜ ਸਭਾ ਦੀ ਬਣਤਰ, ਸ਼ਕਤੀਆਂ, ਕਾਰਜਾਂ ਅਤੇ ਸਥਿਤੀ ਦੀ ਵਿਆਖਿਆ ਕਰੋ।

1. ਭਾਰਤ ਸੰਘ ਦੇ ਸਾਰੇ ਰਾਜਾਂ ਵਿਚ ਦੋ ਸਦਨੀ ਵਿਧਾਨ ਮੰਡਲ ਹਨ।
2. ਕੇਂਦਰੀ ਸੰਸਦ ਆਪਣੀ ਮਰਜ਼ੀ ਨਾਲ ਵਿਧਾਨ ਪਰਿਸ਼ਦ ਨੂੰ ਭੰਗ ਕਰ ਸਕਦੀ ਹੈ।
3. ਸਿੱਕਮ ਦੀ ਵਿਧਾਨ ਸਭਾ ਤੋਂ ਛੋਟੀ ਹੈ।
4. ਰਾਜ ਦੀ ਵਿਧਾਨ ਸਭਾ ਦਾ ਕਾਰਜਕਾਲ 5 ਸਾਲ ਹੁੰਦਾ ਹੈ।
5. ਵਿਧਾਨ ਪਰਿਸ਼ਦ ਇੱਕ ਸਥਾਈ ਸਦਨ ਹੈ।
6. ਵਿਧਾਨ ਪਾਲਿਕਾ ਦੇ ਹਰ ਸਾਲ ਦੋ ਇਜਲਾਸ ਹੋਣੇ ਜ਼ਰੂਰੀ ਹਨ।
7. ਸਮਵਰਤੀ ਸੂਚੀ ਦੇ ਵਿਸ਼ੇ ਸੰਬੰਧੀ ਕੇਂਦਰ ਕਾਨੂੰਨ ਅਤੇ ਰਾਜ ਦੇ ਕਾਨੂੰਨ ਵਿਚ ਝਗੜਾ ਹੋਣ ਦੀ ਸੂਰਤ ਵਿਚ ਰਾਜ ਦੇ ਕਾਨੂੰਨ ਲਾਗੂ ਹੁੰਦੇ ਹਨ।
8. ਵਿਧਾਨ ਸਭਾ ਦੇ ਇਕ-ਤਿਹਾਈ ਮੈਂਬਰ ਹਰ ਦੋ ਸਾਲ ਬਾਅਦ ਰਿਟਾਇਰ ਹੁੰਦੇ ਹਨ।

ਉੱਤਰ: ਸਹੀ : 3,4,5,6 ਗਲਤ : 1,2,7,8

ਪ੍ਰਸ਼ਨ

1. ਰਾਜ ਵਿਧਾਨਪਾਲਿਕਾ ਦੀ ਬਣਤਰ ਅਤੇ ਕੰਮਾਂ ਦੀ ਵਿਆਖਿਆ ਕਰੋ।
2. ਵਿਧਾਨ ਸਭਾ ਅਤੇ ਵਿਧਾਨ ਪਰਿਸ਼ਦ ਦੇ ਆਪਸੀ ਸੰਬੰਧਾਂ ਦਾ ਵਰਣਨ ਕਰੋ।

ਛੋਟੇ ਉੱਤਰਾਂ ਵਾਲੇ ਪ੍ਰਸ਼ਨ

1. ਵਿਧਾਨ ਸਭਾ ਦਾ ਮੈਂਬਰ ਬਣਨ ਲਈ ਯੋਗਤਾਵਾਂ।
2. ਵਿਧਾਨ ਪਰਿਸ਼ਦ ਦਾ ਮੈਂਬਰ ਬਣਨ ਲਈ ਯੋਗਤਾਵਾਂ।
3. ਵਿਧਾਨ ਸਭਾ ਦੀਆਂ ਵਿਧਾਨਿਕ ਸ਼ਕਤੀਆਂ।
4. ਵਿਧਾਨ ਪਰਿਸ਼ਦ ਦੀਆਂ ਵਿੱਤੀ ਸ਼ਕਤੀਆਂ।
5. ਵਿਧਾਨ ਸਭਾ ਦੇ ਕਾਰਜਕਾਰੀ ਕੰਮ ਦੱਸੋ।
6. ਵਿਧਾਨ ਸਭਾ ਦਾ ਸੰਵਿਧਾਨਿਕ ਕੰਮ ਦੱਸੋ।
7. ਵਿਧਾਨ ਪਰਿਸ਼ਦ ਦੀ ਸਮਾਪਤੀ ਕਿਵੇਂ ਕੀਤੀ ਜਾਂਦੀ ਹੈ ?
8. ਵਿਧਾਨ ਸਭਾ ਦੇ ਸਪੀਕਰ ਦੀ ਚੋਣ ਕਿਵੇਂ ਹੁੰਦੀ ਹੈ ?

9. ਵਿਧਾਨ ਸਭਾ ਦੇ ਸਮਾਗਮ ਕਦੋਂ ਬੁਲਾਏ ਜਾਂਦੇ ਹਨ ?
10. ਨਿਖੇਧ ਅਧਿਕਾਰ

ਸਵੈ-ਅਭਿਆਸ ਪ੍ਰਸ਼ਨ

1. ਰਾਸ਼ਟਰਪਤੀ ਦੀ ਸਥਿਤੀ ਲਿਖੋ। ਐਮਰਜੈਂਸੀ ਵਿਚ ਕੀ role play ਕਰਦਾ ਹੈ ਲਿਖੋ।
2. ਭਾਰਤੀ ਸੰਸਦ ਦੀਆਂ ਸ਼ਕਤੀਆਂ ਅਤੇ ਸਥਿਤੀ ਵਰਨਣ ਕਰੋ।
3. ਰਾਜ ਦੇ ਗਵਰਨਰ ਦੀ ਸਥਿਤੀ ਬਾਰੇ ਵਰਨਣ ਕਰੋ।
4. ਵਿਧਾਨਪਾਲਿਕਾ ਦੀ ਬਣਤਰ ਤੇ ਕੰਮਾਂ ਬਾਰੇ ਲਿਖੋ।

ਛੋਟੇ ਸੁਆਲ

1. ਰਾਸ਼ਟਰਪਤੀ ਦੀਆਂ ਸ਼ਕਤੀਆਂ (ਆਪਾਤਕਾਲੀਨ) ਕਿਨ੍ਹੀ ਤਰ੍ਹਾਂ ਦੀਆਂ ਹਨ।
2. ਸੰਸਦ ਦੇ ਕਿੰਨੇ ਸਦਨ ਹਨ ਤੇ ਮੈਂਬਰ ਕਿਵੇਂ ਚੁਣੇ ਜਾਂਦੇ ਹਨ।
3. ਗਵਰਨਰ ਦੀ ਨਿਯੁਕਤੀ ਬਾਰੇ ਲਿਖੋ।
4. ਵਿਧਾਨ ਸਭਾ ਦੇ ਕਾਰਜਕਾਰੀ ਕੰਮ ਲਿਖੋ।
5. ਵਿਧਾਨ ਸਭਾ ਦਾ ਮੈਂਬਰ ਬਨਣ ਲਈ ਯੋਗਤਾਵਾਂ।

ਪਾਠ ਨੰਬਰ : 2.4

ਲੇਖਕ : ਡਾ. ਜਮਸ਼ੀਦ. ਅਲੀ ਖਾਨ
ਅਨੁਵਾਦਕ ਡਾ. ਹਰਵਿੰਦਰ ਕੌਰ

ਸੰਘੀ ਮੰਤਰੀ ਪਰਿਸ਼ਦ-ਰਚਨਾ, ਕਾਰਜ ਅਤੇ ਇਸ ਦੇ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਨਾਲ ਸੰਬੰਧ

(Union Council of Ministers-its formation, functions and its relations with Prime Minister and President)

ਪਾਠ ਦੀ ਰੂਪ ਰੇਖਾ

2.4.0 ਭੂਮਿਕਾ
2.4.1 ਮੰਤਰੀ ਪਰਿਸ਼ਦ ਦਾ ਅਰਥ ਤੇ ਰਚਨਾ
2.4.2 ਮੰਤਰੀ ਪਰਿਸ਼ਦ ਦੀ ਨਿਯੁਕਤੀ ਲਈ ਸ਼ਰਤਾਂ
2.4.3 ਮੰਤਰੀ ਪਰਿਸ਼ਦ ਦੀ ਬਣਨ ਲਈ ਅਲਗ-2 ਸਿਧਾਂਤ
2.4.4 ਪ੍ਰਧਾਨ ਮੰਤਰੀ ਦੀ ਇੱਛਾ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ
2.4.5 ਮੰਤਰੀਆਂ ਦੀਆਂ ਕਿਸਮਾਂ
2.4.6 ਮੰਤਰੀ ਪਰਿਸ਼ਦ ਤੇ ਮੰਤਰੀ ਮੰਡਲ ਵਿਚ ਅੰਤਰ
2.4.7 ਮਹਿਕਮਿਆਂ ਦੀ ਵੰਡ
2.4.8 ਕੇਂਦਰੀ ਮੰਤਰੀ ਮੰਡਲ ਦੀ ਕਾਰਜ ਪ੍ਰਣਾਲੀ
2.4.9 ਮੰਤਰੀ ਪਰਿਸ਼ਦ ਦੀ ਸਮੂਹਿਕ ਜ਼ਿੰਮੇਵਾਰੀ
2.4.10 ਮੰਤਰੀ ਪਰਿਸ਼ਦ ਦੇ ਕਾਰਜ ਅਤੇ ਸ਼ਕਤੀਆਂ
2.4.11 ਮੰਤਰੀ ਮੰਡਲ ਦੀ ਸਥਿਤੀ
2.4.12 ਮੰਤਰੀ ਪਰਿਸ਼ਦ ਅਤੇ ਪ੍ਰਧਾਨ ਮੰਤਰੀ ਵਿਚ ਸੰਬੰਧ
2.4.13 ਮੰਤਰੀ ਪਰਿਸ਼ਦ ਅਤੇ ਰਾਸ਼ਟਰਪਤੀ ਵਿਚ ਸੰਬੰਧ
2.4.14 ਨਿਚੋੜ
2.4.15 ਸਵੈ ਅਭਿਆਸ ਲਈ ਪ੍ਰਸ਼ਨ
2.4.16 ਸੁਝਾਈਆਂ ਗਈਆਂ ਪੁਸਤਕਾਂ

2.4.0 ਪਾਠ ਦੀ ਭੂਮਿਕਾ

ਸੰਘੀ ਸਰਕਾਰ ਦੀਆਂ ਸਮੁੱਚੀਆ ਕਾਰਜਕਾਰੀਆਂ ਸ਼ਕਤੀਆਂ ਰਾਸ਼ਟਰਪਤੀ ਨੂੰ ਸੌਂਪੀਆਂ ਗਈਆਂ ਹਨ। ਜਿਨ੍ਹਾਂ ਦੀ ਵਰਤੋਂ ਜਾਂ ਤਾਂ ਉਹ ਆਪ ਜਾਂ ਆਪਣੇ ਅਧੀਨ ਅਧਿਕਾਰੀਆਂ ਦੁਆਰਾ ਕਰਦਾ ਹੈ। ਅਸਲ ਵਿਚ ਉਹ ਇਨ੍ਹਾਂ ਸ਼ਕਤੀਆਂ ਦੀ ਵਰਤੋਂ ਅਤੇ ਆਪਣੇ ਕਾਰਜਾਂ ਦਾ ਨਿਪਟਾਰਾ ਸੰਘੀ ਮੰਤਰੀ ਪਰਿਸ਼ਦ ਦੀ ਸਲਾਹ ਨਾਲ ਹੀ ਕਰਦਾ ਹੈ।

1. ਮੰਤਰੀ ਪਰਿਸ਼ਦ ਦੀ ਰਚਨਾ (Formation of Council of Ministers)

ਭਾਰਤੀ ਸੰਵਿਧਾਨ ਦੇ ਅਨੁਛੇਦ 74 (i) ਰਾਸ਼ਟਰਪਤੀ ਨੂੰ ਉਸ ਦੇ ਕੰਮਾਂ ਵਿਚ ਸਲਾਹ ਦੇਣ ਲਈ ਸੰਘੀ ਮੰਤਰੀ ਪਰਿਸ਼ਦ ਦੀ ਵਿਵਸਥਾ ਕੀਤੀ ਗਈ ਹੈ। ਸੰਵਿਧਾਨ ਦੀ 42 ਵੀਂ ਸੋਧ ਅਨੁਸਾਰ ਰਾਸ਼ਟਰਪਤੀ ਇਸ ਸਲਾਹ ਨੂੰ ਮੰਨਣ ਲਈ ਬਾਧਕ ਹੈ। ਅਨੁਛੇਦ 75ਵੀਂ ਪਰਿਸ਼ਦ ਦੀ ਰਚਨਾ ਦੀ ਵਿਵਸਥਾ ਕਰਦਾ ਹੈ। ਇਸ ਅਨੁਛੇਦ

ਵਿਚ ਇਹ ਅੰਕਿਤ ਹੈ ਕਿ ਪ੍ਰਧਾਨ ਮੰਤਰੀ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਕੀਤੀ ਜਾਵੇਗੀ ਅਤੇ ਬਾਕੀ ਮੰਤਰੀਆਂ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਪ੍ਰਧਾਨ ਮੰਤਰੀ ਦੀ ਸਲਾਹ ਨਾਲ ਕੀਤੀ ਜਾਵੇਗੀ। ਅਸਲ ਵਿਚ ਮੰਤਰੀਆਂ ਦੀ ਨਿਯੁਕਤੀ ਦੋ ਪੱਧਰਾਂ ਤੇ ਵਾਪਰਨ ਵਾਲੀ ਪ੍ਰਕ੍ਰਿਆ ਹੈ।

ਮੰਤਰੀ ਪਰਿਸ਼ਦ ਦੀ ਰਚਨਾ ਵਿਚ ਪਹਿਲਾ ਕਦਮ ਪ੍ਰਧਾਨ ਮੰਤਰੀ ਨਿਯੁਕਤੀ ਹੈ। ਪ੍ਰਧਾਨ ਮੰਤਰੀ ਹਮੇਸ਼ਾ ਉਸ ਵਿਅਕਤੀ ਨੂੰ ਨਿਯੁਕਤ ਕੀਤਾ ਜਾਂਦਾ ਹੈ। ਜਿਸ ਨੂੰ ਲੋਕ ਸਭਾ ਵਿਚ ਬਹੁਮਤ ਪ੍ਰਾਪਤ ਹੋਵੇ ਅਤੇ ਪਾਰਟੀ ਉਸ ਨੂੰ ਨੇਤਾ ਮੰਨਦੀ ਹੋਵੇ। ਲੋਕ ਸਭਾ ਵਿਚ ਬਹੁਮਤ ਵਾਲੀ ਪਾਰਟੀ ਇਕ ਇਜਲਾਸ ਦੁਆਰਾ ਆਪਣਾ ਨੇਤਾ ਚੁਣਦੀ ਹੈ ਜਿਸ ਦਾ ਨਾਂ ਰਾਸ਼ਟਰਪਤੀ ਕੋਲ ਭੇਜਿਆ ਜਾਂਦਾ ਹੈ ਅਤੇ ਉਹ ਉਸ ਨੂੰ ਰਸਮੀ ਤੌਰ ਤੇ ਸਰਕਾਰ ਬਣਾਉਣ ਲਈ ਸੱਦਾ ਦਿੰਦਾ ਹੈ। ਇੱਥੇ ਇਹ ਗੱਲ ਵਰਣਨ ਯੋਗ ਹੈ ਕਿ ਜਵਾਹਰ ਲਾਲ ਨਹਿਰੂ, ਲਾਲ ਬਹਾਦਰ ਸ਼ਾਸਤਰੀ, ਸ੍ਰੀ ਮੁਰਾਰਜੀ ਦੇਸਾਈ ਸਭ ਹੀ ਲੋਕ ਸਭਾ ਵਿਚ ਬਹੁਮਤ ਪਾਰਟੀ ਦੇ ਨੇਤਾ ਵਜੋਂ ਮੰਤਰੀ ਨਿਯੁਕਤ ਕੀਤੇ ਗਏ ਸਨ। ਪ੍ਰਧਾਨ ਮੰਤਰੀ ਦੀ ਨਿਯੁਕਤੀ ਸੰਬੰਧੀ ਇਕ ਗੱਲ ਧਿਆਨ ਵਿਚ ਰੱਖਣ ਯੋਗ ਇਹ ਹੈ ਕਿ ਰਾਸ਼ਟਰਪਤੀ ਉਸ ਦੀ ਨਿਯੁਕਤੀ ਵਿਚ ਉਸ ਸਮੇਂ ਆਪਣੀ ਮਨਮਰਜੀ ਕਰ ਸਕਦਾ ਹੈ। ਜਦੋਂ ਕਿਸੇ ਵੀ ਰਾਜਨੀਤਿਕ ਦਲ ਨੂੰ ਲੋਕ ਸਭਾ ਵਿਚ ਬਹੁਮਤ ਪ੍ਰਾਪਤ ਨਾ ਹੋਵੇ। ਅਜਿਹੀ ਸਥਿਤੀ *1979* ਵਿਚ ਜਨਤਾ ਪਾਰਟੀ ਵਿਚ ਫੁੱਟ ਵਜੋਂ ਉਤਪੰਨ ਹੋਈ ਜਦੋਂ *15* ਜੁਲਾਈ *1979* ਨੂੰ ਮੁਰਾਰ ਜੀ ਦੇਸਾਈ ਨੇ ਬਹੁਮਤ ਖੋਏ ਜਾਣ ਤੇ ਆਪਣੇ ਮੰਤਰੀ ਮੰਡਲ ਦਾ ਅਸਤੀਫਾ ਦੇ ਦਿੱਤਾ। ਇਸ ਤੋਂ ਬਾਅਦ ਰਾਸ਼ਟਰਪਤੀ ਸੰਜੀਵਾ ਰੈਡੀ ਨੇ ਵਾਈ. ਬੀ ਚਵਾਨ ਨੂੰ ਵਿਰੋਧੀ ਦਲ ਦਾ ਨੇਤਾ ਹੋਣ ਵਜੋਂ ਸਰਕਾਰ ਬਣਾਉਣ ਲਈ ਸੱਦਾ ਦਿੱਤਾ। ਕਿਉਂਕਿ ਉਸ ਕੋਲ ਕੇਵਲ *74* ਮੈਂਬਰਾਂ ਦਾ ਸਮਰਥਨ ਸੀ ਉਸ ਨੇ ਰਾਸ਼ਟਰਪਤੀ ਨੂੰ ਮੰਤਰੀ ਮੰਡਲ ਬਣਾਉਣ ਲਈ ਅਸਮਰਥਾ ਜ਼ਾਹਿਰ ਕੀਤੀ। ਇਸ ਤੋਂ ਬਾਅਦ ਰਾਸ਼ਟਰਪਤੀ ਨੇ ਮੁਰਾਰਜੀ ਦੇਸਾਈ ਅਤੇ ਚਰਨ ਸਿੰਘ ਦੋਹਾਂ ਨੂੰ ਆਪਣੇ ਆਪਣੇ ਸਮਰਥਕਾਂ ਦੀ ਸੂਚੀ ਪੇਸ਼ ਕਰਨ ਲਈ ਕਿਹਾ ਤਾਂ ਜੋ ਵਿਰੋਧੀ ਦਾਅਵਿਆਂ ਦਾ ਨਿਪਟਾਰਾ ਕੀਤਾ ਜਾ ਸਕੇ। ਰਾਸ਼ਟਰਪਤੀ ਨੇ ਜਨਤਾ ਪਾਰਟੀ ਦੇ ਦਾਅਵੇ ਨੂੰ ਰੱਦ ਕਰ ਦਿੱਤਾ ਕਿ ਇਸ ਨੂੰ ਬਹੁਮਤ ਪਾਰਟੀ ਹੋਣ ਦੇ ਨਾਤੇ ਸੱਦਾ ਦਿੱਤਾ ਜਾਵੇ ਦੋਹਾਂ ਸੂਚੀਆਂ ਦੇ ਨਿਰੀਖਣ ਤੋਂ ਬਾਦ ਉਸ ਨੇ ਚਰਨ ਸਿੰਘ, ਨੂੰ ਜਿਸ ਨੂੰ ਜਨਤਾ ਪਾਰਟੀ ਦੇ *236* ਦੇ ਵਿਰੁੱਧ *262* ਮੈਂਬਰ ਦੀ ਹਮਾਇਤ ਪ੍ਰਾਪਤ ਸੀ, ਸਰਕਾਰ ਬਣਾਉਣ ਦਾ ਸੱਦਾ ਦਿੱਤਾ, ਦੂਜੇ ਸ਼ਬਦਾਂ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਇਹੋ ਜਿਹੇ ਮੌਕੇ ਰਾਸ਼ਟਰਪਤੀ ਦੀ ਇੱਛਾ ਤੇ ਨਿਰਭਰ ਕਰਦਾ ਹੈ ਕਿ ਉਹ ਕਿਸ ਨੂੰ ਮੌਕਾ ਦਿੰਦਾ ਹੈ। *1989* ਦੀਆਂ ਚੋਣਾ ਤੋਂ ਬਾਦ ਨੈਸ਼ਨਲ ਫਰੰਟ ਨੂੰ ਭਾਵੇਂ ਬਹੁਮਤ ਨਹੀਂ ਮਿਲਿਆ ਪਰੰਤੂ ਸਭ ਤੋਂ ਵੱਡੇ ਗਰੁੱਪ ਦੇ ਨਾਤੇ ਰਾਸ਼ਟਰਪਤੀ ਨੇ ਨੈਸ਼ਨਲ ਫਰੰਟ ਨੂੰ ਸਰਕਾਰ ਬਣਾਉਣ ਲਈ ਕਿਹਾ। ਵੀ.ਪੀ. ਸਿੰਘ ਨੈਸ਼ਨਲ ਫਰੰਟ ਦੇ ਲੀਡਰ ਬਣੇ ਅਤੇ ਪ੍ਰਧਾਨ ਮੰਤਰੀ ਨਿਯੁਕਤ ਹੋਏ। ਭਾਜਪਾ ਅਤੇ ਖੱਬੇ ਪੱਖੀ ਦਲਾਂ ਨੇ ਬਾਹਰੋਂ ਸਮਰਥਨ ਦਿੱਤਾ। *11* ਮਹੀਨੇ ਸਰਕਾਰ ਚਲਾਉਣ ਪਿਛੋਂ ਵੀ. ਪੀ. ਸਿੰਘ ਦੇ ਖਿਲਾਫ ਅਵਿਸ਼ਵਾਸ ਦਾ ਮਤਾ ਪਾਸ ਹੋਇਆ ਅਤੇ ਉਹਨਾਂ ਨੇ ਅਸਤੀਫਾ ਦਿੱਤਾ। ਇਕ ਵਾਰ ਫਿਰ ਲੋਕ ਸਭਾ ਵਿਚ ਕੋਈ ਵੀ ਦਲ ਸਰਕਾਰ ਬਣਾਉਣ ਦੀ ਸਥਿਤੀ ਵਿਚ ਨਹੀਂ ਸੀ। ਰਾਸ਼ਟਰਪਤੀ ਵੈਂਕਟਰਮਨ ਨੇ ਪਹਿਲਾ ਕਾਂਗਰਸ ਆਈ (ਜੋ ਉਸ ਵੇਲੇ ਸਭ ਤੋਂ ਵੱਡੀ ਪਾਰਟੀ ਸੀ) ਦੇ ਨੇਤਾ ਰਾਜੀਵ ਗਾਂਧੀ ਨੂੰ ਸਰਕਾਰ ਬਣਾਉਣ ਲਈ ਕਿਹਾ ਪਰੰਤੂ ਸਪੱਸ਼ਟ ਬਹੁਮਤ ਤੋਂ ਬਿਨ੍ਹਾਂ ਰਾਜੀਵ ਗਾਂਧੀ ਨੇ ਸਰਕਾਰ ਬਣਾਉਣ ਦੇ ਸੱਦੇ ਨੂੰ ਪ੍ਰਵਾਨ ਨਹੀਂ ਕੀਤਾ ਅਤੇ ਜਨਤਾ ਦਲ ਵਿਚੋਂ ਵੱਖ ਹੋਏ ਜਨਤਾ ਦਲ (ਸਮਾਜਵਾਦੀ) S.J.D. ਦੇ ਨੇਤਾ ਚੰਦਰ ਸ਼ੇਖਰ ਨੂੰ ਸਮਰਥਨ ਦੇਣਾ ਸਵੀਕਾਰ ਕੀਤਾ। ਸੋ ਰਾਸ਼ਟਰਪਤੀ ਨੇ ਚੰਦਰ ਸ਼ੇਖਰ, ਜਿਨ੍ਹਾਂ ਦੇ ਆਪਣੇ ਦਲ ਦੇ ਕੇਵਲ *57* ਸੰਸਦ ਹੀ ਸਨ, ਪ੍ਰਧਾਨ ਮੰਤਰੀ ਨਿਯੁਕਤ ਕੀਤਾ। ਰਾਸ਼ਟਰਪਤੀ ਨੇ ਉਹਨਾਂ ਨੂੰ ਇਕ ਮਹੀਨੇ ਦੇ ਅੰਦਰ ਬਹੁਮਤ ਸਿੱਧ ਕਰਨ ਲਈ ਕਿਹਾ। ਮਈ *1996* ਦੀਆਂ ਚੋਣਾਂ ਰਾਹੀਂ ਵੀ ਇਹੋ ਜਿਹੀ ਸਥਿਤੀ ਹੀ ਉਤਪੰਨ ਹੋਈ ਜਿਸ ਅਧੀਨ ਰਾਸ਼ਟਰਪਤੀ ਨੂੰ ਆਪਣੀ ਮਰਜ਼ੀ ਕਰਨ ਦਾ ਮੌਕਾ ਮਿਲਿਆ ਉਸ ਨੇ ਪਹਿਲਾਂ ਸਦਨ ਵਿਚਲੀ ਸਭ ਤੋਂ ਵੱਡੀ ਪਾਰਟੀ ਭਾਜਪਾ ਨੂੰ ਆਪਣੇ ਸਮਰਥਕਾਂ ਸਹਿਤ ਸਰਕਾਰ ਬਣਾਉਣ ਦਾ ਮੌਕਾ ਦਿੱਤਾ ਤੇ ਫਿਰ *13* ਦਿਨਾਂ ਦੀ ਸਰਕਾਰ ਤੋਂ ਬਾਅਦ ਜਦੋਂ ਭਾਜਪਾ ਸਦਨ ਵਿਚ ਵਿਸ਼ਵਾਸ ਮੱਤ ਪ੍ਰਾਪਤ ਕਰਨ ਵਿਚ ਅਸਫਲ ਰਹੀ ਤਾਂ ਉਸ ਨੇ ਯੂਨਾਈਟਿਡ ਫਰੰਟ (*13* ਪਾਰਟੀਆਂ ਦਾ) ਨੂੰ ਸਰਕਾਰ ਬਣਾਉਣ ਲਈ

ਬੁਲਾਇਆ । 1998 ਦੀਆਂ ਚੋਣਾਂ ਬਾਅਦ ਵੀ ਲਗਭਗ ਵੈਸੀ ਹੀ ਸਥਿਤੀ ਸਾਮਣੇ ਆਈ ਅਤੇ ਰਾਸ਼ਟਰਪਤੀ ਨੇ ਸਭ ਤੋਂ ਵੱਡੀ ਪਾਰਟੀ ਭਾਵ ਭਾਜਪਾ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੱਤਾ । ਪਰੰਤੂ 13 ਮਹੀਨੇ ਬਾਅਦ ਇਸ ਸਰਕਾਰ ਨੂੰ ਇਕ ਵੋਟ ਦੀ ਕਮੀ ਨਾਲ ਜਾਣਾ ਪਿਆ । 1999 ਦੀਆਂ ਚੋਣਾਂ ਵਿਚ ਫਿਰ ਵਾਜਪਾਈ NDA ਦੇ ਲੀਡਰ ਵਜੋਂ ਪ੍ਰਧਾਨ ਮੰਤਰੀ ਨਿਯੁਕਤ ਹੋਏ । 2004 ਦੀ ਲੋਕ ਸਭਾ ਚੋਣਾਂ ਵਿਚ ਕਾਂਗਰਸ ਨੇ UPA ਬਣਾਕੇ ਸਰਕਾਰ ਬਣਾਈ ਤੇ ਸ. ਮਨਮੋਹਨ ਸਿੰਘ ਪ੍ਰਧਾਨ ਮੰਤਰੀ ਬਣੇ । 2009 ਵਿੱਚ ਵੀ UPA ਨੇ ਸਰਕਾਰ ਬਣਾਈ ।

1.1.1. ਮੰਤਰੀ ਪਰਿਸ਼ਦ ਦੀ ਰਚਨਾ ਦੇ ਦੂਜੇ ਪੜਾਅ ਵਿਚ ਰਾਸ਼ਟਰਪਤੀ, ਪ੍ਰਧਾਨ ਮੰਤਰੀ ਨੂੰ ਮੰਤਰੀ ਪਰਿਸ਼ਦ ਦੇ ਗਠਨ ਲਈ ਸੱਦਾ ਦਿੰਦਾ ਹੈ ਪ੍ਰਧਾਨ ਮੰਤਰੀ ਆਪਣੇ ਪਾਰਟੀ ਦੈ ਮੈਂਬਰਾਂ ਵਿਚੋਂ ਵੱਖ ਵੱਖ ਪ੍ਰਕਾਰ ਦੇ ਮੰਤਰੀ ਚੁਣ ਕੇ ਉਨ੍ਹਾਂ ਦੀ ਸੂਚੀ ਰਾਸ਼ਟਰਪਤੀ ਕੋਲ ਭੇਜਦਾ ਹੈ ਜੋ ਫਿਰ ਉਨ੍ਹਾਂ ਪਾਰਟੀਆਂ ਵਜੋਂ ਨਿਯੁਕਤ ਕਰਦਾ ਹੈ । ਭਾਵੇਂ ਸੰਵਿਧਾਨ ਕੁੱਝ ਨਹੀਂ ਕਹਿੰਦਾ, ਪਰ ਇਹ ਸਚਾਈ ਹੈ ਕਿ ਪ੍ਰਧਾਨ ਮੰਤਰੀ ਅਤੇ ਮੰਤਰੀਆਂ ਦੀ ਸਾਰੀ ਚੋਣ ਪ੍ਰਕ੍ਰਿਆ ਵਿਚ ਰਾਸ਼ਟਰਪਤੀ ਦੀ ਕੋਈ ਮਨਮਰਜ਼ੀ ਨਹੀਂ ਚਲ ਸਕਦੀ, ਪ੍ਰਥਾ ਇਹ ਹੈ ਕਿ ਉਹ ਲੋਕ ਸਭਾ ਵਿਚ ਬਹੁਮਤ ਪਾਰਟੀ ਦੇ ਨੇਤਾ ਨੂੰ ਹੀ ਪ੍ਰਧਾਨ ਮੰਤਰੀ ਨਿਯੁਕਤ ਕਰਦਾ ਅਤੇ ਉਸ ਦੇ ਕਹਿਣ ਤੇ ਬਾਕੀ ਮੰਤਰੀਆਂ ਦੀ ਨਿਯੁਕਤੀ ਕਰਦਾ ਹੈ । ਪਰੰਤੂ ਪ੍ਰਧਾਨ ਮੰਤਰੀ ਰਾਜਸਭਾ ਦੇ ਮੈਂਬਰ ਵੀ ਹੋ ਸਕਦਾ ਹੈ । ਲਾਲ ਬਹਾਦਰ ਸ਼ਾਸਤਰੀ ਦੀ ਮੌਤ ਤੋਂ ਬਾਅਦ ਜਦੋਂ ਸ੍ਰੀਮਤੀ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਬਣੇ ਉਦੋਂ ਉਹ ਰਾਜ ਸਭਾ ਦੀ ਮੈਂਬਰ ਹੀ ਸਨ ਪਰੰਤੂ ਬਾਅਦ ਵਿਚ ਉਹਨਾਂ ਨੇ ਲੋਕ ਸਭਾ ਦੀ ਚੋਣ ਲੜੀ । 1996 ਦੀਆਂ ਚੋਣਾਂ ਤੋਂ ਬਾਅਦ ਦੀ ਸਰਕਾਰ ਵਿਚ ਪਹਿਲਾਂ ਦੇਵਗੌੜਾ ਅਤੇ ਬਾਅਦ ਵਿਚ ਆਈ. ਕੇ. ਗੁਜਰਾਲ ਪ੍ਰਧਾਨ ਮੰਤਰੀ ਬਣੇ ਰਾਸ਼ਟਰਪਤੀ ਨੂੰ ਇਸ ਪ੍ਰਥਾ ਦੇ ਅਨੁਸਾਰ ਹੀ ਚਲਨਾ ਚਾਹੀਦਾ ਹੈ । ਇਸ ਦੀ ਉਲੰਘਣਾ ਨਹੀਂ ਕਰਨੀ ਚਾਹੀਦੀ । ਅਜੇ ਤੱਕ ਰਾਸ਼ਟਰਪਤੀ ਇਸ ਪ੍ਰਥਾ ਦੇ ਅਨੁਸਾਰ ਹੀ ਆਪਣੀ ਸ਼ਕਤੀ ਦੀ ਵਰਤੋਂ ਕਰਦੇ ਰਹੇ ਹਨ ।

2.4.2 ਮੰਤਰੀ ਪਰਿਸ਼ਦ ਵਿਚ ਨਿਯੁਕਤੀ ਲਈ ਸ਼ਰਤਾਂ (Conditions for appointment to the Council of Ministers)

1.1 ਸਵਿਧਾਨ ਦੇ ਅਨੁਸਾਰ, ਆਮ ਤੌਰ ਤੇ ਸੰਸਦ ਦੇ ਮੈਂਬਰ ਹੀ ਮੰਤਰੀ ਨਿਯੁਕਤ ਕੀਤੇ ਜਾਂਦੇ ਹਨ । ਪ੍ਰਥਾ ਇਹ ਹੈ ਕਿ ਸਿਰਫ ਕੁੱਝ ਮੰਤਰੀ ਰਾਜ ਸਭਾ ਵਿਚੋਂ ਲਏ ਜਾਂਦੇ ਹਨ ਅਤੇ ਜ਼ਿਆਦਾਤਰ ਮੰਤਰੀ ਲੋਕ ਸਭਾ ਵਿਚੋਂ ਹੀ ਨਿਯੁਕਤ ਕੀਤੇ ਜਾਂਦੇ ਹਨ । ਲੋਕ ਸਭਾ ਰਾਜਨੀਤਿਕ ਤੇ ਲੋਕਤੰਤਰੀ ਸਰਗਰਮੀਆਂ ਦਾ ਕੇਂਦਰ ਹੈ ਅਤੇ ਲੋਕ ਦੁਆਰਾ ਸਿੱਧੇ ਰੂਪ ਵਿਚ ਚੁਣੇ ਜਾਣ ਕਾਰਣ ਉਸ ਨੂੰ ਲੋਕਾਂ ਦੀ ਅਸਲੀ ਪ੍ਰਤੀਨਿਧ ਕਿਹਾ ਜਾਂਦਾ ਹੈ । ਇਸ ਤੋਂ ਇਲਾਵਾ ਇਹ ਵੀ ਧਿਆਨ ਵਿਚ ਰੱਖਣ ਵਾਲੀ ਗੱਲ ਹੈ ਕਿ ਮੰਤਰੀ ਲੋਕ ਸਭਾ ਪ੍ਰਤੀ ਉੱਤਰਦਾਈ ਹਨ, ਰਾਜ ਸਭਾ ਪ੍ਰਤੀ ਨਹੀਂ ।

1.2. ਭਾਰਤੀ ਸੰਵਿਧਾਨ ਅਨੁਸਾਰ ਕੋਈ ਵੀ ਵਿਅਕਤੀ 6 ਮਹੀਨੇ ਲਈ ਮੰਤਰੀ ਨਿਯੁਕਤ ਕੀਤਾ ਜਾ ਸਕਦਾ ਹੈ ਜੋ ਕਿ ਸੰਸਦ ਦਾ ਮੈਂਬਰ ਨਾ ਹੋਵੇ । ਪਰ ਉਸ ਵਿਅਕਤੀ ਨੂੰ ਇਹ ਸਮਾਂ ਖ਼ਤਮ ਹੋਣ ਤੋਂ ਪਹਿਲਾਂ ਸੰਸਦ ਦੇ ਕਿਸੇ ਸਦਨ ਦਾ ਮੈਂਬਰ ਬਣਨਾ ਪੈਂਦਾ ਹੈ ਨਹੀਂ ਤਾਂ ਉਹ ਮੰਤਰੀ ਪਦ ਤੇ ਨਹੀਂ ਰਹਿ ਸਕਦਾ । ਇਹ ਪ੍ਰਥਾ ਹੋਰ ਦੇਸ਼ਾਂ ਜਿਵੇਂ ਇੰਗਲੈਂਡ ਆਦਿ ਵਿਚ, ਜਿਥੇ ਕਿ ਸੰਸਦੀ ਪ੍ਰਣਾਲੀ ਹੈ, ਪ੍ਰਚਲਿਤ ਨਹੀਂ । 1991 ਜੂਨ ਵਿਚ ਹੋਈਆਂ ਚੋਣਾਂ ਤੋਂ ਬਾਅਦ ਬਣੇ ਸੰਘੀ ਮੰਤਰੀ ਪਰਿਸ਼ਦ ਵਿਚ ਪ੍ਰਧਾਨ ਮੰਤਰੀ ਸਮੇਤ ਤਿੰਨ ਮੰਤਰੀ (ਵਿੱਤ ਮੰਤਰੀ ਮਨਮੋਹਨ ਸਿੰਘ ਅਤੇ ਰੱਖਿਆ ਮੰਤਰੀ ਸ਼ਰਦ ਪਵਾਰ) ਮੰਤਰੀ ਪਰਿਸ਼ਦ ਵਿਚ ਸ਼ਾਮਿਲ ਹੋਣ ਦੇ ਸਮੇਂ ਸੰਸਦ ਦੇ ਮੈਂਬਰ ਨਹੀਂ ਸਨ । ਨਰਸਿੰਮਹਾ ਰਾਓ ਅਤੇ ਸ਼ਰਦ ਪਵਾਰ ਨੇ ਲੋਕ ਸਭਾ ਦੀਆਂ ਉਪ-ਚੋਣਾਂ ਲੜ ਕੇ ਲੋਕ ਸਭਾ ਦੀ ਮੈਂਬਰਸ਼ਿਪ ਲਈ ਜਦੋਂ ਕਿ ਮਨਮੋਹਨ ਸਿੰਘ ਨੂੰ ਰਾਜ ਸਭਾ ਦਾ ਮੈਂਬਰ ਨਾਮਜ਼ਦ ਕੀਤਾ ਗਿਆ । ਦੇਵਗੌੜਾ ਵੀ ਪ੍ਰਧਾਨ ਮੰਤਰੀ ਨਿਯੁਕਤੀ ਤੋਂ ਕੁਝ ਮਹੀਨੇ ਬਾਅਦ ਸਿਤੰਬਰ 1996 ਵਿਚ ਕਰਨਾਟਕਾ ਅਸੈਂਬਲੀ ਤੋਂ ਨਿਰਵਿਰੋਧ ਚੁਣੇ ਜਾਣ ਤੋਂ ਬਾਅਦ ਹੀ ਰਾਜ ਸਭਾ ਦੇ ਮੈਂਬਰ ਬਣੇ । ਇਸ ਤੋਂ ਪਹਿਲਾਂ ਉਹ ਕਰਨਾਟਕ ਦੇ ਮੁੱਖ ਮੰਤਰੀ ਸਨ ਭਾਵ ਉਥੋਂ ਹੀ ਅਸੈਂਬਲੀ ਦੇ ਇਕ ਮੈਂਬਰ ।

2.4.3 ਮੰਤਰੀ ਪਰਿਸ਼ਦ ਦੇ ਬਣਨ ਲਈ ਅਲਗ-2 ਸਿਧਾਂਤ

ਸਿਧਾਂਤਕ ਤੌਰ ਤੇ ਸਾਰੇ ਮੰਤਰੀ ਹਮੇਸ਼ਾ ਬਹੁਮਤ ਪਾਰਟੀ ਵਿਚੋਂ ਹੋਣੇ ਚਾਹੀਦੇ ਹਨ । ਇਹ ਮੰਤਰੀ ਪਰਿਸ਼ਦ ਦੀ ਏਕਤਾ ਅਤੇ ਇਕਸੁਰਤਾ ਤੇ ਕਾਰਜ-ਕੁਸ਼ਲਤਾ ਅਤੇ ਉਚਿਤ ਅਨੁਸ਼ਾਸਨ ਲਈ ਜ਼ਰੂਰੀ ਹੈ । ਪੰਡਿਤ ਨਹਿਰੂ ਨੇ ਆਪਣੀ ਪਹਿਲੀ ਮੰਤਰੀ ਪਰਿਸ਼ਦ ਵਿਚ 5 ਮੰਤਰੀ ਗੈਰ-ਕਾਂਗਰਸੀ ਪਾਰਟੀਆਂ ਵਿਚੋਂ ਲਏ ਪਰੰਤੂ ਇਹ ਤਜਰਬਾ (Experiment) ਅਸਫਲ ਰਿਹਾ ਅਤੇ ਮੰਤਰੀ ਪਰਿਸ਼ਦ ਦੀ ਕਾਰਜ-ਕੁਸ਼ਲਤਾ ਨੂੰ ਅੰਦਰੂਨੀ ਫੁੱਟ ਕਾਰਨ ਬਹੁਤ ਧੱਕਾ ਲੱਗਾ । ਇਸ ਤੋਂ ਪਿਛੋਂ ਇਹ ਪ੍ਰਥਾ ਬਣ ਗਈ ਅਤੇ ਸਾਰੇ ਮੰਤਰੀ ਸੰਸਦ ਵਿਚ ਬਹੁਮਤ ਪਾਰਟੀ ਵਿਚੋਂ ਹੀ ਲਏ ਜਾਂਦੇ ਹਨ । ਜੇ ਮਿਲੀ ਜੁਲੀ ਸਰਕਾਰ ਹੋਵੇ ਤਾਂ ਮੰਤਰੀ ਵੱਖ ਵੱਖ ਸਹਿਯੋਗੀ ਦਲਾਂ ਵਿਚੋਂ ਹੋ ਸਕਦੇ ਹਨ । ਪਰੰਤੂ ਅਕਸਰ ਦੇਖਿਆ ਗਿਆ ਹੈ ਕਿ ਇਸ ਤਰ੍ਹਾਂ ਮੰਤਰੀ ਮੰਡਲ ਬਹੁਤੀ ਦੇਰ ਨਹੀਂ ਚਲ ਸਕਦਾ । 1998 ਵਿਚ ਬਣੀ ਭਾਜਪਾ ਸਰਕਾਰ ਆਪਣੇ 18 ਸਹਿਯੋਗੀ ਦਲਾਂ ਦਾ ਸਮਰਥਨ ਨਾਲ ਚਲ ਜ਼ਰੂਰ ਰਹੀ ਸੀ ਪਰੰਤੂ ਮੰਤਰੀ ਪਰਿਸ਼ਦ ਬਣਾਉਣ ਦੇ ਮਸਲੇ ਤੋਂ ਲੈ ਕੇ ਲਗਭਗ ਸਾਰੇ ਮਸਲਿਆਂ ਉਤੇ ਅਕਸਰ ਪ੍ਰਧਾਨ ਮੰਤਰੀ ਨੂੰ ਸਹਿਯੋਗੀ ਦਲਾਂ ਦੇ ਪ੍ਰਭਾਵ ਹੇਠ ਆਉਣਾ ਪੈਂਦਾ ਸੀ । ਅਤੇ ਅੰਤ ਵਿਚ AIADMK ਵਲੋਂ ਸਮਰਥਨ ਵਾਪਿਸ ਲੈਣ ਉੱਤੇ ਵਾਜਪਾਈ ਸਰਕਾਰ ਅਲਪ ਮਤ ਵਿਚ ਆ ਗਈ । 1999 ਸਰਕਾਰ ਵੀ ਇਕ ਮਿਲੀ ਜੁਲੀ ਸਰਕਾਰ ਸੀ । 2004 ਦੀ ਚੋਣਾਂ ਵਿਚ ਸਰਕਾਰ ਕਾਂਗਰਸ ਨੇ UPA ਨਾਲ ਬਣਾਈ ਤੇ ਪਾਰਟੀਆਂ ਦੀ ਗਿਣਤੀ 15 ਸੀ । ਕਮੁਨਿਸਟ ਪਾਰਟੀਆਂ ਬਾਹਰੋ ਸਮਰਥਨ ਕਰ ਰਹੀਆਂ ਸਨ । 2009 ਦੀਆਂ ਚੋਣਾਂ ਵਿਚ ਫੇਰ ਕਾਂਗਰਸ ਨੇ UPA ਨਾਲ ਸਰਕਾਰ ਬਣਾਈ ਜਿਸ ਵਿਚ ਹੋਰ 5 ਪਾਰਟੀਆਂ ਸਨ ।

2.4.4 ਪ੍ਰਧਾਨ ਮੰਤਰੀ ਦੀ ਇੱਛਾ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ (Factors influencing Prime Minister's Choice)

ਭਾਵੇਂ ਸਿਧਾਂਤਕ ਰੂਪ ਵਿਚ ਪ੍ਰਧਾਨ ਮੰਤਰੀ ਆਪਣੇ ਮੰਤਰੀਆਂ ਨੂੰ ਚੁਣਨ ਵਿਚ ਪੂਰਨ ਤੌਰ ਤੇ ਆਜ਼ਾਦ ਹੈ, ਪਰੰਤੂ ਵਿਵਹਾਰਕ ਤੌਰ ਤੇ ਉਸ ਉਤੇ ਕੁਝ ਬੰਦਸ਼ਾਂ ਹਨ ਜਿਨ੍ਹਾਂ ਦਾ ਉਸ ਨੂੰ ਧਿਆਨ ਰੱਖਣਾ ਪੈਂਦਾ ਹੈ ।

1.4.1 ਪਹਿਲੇ ਉਸ ਨੂੰ ਆਪਣੀ ਪਾਰਟੀ ਜਾਂ ਜਿਨ੍ਹਾਂ ਪਾਰਟੀਆਂ ਨੇ ਉਸ ਨੂੰ ਪ੍ਰਧਾਨ ਮੰਤਰੀ ਚੁਣਿਆ ਹੈ ਦੇ ਸੀਨੀਅਰ ਮੈਂਬਰਾਂ ਨੂੰ ਮੰਤਰੀ ਪਰਿਸ਼ਦ ਵਿਚ ਪ੍ਰਤੀਨਿਧਤਾ ਦੇਣੀ ਪੈਂਦੀ ਹੈ । ਜੇਕਰ ਉਹ ਅਜਿਹਾ ਨਹੀਂ ਕਰਦਾ ਤਾਂ ਉਸ ਦੇ ਮੰਤਰੀ ਮੰਡਲ ਤੇ ਇਸ ਦਾ ਮਾੜਾ ਪ੍ਰਭਾਵ ਪੈ ਸਕਦਾ ਹੈ । ਅਜਿਹਾ ਕਰਨ ਤੇ ਉਹ ਪ੍ਰਧਾਨ ਮੰਤਰੀ ਦਾ ਸਾਥ ਨਹੀਂ ਦੇਣਗੇ । ਮਿਲੀ ਜੁਲੀ ਸਰਕਾਰ ਵਿਚ ਸਹਿਯੋਗੀ ਦਲਾਂ ਦਾ ਪ੍ਰਭਾਵ ਮਹੱਤਵਪੂਰਣ ਹੁੰਦਾ ਹੈ ।

1.4.2 ਦੂਜੇ, ਉਸ ਨੂੰ ਇਹ ਵੀ ਧਿਆਨ ਵਿਚ ਰੱਖਣਾ ਪੈਂਦਾ ਹੈ ਕਿ ਮੰਤਰੀ ਪਰਿਸ਼ਦ ਵਿਚ ਸਾਰੇ ਰਾਜਾਂ ਅਤੇ ਕੇਂਦਰੀ ਪ੍ਰਦੇਸ਼ਾਂ ਨੂੰ ਪ੍ਰਤੀਨਿਧਤਾ ਮਿਲੇ ।

1.4.3 ਤੀਜੇ, ਉਸ ਨੂੰ ਇਸ ਗੱਲ ਦਾ ਵੀ ਧਿਆਨ ਰੱਖਣਾ ਪੈਂਦਾ ਹੈ ਕਿ ਅਨੁਸੂਚਿਤ ਜਾਤੀਆਂ ਪਛੜੀਆਂ ਜਾਤੀਆਂ ਅਤੇ ਘੱਟ ਗਿਣਤੀਆਂ ਨੂੰ ਵੀ ਮੰਤਰੀ ਪਰਿਸ਼ਦ ਵਿਚ ਉਚਿਤ ਪ੍ਰਤੀਨਿਧਤਾ ਮਿਲੇ ।

2.4.5 ਮੰਤਰੀਆਂ ਦੀਆਂ ਕਿਸਮਾਂ (Categories of ministers)

ਸੰਵਿਧਾਨ ਕੇਵਲ ਪਰਿਸ਼ਦ ਦੀ ਵਿਵਸਥਾ ਕਰਦਾ ਹੈ ਅਤੇ ਇਸ ਵਿਚ ਮੰਤਰੀਆਂ ਦੇ ਭਿੰਨ ਭਿੰਨ ਪ੍ਰਕਾਰ ਦਾ ਕੋਈ ਜ਼ਿਕਰ ਨਹੀਂ । ਫਿਰ ਵੀ ਮੁੱਢ ਤੋਂ ਹੀ ਕੇਂਦਰੀ ਮੰਤਰੀ ਪਰਿਸ਼ਦ ਵਿਚ ਤਿੰਨ ਪ੍ਰਕਾਰ ਦੇ ਮੰਤਰੀ ਰਹੇ ਹਨ ਜਿਵੇਂ ਕਿ ਕੈਬਨਿਟ ਮੰਤਰੀ, ਰਾਜ ਮੰਤਰੀ, ਉਪ-ਮੰਤਰੀ । ਮੰਤਰੀ ਪਰਿਸ਼ਦ ਵਿਚ ਵੱਖ ਵੱਖ ਪ੍ਰਕਾਰ ਦੇ ਕਿੰਨੇ ਮੰਤਰੀ ਹੋਣਗੇ ਇਹ ਪ੍ਰਧਾਨ ਮੰਤਰੀ ਦੀ ਹੀ ਇੱਛਾ ਤੇ ਨਿਰਭਰ ਹੈ । ਸਮੇਂ-ਸਮੇਂ ਤੇ ਮੰਤਰੀਆਂ ਦੀ ਗਿਣਤੀ ਪ੍ਰਧਾਨ ਮੰਤਰੀ ਦੀ ਇੱਛਾ ਦੇ ਅਨੁਸਾਰ ਬਦਲਦੀ ਰਹਿੰਦੀ ਸੀ ਪ੍ਰੰਤੂ 2003 ਵਿਚ ਸਵਿੰਧਾਨ ਦੀ 91ਵੀ ਸੋਧ ਰਹੀ ਮੰਤਰੀ ਪਰਿਸ਼ਾਦ ਦੀ ਗਿਣਤੀ ਪ੍ਰਧਾਨ ਮੰਤਰੀ ਸਮੇਤ ਕਿਸੇ ਵੀ ਹਾਲਤ ਵਿਚ ਲੋਕ ਸਭਾ ਦੇ ਕੁਝ ਮੈਬਰਾਂ ਦੇ 15% ਤੇ ਵੱਧ ਨਹੀ ਹੋ ਸਕਦੀ ।

1.5.1 ਕੈਬਨਿਟ ਮੰਤਰੀ ਸਭ ਤੋਂ ਸ੍ਰੇਸ਼ਟ ਮੰਤਰੀ ਹੁੰਦੇ ਹਨ । ਇਹ ਮੰਤਰੀ ਸਰਕਾਰ ਦੇ ਵੱਖ ਵੱਖ ਮਹੱਤਵਪੂਰਨ ਪ੍ਰਸ਼ਾਸਕੀ ਵਿਭਾਗਾਂ ਦੇ ਮੁੱਖੀ ਹੁੰਦੇ ਹਨ । ਸਰਕਾਰ ਦੀ ਨੀਤੀ ਦਾ ਨਿਰਮਾਣ ਕਰਨਾ ਅਤੇ ਹੋਰ ਮਹੱਤਵਪੂਰਨ ਫੈਸਲੇ ਲੈਣੇ ਇਨ੍ਹਾਂ ਦਾ ਮੁੱਖ ਕੰਮ ਹੈ । ਮੰਤਰੀ ਪਰਿਸ਼ਦ ਵਿਚ ਸ਼ਾਮਲ ਸਾਰੇ ਮੰਤਰੀ ਕੈਬਨਿਟ ਮੰਤਰੀ ਨਹੀਂ ਹੁੰਦੇ ਸਗੋਂ ਇਹ ਰੁਤਬਾ ਸ਼ਾਸਕ ਦਲ ਦੇ ਥੋੜੇ ਜਿਹੇ ਉੱਘੇ ਮੈਂਬਰਾਂ ਨੂੰ ਹੀ ਦਿੱਤਾ ਜਾਂਦਾ ਹੈ ।

1.5.2 ਕੈਬਨਿਟ ਮੰਤਰੀਆਂ ਤੋਂ ਹੇਠਲੇ ਦਰਜੇ ਤੇ ਮੰਤਰੀ ਰਾਜ ਮੰਤਰੀ (Minister of State) ਹਨ । ਇਨ੍ਹਾਂ ਵਿਚ ਕੁਝ ਮੰਤਰੀ ਸੁਤੰਤਰ ਰੂਪ ਵਿਚ ਸਰਕਾਰੀ ਵਿਭਾਗ ਦੇ ਮੁੱਖੀ ਹੁੰਦੇ ਹਨ । ਉਹ ਕੈਬਨਿਟ ਦੀਆਂ ਇਕੱਤਰਤਾਵਾਂ

ਵਿਚ ਕੇਵਲ ਉਸ ਸਮੇਂ ਹੀ ਭਾਗ ਲੈਂਦੇ ਹਨ ਜਦੋਂ ਕਿ ਪ੍ਰਧਾਨ ਮੰਤਰੀ ਉਨ੍ਹਾਂ ਨੂੰ ਉਚੇਚੇ ਤੌਰ ਤੇ ਅਜਿਹੀ ਇਕੱਤਰਤਾ ਵਿਚ ਭਾਗ ਲੈਣ ਲਈ ਸੱਦਾ ਭੇਜੇ। ਆਮ ਤੌਰ ਤੇ ਉਨ੍ਹਾਂ ਨੂੰ ਉਸ ਸਮੇਂ ਇਕੱਤਰਤਾ ਵਿਚ ਭਾਗ ਲੈਣ ਲਈ ਸੱਦਿਆ ਜਾਂਦਾ ਹੈ ਜਦੋਂ ਕਿ ਉਨ੍ਹਾਂ ਦੇ ਵਿਭਾਗ ਨਾਲ ਸੰਬੰਧਤ ਕਿਸੇ ਮਸਲੇ ਤੇ ਬਹਿਸ ਹੋਣੀ ਹੋਵੇ।

1.5.3 ਉਪ-ਮੰਤਰੀਆਂ (Deputy Minister) ਦਾ ਦਰਜਾ ਰਾਜ ਮੰਤਰੀਆਂ ਤੋਂ ਹੇਠਾਂ ਵਲ ਹੁੰਦਾ ਹੈ। ਉਹ ਕਿਸੇ ਵਿਭਾਗ ਦੇ ਸੁਤੰਤਰ ਰੂਪ ਵਿਚ ਮੁੱਖੀ ਨਹੀਂ ਹੁੰਦੇ ਅਤੇ ਨਾ ਹੀ ਮੰਤਰੀ ਮੰਡਲ ਦੀ ਬੈਠਕ ਵਿਚ ਭਾਗ ਲੈਂਦੇ ਹਨ। ਉਹ ਮੰਤਰੀ ਹਰੇਕ ਵਿਭਾਗ ਵਿਚ ਕੈਬਨਿਟ ਮੰਤਰੀ ਅਤੇ ਰਾਜ ਮੰਤਰੀ ਦੀ ਸਹਾਇਤਾ ਕਰਨ ਲਈ ਨਿਯੁਕਤ ਕੀਤੇ ਜਾਂਦੇ ਹਨ। ਉਨ੍ਹਾਂ ਨੂੰ ਉਹ ਹੀ ਮੰਤਰੀ ਉਨ੍ਹਾਂ ਨੂੰ ਕੰਮ ਦੇ ਸਕਦੇ ਹਨ ਜਿਨ੍ਹਾਂ ਨਾਲ ਉਨ੍ਹਾਂ ਦੀ ਨਿਯੁਕਤੀ ਹੋਈ ਹੁੰਦੀ ਹੈ।

1.5.4 ਇਨ੍ਹਾਂ ਮੰਤਰੀਆਂ ਤੋਂ ਇਲਾਵਾ ਕੇਂਦਰੀ ਸਰਕਾਰ ਵਿਚ ਸੰਸਦੀ ਸਕੱਤਰ (Parliamentary Secretaries) ਵੀ ਹੁੰਦੇ ਹਨ। ਇਹ ਮੰਤਰੀਆਂ ਦੀ ਸ਼੍ਰੇਣੀ ਵਿਚ ਸ਼ਾਮਲ ਨਹੀਂ ਹੁੰਦੇ। ਇਨ੍ਹਾਂ ਦੀ ਨਿਯੁਕਤੀ ਰਾਸ਼ਟਰਪਤੀ ਨਹੀਂ ਸਗੋਂ ਪ੍ਰਧਾਨ ਮੰਤਰੀ ਕਰਦਾ ਹੈ ਅਤੇ ਉਹ ਉਨ੍ਹਾਂ ਨੂੰ ਅਹੁਦੇ ਅਤੇ ਅਹੁਦੇ ਨਾਲ ਸੰਬੰਧਿਤ ਕਾਰਜ ਨੂੰ ਗੁਪਤ ਰੱਖਣ ਦੀ ਸਹੁੰ (Oath of office and secrecy) ਚੁਕਾਉਂਦਾ ਹੈ। ਉਨ੍ਹਾਂ ਦਾ ਦਰਜਾ ਉਪ-ਮੰਤਰੀਆਂ ਨਾਲੋਂ ਨੀਵਾਂ ਹੁੰਦਾ ਹੈ ਪ੍ਰਧਾਨ ਮੰਤਰੀ ਉਨ੍ਹਾਂ ਨੂੰ ਭਿੰਨ ਭਿੰਨ ਵਿਭਾਗਾਂ ਵਿਚ ਮੰਤਰੀਆਂ ਦੀ ਰਾਜਨੀਤਿਕ ਅਤੇ ਪ੍ਰਸ਼ਾਸਨਿਕ ਸਹਾਇਤਾ ਲਈ ਕਹਿ ਸਕਦਾ ਹੈ।

ਦਰਅਸਲ ਉਪ-ਮੰਤਰੀ ਅਤੇ ਸੰਸਦੀ ਸਕੱਤਰ ਸਿਖਾਂਦਰੂ (Probationers) ਹੁੰਦੇ ਹਨ ਜੋ ਕਿ ਆਪਣੇ ਚੰਗੇ ਕੰਮ ਅਤੇ ਸਿੱਖਿਆ ਦੇ ਅਧਾਰ ਤੇ ਭਵਿੱਖ ਵਿਚ ਬਣਨ ਵਾਲੀ ਮੰਤਰੀ ਪਰਿਸ਼ਦ ਵਿਚ ਚੰਗੇਰੀ ਸਥਿਤੀ (Position) ਪ੍ਰਾਪਤ ਕਰਨ ਦੀ ਆਸ ਕਰ ਸਕਦੇ ਹਨ।

2.4.6 ਮੰਤਰੀ ਪਰਿਸ਼ਦ ਅਤੇ ਮੰਤਰੀ ਮੰਡਲ (Distinction between Council of Ministers and Cabinet)

ਆਮ ਤੌਰ ਤੇ ਮੰਤਰੀ ਪਰਿਸ਼ਦ ਅਤੇ ਮੰਤਰੀ ਮੰਡਲ ਦੋਹਾਂ ਸ਼ਬਦਾਂ ਨੂੰ ਇਕ ਦੂਜੇ ਦੀ ਥਾਂ ਤੇ ਵਰਤ ਲਿਆ ਜਾਂਦਾ ਹੈ, ਪਰੰਤੂ ਦੋਹਾਂ ਵਿਚ ਬਹੁਤ ਅੰਤਰ ਹੇ। ਪਹਿਲੇ, ਸੰਵਿਧਾਨ ਸਿਰਫ ਮੰਤਰੀ ਪਰਿਸ਼ਦ ਦੀ ਵਿਵਸਥਾ ਕਰਦਾ ਹੈ, ਮੰਤਰੀ ਮੰਡਲ ਗੈਰ-ਸਰਕਾਰੀ ਸੰਸਥਾ ਹੈ ਅਸਲ ਵਿਚ *44*ਵੀਂ ਸੋਧ ਤੋਂ ਪਹਿਲਾਂ ਤਾਂ ਕੈਬਨਿਟ ਦਾ ਜ਼ਿਕਰ ਹੀ ਸੰਵਿਧਾਨ ਵਿਚ ਨਹੀ ਸੀ ਪਰੰਤੂ *44*ਵੀਂ ਸੋਧ ਵਿਚ ਰਾਸ਼ਟਰਪਤੀ ਨੂੰ ਐਮਰਜੈਂਸੀ ਦੀ ਘੋਸ਼ਣਾ ਦੇਣ ਸੰਬੰਧੀ ਜੋ ਸੋਧ ਕੀਤਾ ਗਿਆ ਉਸ ਵਿਚ ਸੰਘੀ ਮੰਤਰੀ ਮੰਡਲ ਦਾ ਜ਼ਿਕਰ ਹੈ ਅਤੇ ਇਸ ਆਧਾਰ ਉੱਤੇ ਕਿਹਾ ਜਾ ਸਕਦਾ ਹੈ ਹੁਣ ਕੈਬਨਿਟ ਦਾ ਪੱਧਰ ਸੰਵਿਧਾਨਕ ਹੈ। ਦੂਜੇ ਮੰਤਰੀ ਪਰਿਸ਼ਦ ਤਾਂ ਵਿਆਪਕ ਸੰਸਥਾ ਹੈ, ਪਰੰਤੂ ਮੰਤਰੀ ਮੰਡਲ ਉਸ ਦੀ ਇਕ ਅੰਤਰਿਮ ਕਮੇਟੀ ਹੈ। ਮੰਤਰੀ ਪਰਿਸ਼ਦ ਵਿਚ ਤਿੰਨ ਵਰਗਾਂ ਦੇ ਮੰਤਰੀ ਸ਼ਾਮਿਲ ਹੁੰਦੇ ਹਨ ਜਿਵੇਂ ਕਿ ਕੈਬਨਿਟ ਮੰਤਰੀ, ਰਾਜ ਮੰਤਰੀ ਅਤੇ ਉਪ-ਮੰਤਰੀ। ਪਰੰਤੂ ਮੰਤਰੀ ਮੰਡਲ ਵਿਚ ਸਿਰਫ ਕੈਬਨਿਟ ਪੱਧਰ ਦੇ ਹੀ ਮੰਤਰੀ ਹੁੰਦੇ ਹਨ ਬਾਕੀ ਦੋ ਕਿਸਮਾਂ ਦੇ ਨਹੀਂ। ਤੀਜੇ, ਮੰਤਰੀ ਪਰਿਸ਼ਦ ਅਤੇ ਮੰਤਰੀ ਮੰਡਲ ਦੇ ਕੰਮਾਂ ਅਤੇ ਪੱਧਰ ਵਿਚ ਬਹੁਤ ਅੰਤਰ ਹੈ। ਮੰਤਰੀ ਮੰਡਲ ਅਸਲੀ ਸਰਕਾਰ ਹੈ। ਇਸ ਦੇ ਮੈਂਬਰ ਸੀਨੀਅਰ ਮੰਤਰੀ ਅਤੇ ਸ਼ਾਸਕ ਦਲਾਂ ਦੇ ਉਲਟ ਮੰਤਰੀ ਪਰਿਸ਼ਦ ਦੇ ਬਾਕੀ ਜੂਨੀਅਰ ਮੰਤਰੀ ਤੇ ਪਾਰਟੀ ਦੇ ਜੂਨੀਅਰ ਨੇਤਾ ਹੁੰਦੇ ਹਨ ਜੋ ਕਿ ਨੀਤੀਆਂ ਬਣਾਉਣ ਵਿਚ ਕਦੇ ਭਾਗ ਨਹੀਂ ਲੈਂਦੇ। ਉਨ੍ਹਾਂ ਦਾ ਕੰਮ ਮੰਤਰੀ ਮੰਡਲ ਦੁਆਰਾ ਬਣਾਇਆਂ ਗਈਆਂ ਨੀਤੀਆਂ ਨੂੰ ਇਮਾਨਦਾਰੀ ਨਾਲ ਲਾਗੂ ਕਰਨਾ ਹੈ।

ਉਪਰ ਦਸੇ ਅੰਤਰਾਂ ਦੇ ਬਾਵਜੂਦ ਕੈਬਨਿਟ ਅਤੇ ਮੰਤਰੀ ਪਰਿਸ਼ਦ ਦੇ ਦੂਜੇ ਸਾਰੇ ਮੈਂਬਰ ਰਾਜਨੀਤਿਕ ਕਾਰਜਪਾਲਿਕਾ ਹਨ ਜੋ ਕਿ ਇਕ ਸੰਸਦੀ ਗਰੁਪ ਜਾਂ ਪਾਰਟੀ ਨਾਲ ਸੰਬੰਧ ਰਖਦੇ ਹਨ ਅਤੇ ਵਿਅਕਤੀਗਤ ਤੇ ਸਮੂਹਿਕ ਤੌਰ ਤੇ ਲੋਕ ਸਭਾ ਪ੍ਰਤੀ ਜ਼ਿੰਮੇਵਾਰ ਹੁੰਦੇ ਹਨ।

2.4.7 ਮਹਿਕਮਿਆਂ ਦੀ ਵੰਡ (Distribution of portfolios)

ਭਾਵੇਂ ਸੰਵਿਧਾਨ ਤੌਰ ਤੇ ਮੰਤਰੀਆਂ ਵਿਚ ਮਹਿਕਮਿਆਂ ਦੀ ਵੰਡ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ, ਪਰੰਤੂ

ਅਸਲ ਵਿਚ ਇਹ ਪ੍ਰਧਾਨ ਮੰਤਰੀ ਦਾ ਹੀ ਪਰਮ-ਅਧਿਕਾਰ (Prerogative) ਹੈ ਇਹ ਉਸ ਦਾ ਅਧਿਕਾਰ ਹੈ ਉਹ ਅਸਲ ਮਹਿਕਮਾ ਕਿਸ ਮੰਤਰੀ ਨੂੰ ਸੌਂਪਦਾ ਹੈ ਪਰੰਤੂ ਕਈ ਅਜਿਹੀਆਂ ਉਦਾਹਰਣਾਂ ਵੀ ਹਨ ਜਦੋਂ ਕਿ ਪ੍ਰਧਾਨ ਮੰਤਰੀ ਨੂੰ ਕਿਸੇ ਮੰਤਰੀ ਨੂੰ ਉਹੀ ਮਹਿਕਮਾ ਦੇਣਾ ਪਿਆ ਜੋ ਕਿ ਉਹ ਲੈਣਾ ਚਾਹੁੰਦਾ ਸੀ। ਪ੍ਰਧਾਨ ਮੰਤਰੀ ਨੂੰ ਉਨ੍ਹਾਂ ਦੀ ਰਾਜਨੀਤਿਕ ਸ਼ਕਤੀ ਨੂੰ ਧਿਆਨ ਵਿਚ ਰਖਦੇ ਹੋਏ ਉਨ੍ਹਾਂ ਦੇ ਦਾਅਵੇ ਨੂੰ ਪ੍ਰਵਾਨ ਕਰਨਾ ਪੈਂਦਾ ਹੈ। ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਹੁਣ ਤਕ ਅਸੀਂ ਅਨੇਕਾਂ ਅਜਿਹੀਆਂ ਉਦਾਹਰਣਾਂ ਪੇਸ਼ ਕਰ ਸਕਦੇ ਹਾਂ ਕਿ ਮੰਤਰੀਆਂ ਨੇ ਕਿਸੇ ਖਾਸ ਮਹਿਕਮੇ ਦੀ ਮੰਗ ਕੀਤੀ ਤੇ ਉਸ ਨੂੰ ਹਾਸਲ ਕਰਨ ਵਿਚ ਕਾਮਯਾਬ ਹੋਏ।

ਪਰ ਅਜਿਹੀ ਸਥਿਤੀ ਵਿਚ ਵੀ ਕਾਫੀ ਕੁਝ ਪ੍ਰਧਾਨ ਮੰਤਰੀ ਦੇ ਵਿਅਕਤੀਤਵ ਅਤੇ ਪਾਰਟੀ ਦੇ ਲੋਕਾਂ ਵਿਚ ਉਸ ਦੀ ਸਥਿਤੀ ਤੇ ਨਿਰਭਰ ਕਰਦਾ ਹੈ। ਇਕ ਪ੍ਰਭਾਵਸ਼ਾਲੀ ਪ੍ਰਧਾਨ ਮੰਤਰੀ ਆਪਣੇ ਇਸ ਪਰਮ-ਅਧਿਕਾਰ ਨੂੰ ਬੰਦਸ਼ ਨਹੀਂ ਬਣਨ ਦਿੰਦਾ।

2.4.8 ਕੇਂਦਰੀ ਮੰਤਰੀ ਪਰਿਸ਼ਦ ਦੀ ਕਾਰਜ ਪ੍ਰਣਾਲੀ (Working of the Union Council of Ministers)

ਭਾਰਤ ਵਿਚ ਕੇਂਦਰੀ ਮੰਤਰੀ ਮੰਡਲ ਪ੍ਰਧਾਨ ਮੰਤਰੀ ਦੀ ਅਗਵਾਈ ਅਧੀਨ ਕੰਮ ਕਰਦਾ ਹੈ ਭਾਵੇਂ ਆਮ ਤੌਰ ਤੇ ਇਸ ਦੀਆਂ ਮੀਟਿੰਗਾਂ ਹਫਤੇ ਬਾਅਦ ਹੁੰਦੀਆਂ ਹਨ ਪਰੰਤੂ ਜੇਕਰ ਪ੍ਰਧਾਨ ਚਾਹੇ ਤਾਂ ਇਸ ਦੀ ਮੀਟਿੰਗ ਪਹਿਲਾ ਵੀ ਬੁਲਾ ਸਕਦਾ ਹੈ। ਮੰਤਰੀ ਮੰਡਲ ਦੀ ਮੀਟਿੰਗ ਦਾ ਏਜੰਡਾ ਵੀ ਪ੍ਰਧਾਨ ਮੰਤਰੀ ਦੁਆਰਾ ਹੀ ਨਿਰਧਾਰਿਤ ਕੀਤਾ ਜਾਂਦਾ ਹੈ ਅਤੇ ਇਸ ਦਾ ਸਾਰਾ ਵਿਚਾਰਵਟਾਂਦਰਾ ਅਤੇ ਫੈਸਲੇ ਪ੍ਰਧਾਨ ਮੰਤਰੀ ਦੀ ਸ਼ਖਸੀਅਤ ਤੋਂ ਪ੍ਰਭਾਵਿਤ ਹੋਏ ਬਿਨ੍ਹਾਂ ਨਹੀਂ ਰਹਿ ਸਕਦੇ। ਮੀਟਿੰਗ ਤੋਂ ਬਾਅਦ ਪ੍ਰਧਾਨ ਮੰਤਰੀ ਹੀ ਇਸ ਦੇ ਫੈਸਲਿਆਂ ਨੂੰ ਸੰਖੇਪ ਵਿਚ ਪੇਸ਼ ਕਰਦਾ ਹੈ ਜਿਨ੍ਹਾਂ ਨੂੰ ਮੰਤਰੀ ਮੰਡਲ ਦੇ ਫੈਸਲੇ ਹੀ ਮੰਨਿਆ ਜਾਂਦਾ ਹੈ।

ਮੰਤਰੀ ਮੰਡਲ ਆਪਣਾ ਕੰਮ ਕੁੱਝ ਸਥਾਈ ਅਤੇ ਆਰਜ਼ੀ ਕਮੇਟੀਆਂ ਦੁਆਰਾ ਕਰਦਾ ਹੈ। ਸੁਰੱਖਿਆ ਕਮੇਟੀ, ਵਿਦੇਸ਼ੀ ਮਾਮਲਿਆਂ ਸੰਬੰਧੀ ਕਮੇਟੀ ਦਾ ਗਠਨ ਸਮੇਂ ਤੇ ਕਿਸੇ ਖਾਸ ਮੰਤਵ ਲਈ ਕੀਤਾ ਜਾਂਦਾ ਹੈ ਅਤੇ ਜਿਉਂ ਹੀ ਇਹ ਆਪਣੀ ਰਿਪੋਰਟ ਦਿੰਦੀਆਂ ਹਨ ਇਨ੍ਹਾਂ ਦਾ ਕਾਰਜਕਾਲ ਖ਼ਤਮ ਹੋ ਜਾਂਦਾ ਹੈ। ਇਨ੍ਹਾਂ ਸਾਰੀਆਂ ਕਮੇਟੀਆਂ ਦੀ ਨਿਯੁਕਤੀ ਪ੍ਰਧਾਨ ਮੰਤਰੀ ਕਰਦਾ ਹੈ।

2.4.9 ਮੰਤਰੀ ਪਰਿਸ਼ਦ ਦੀ ਸਮੂਹਿਕ ਜ਼ਿੰਮੇਵਾਰੀ (Collective Responsibility of Ministers)

ਸਮੂਹਿਕ ਜ਼ਿੰਮੇਵਾਰੀ ਦਾ ਅਰਥ ਹੈ ਕਿ ਸਾਰੇ ਮੰਤਰੀ ਇਕ ਹੀ ਤਰ੍ਹਾਂ ਦੀਆਂ ਨੀਤੀਆਂ ਦੀ ਪਾਲਣਾ ਕਰਦੇ ਹਨ ਅਤੇ ਇਨ੍ਹਾਂ ਨੀਤੀਆਂ ਪ੍ਰਤੀ ਉਨ੍ਹਾਂ ਸਭ ਦੀ ਸਾਂਝੀ ਜ਼ਿੰਮੇਵਾਰੀ ਹੁੰਦੀ ਹੈ। ਇਕ ਮੰਤਰੀ ਦੀ ਆਲੋਚਨਾ ਜਾਂ ਉਸ ਦੇ ਖਿਲਾਫ ਅਵਿਸ਼ਵਾਸ ਦਾ ਮਤਾ ਸਾਰੇ ਮੰਤਰੀ ਮੰਡਲ ਦੀ ਅਲੋਚਨਾ ਜਾਂ ਉਸ ਦੇ ਖਿਲਾਫ ਅਵਿਸ਼ਵਾਸ ਦਾ ਮਤਾ ਸਮਝਿਆ ਜਾਂਦਾ ਹੈ। ਜੇਕਰ ਪ੍ਰਧਾਨ ਮੰਤਰੀ ਦੇ ਖਿਲਾਫ ਅਵਿਸ਼ਵਾਸ ਦਾ ਮਤਾ ਪਾਸ ਹੋ ਜਾਵੇ ਤਾਂ ਸਾਰੇ ਮੰਤਰੀ ਮੰਡਲ ਨੂੰ ਅਸਤੀਫਾ ਦੇਣਾ ਪੈਂਦਾ ਹੈ। ਇਸ ਦਾ ਇਹ ਅਰਥ ਹੈ ਕਿ ਹਰ ਮੰਤਰੀ ਨੂੰ ਮੰਤਰੀ ਮੰਡਲ ਦੇ ਸਾਂਝੇ ਫੈਸਲਿਆਂ ਨੂੰ ਅਪਣਾਉਣਾ ਪੈਂਦਾ ਹੈ ਅਤੇ ਉਨ੍ਹਾਂ ਦਾ ਸਮਰਥਨ ਕਰਨਾ ਪੈਂਦਾ ਹੈ ਜੇਕਰ ਉਹ ਅਜਿਹਾ ਨਹੀਂ ਕਰਦਾ ਤਾਂ ਉਸ ਕੋਲ ਤਿਆਗ ਪੱਤਰ ਦੇਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੁੰਦਾ।

11.9.1 ਇਸ ਦਾ ਇਹ ਵੀ ਅਰਥ ਹੈ ਕਿ ਵਿਭਾਗ ਵਿਚ ਹੋ ਰਹੇ ਕੰਮਾਂ ਲਈ ਉਸ ਵਿਭਾਗ ਦਾ ਮੰਤਰੀ ਜ਼ਿੰਮੇ ਵਾਰ ਹੈ ਨਾ ਕਿ ਉਸ ਵਿਭਾਗ ਦੇ ਅਫਸਰ ਜਿਨ੍ਹਾਂ ਦੀ ਸਲਾਹ ਤੇ ਉਹ ਨਿਰਣੇ ਲੈਂਦਾ ਹੈ। ਵਿਭਾਗ ਦੇ ਸਾਰੇ ਚੰਗੇ ਤੇ ਮਾੜੇ ਕੰਮਾਂ ਦੀ ਜ਼ਿੰਮੇਵਾਰੀ ਉਸ ਦੀ ਹੀ ਹੈ ਸਮੂਹਿਕ ਜ਼ਿੰਮੇਵਾਰੀ ਦੇ ਸਿਧਾਂਤ ਦੀ ਸਾਡੇ ਸੰਵਿਧਾਨ ਵਿਚ ਖਾਸ ਤੌਰ ਤੇ ਵਿਵਸਥਾ ਕੀਤੀ ਗਈ ਹੈ।

2.4.10 ਮੰਤਰੀ ਪਰਿਸ਼ਦ ਦੇ ਕਾਰਜ ਅਤੇ ਸ਼ਕਤੀਆਂ (The powers and functions of Council of Ministers)

ਸੰਵਿਧਾਨ ਭਾਵੇਂ ਮੰਤਰੀ ਪਰਿਸ਼ਦ ਦੀ ਵਿਵਸਥਾ ਕਰਦਾ ਹੈ ਪਰੰਤੂ ਇਸ ਦੇ ਕਾਰਜ ਅਤੇ ਸ਼ਕਤੀਆਂ ਦਾ ਸੰਵਿਧਾਨ ਵਿਚ ਕਿਧਰੇ ਵਰਨਣ ਨਹੀਂ ਮਿਲਦਾ ਹੈ। ਇਸ ਵਿਚ ਸਿਰਫ ਏਨਾ ਹੀ ਲਿਖਿਆ ਗਿਆ ਹੈ ਕਿ ਇਸ ਦਾ ਕੰਮ ਰਾਸ਼ਟਰਪਤੀ ਨੂੰ ਉਸ ਦੇ ਕਾਰਜਾਂ ਵਿਚ ਸਲਾਹ ਦੇਣਾ ਹੈ।

ਜਿਵੇਂ ਸਾਨੂੰ ਪਤਾ ਹੀ ਹੈ, ਸਾਡਾ ਰਾਸ਼ਟਰਪਤੀ ਇਕ ਨਾਂ-ਮਾਤਰ ਦਾ ਮੁਖੀਆ ਹੈ। ਅਸਲ ਵਿਚ ਉਸ ਦੇ ਸਾਰੇ ਕੰਮ ਮੰਤਰੀ ਪਰਿਸ਼ਦ ਦੁਆਰਾ ਕੀਤੇ ਜਾਂਦੇ ਹਨ ਅਤੇ ਇਹ ਹੀ ਉਸ ਦੇ ਨਾਂ ਤੇ ਉਸ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੀ ਹੈ। ਸੰਵਿਧਾਨ ਦੀ 42ਵੀਂ ਸੋਧ ਪਹਿਲਾਂ ਤੋਂ ਚਲੀ ਆ ਰਹੀ ਵਿਵਹਾਰਕ ਸਥਿਤੀ ਨੂੰ ਕਾਨੂੰਨੀ ਰੂਪ ਦਿੰਦੇ ਹੋਏ ਲਿਖਤੀ ਵਿਵਸਥਾ ਕਰ ਦਿੱਤੀ ਹੈ ਕਿ ਰਾਸ਼ਟਰਪਤੀ ਦੀਆਂ ਸਾਰੀਆਂ ਸ਼ਕਤੀਆਂ ਦੀ ਵਰਤੋਂ ਉਸ ਦੇ ਨਾ ਉਤੇ ਮੰਤਰੀ ਪਰਿਸ਼ਦ ਕਰੇਗਾ। ਮੰਤਰੀ ਦੀ ਸਲਾਹ ਮੰਨਣੀ ਰਾਸ਼ਟਰਪਤੀ ਲਈ ਜ਼ਰੂਰੀ ਹੈ।

2.4.10.1 ਮੁੱਖ ਕਾਰਜਪਾਲਿਕਾ ਦੇ ਤੌਰ ਤੇ ਕੰਮ (Functions as Chief Executive)

ਮੰਤਰੀ ਪਰਿਸ਼ਦ ਸਰਕਾਰ ਦੇ ਸਾਰੇ ਵਿਭਾਗਾਂ ਦੀ ਨਿਗਰਾਨੀ ਕਰਦੀ ਹੈ। ਇਹ ਇਸ ਗੱਲ ਦਾ ਧਿਆਨ ਰੱਖਦੀ ਹੈ ਕਿ ਕੀ ਵਿਭਾਗ ਦੁਆਰਾ ਮੰਤਰੀ ਮੰਡਲ ਦੀਆਂ ਬਣਾਈਆਂ ਗਈਆਂ ਨੀਤੀਆਂ ਤੇ ਅਮਲ ਹੋ ਰਿਹਾ ਹੈ ਜਾਂ ਨਹੀਂ।

2.4.10.2 ਰਾਸ਼ਟਰ ਨੀਤੀ ਦਾ ਨਿਰਮਾਣ (Formation of National Policy)

ਮੰਤਰੀ ਮੰਡਲ ਦੇਸ਼ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਵਿਕਾਸ ਲਈ ਰਾਸ਼ਟਰੀ ਨੀਤੀ ਦਾ ਨਿਰਮਾਣ ਕਰਦਾ ਹੈ। ਹਰ ਰਾਜਨੀਤਿਕ ਦਲ ਚੋਣਾਂ ਦੇ ਸਮੇਂ ਲੋਕਾਂ ਸਾਹਮਣੇ ਆਪਣੀਆਂ ਨੀਤੀਆਂ ਪੇਸ਼ ਕਰਦੇ ਹਨ ਅਤੇ ਬਹੁਤ ਸਾਰੇ ਵਾਅਦੇ ਕਰਦੇ ਹਨ। ਜਿਹੜੀ ਪਾਰਟੀ ਬਹੁਮਤ ਪ੍ਰਾਪਤ ਕਰਕੇ ਸਰਕਾਰ ਬਣਾਉਂਦੀ ਹੈ ਫਿਰ ਉਹ ਉਹਨਾਂ ਨੀਤੀਆਂ ਨੂੰ ਸਰਕਾਰ ਚਲਾਉਣ ਦਾ ਆਧਾਰ ਬਣਾਉਂਦੀ ਹੈ। ਇਸ ਲਈ ਮੰਤਰੀ ਪਰਿਸ਼ਦ ਦੇ ਦੁਆਰਾ ਉਸ ਲੋਅ ਵਿਚ ਨੀਤੀਆਂ ਸਪਸ਼ਟ ਕਰਨਾਂ ਜ਼ਰੂਰੀ ਹੁੰਦਾ ਹੈ। ਮਿਲੀ ਜੁਲੀ ਸਰਕਾਰ ਦੀ ਮੰਤਰੀ ਪਰਿਸ਼ਦ ਵੀ ਕਿਸੇ Common Minimum Programme ਦੇ ਆਧਾਰ ਉੱਤੇ ਆਪਣੀਆਂ ਨੀਤੀਆਂ ਬਣਾਉਂਦੀ ਹੈ।

2.4.10.3. ਸੰਕਟ-ਕਾਲੀਨ ਸਥਿਤੀ ਦੀ ਘੋਸ਼ਣਾ (Proclamation of Emergency)

ਅਨੁਛੇਦ 352, 356 ਤੇ 360 ਅਧੀਨ ਰਾਸ਼ਟਰਪਤੀ ਦੀਆਂ ਸੰਕਟ-ਕਾਲੀਨ ਸਥਿਤੀ ਘੋਸ਼ਣਾ ਕਰਨ ਸੰਬੰਧੀ ਸ਼ਕਤੀਆਂ ਵੀ ਦਰਅਸਲ ਮੰਤਰੀ ਮੰਡਲ ਦੀਆਂ ਹੀ ਸ਼ਕਤੀਆਂ ਹਨ। ਵਿਦੇਸ਼ੀ ਹਮਲੇ ਅਤੇ ਅੰਦਰੂਨੀ ਗੜਬੜ ਸਮੇਂ ਸੰਕਟਕਾਲੀਨ ਸਥਿਤੀ ਦੀ ਘੋਸ਼ਣਾ ਕਰਨ ਦਾ ਨਿਰਣਾ ਮੰਤਰੀ ਮੰਡਲ ਹੀ ਲੈਂਦਾ ਹੈ, ਰਾਸ਼ਟਰਪਤੀ ਨਹੀਂ। ਉਹ ਤਾਂ ਸਿਰਫ ਰਸਮੀ ਤੌਰ ਤੇ ਉਸ ਉੱਤੇ ਦਸਖਤ ਹੀ ਕਰਦਾ ਹੈ। ਕਿਸੇ ਰਾਜ ਵਿਚ ਸੰਵਿਧਾਨਿਕ ਮਸ਼ੀਨਰੀ ਫੇਲ੍ਹ ਹੋ ਜਾਂਣ ਦਾ ਨਿਰਣਾ ਵੀ ਮੰਤਰੀ ਮੰਡਲ ਹੀ ਕਰਦਾ ਹੈ ਅਤੇ ਉਸ ਨਿਰਣੇ ਤੋਂ ਬਾਅਦ ਰਾਸ਼ਟਰਪਤੀ ਉਸ ਰਾਜ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਦਾ ਹੈ। ਇਹੀ ਗੱਲ ਵਿੱਤੀ ਸੰਕਟਕਾਲੀਨ ਸਥਿਤੀ ਦੀ ਘੋਸ਼ਣਾ ਤੇ ਵੀ ਲਾਗੂ ਹੁੰਦੀ ਹੈ।

2.4.10. 4. ਵਿਦੇਸ਼ੀ ਸੰਬੰਧਾਂ ਦਾ ਸੰਚਾਲਨ (Foreign Relations)

ਆਧੁਨਿਕ ਯੁਗ ਵਿਚ ਕੋਈ ਵੀ ਦੇਸ਼ ਇਕੱਲਾ ਨਹੀਂ ਰਹਿ ਸਕਦਾ ਭਾਵੇਂ ਉਹ ਕਿੰਨ੍ਹਾਂ ਵੀ ਵੱਡਾ ਅਤੇ ਅਮੀਰ ਕਿਉਂ ਨਾ ਹੋਵੇ। ਉਸ ਨੂੰ ਸੰਸਾਰ ਦੇ ਦੇਸ਼ਾਂ ਨਾਲ ਸੰਬੰਧ ਬਨਾਣੇ ਪੈਂਦੇ ਹਨ ਵਿਦੇਸ਼ੀ ਮਾਮਲਿਆਂ ਸੰਬੰਧੀ ਸਾਰੇ ਨਿਰਣਿਆਂ ਦਾ ਅਧਿਕਾਰ ਭਾਰਤ ਵਿਚ ਮੰਤਰੀ ਪਰਿਸ਼ਦ ਨੂੰ ਦਿੱਤਾ ਗਿਆ ਹੈ। ਮੰਤਰੀ ਮੰਡਲ ਹੀ ਇਹ ਫੈਸਲਾ ਕਰਦਾ ਹੈ ਕਿ ਦੇਸ਼ ਦੀ ਬਾਕੀ ਦੂਜੇ ਦੇਸ਼ਾਂ ਪ੍ਰਤੀ ਕੀ ਵਿਦੇਸ਼ ਨੀਤੀ ਹੋਵੇਗੀ। ਇਸ ਤੋਂ ਇਲਾਵਾ ਮੰਤਰੀ ਮੰਡਲ ਹੀ ਦੂਜੇ ਦੇਸ਼ਾਂ ਨਾਲ ਯੁੱਧ ਅਤੇ ਸ਼ਾਂਤੀ ਦੀ ਘੋਸ਼ਣਾ ਦਾ ਫੈਸਲਾ ਕਰਦਾ ਹੈ।

2.4.10.5. ਨਿਯੁਕਤੀਆਂ (Appointments)

ਸੰਵਿਧਾਨ ਦੁਆਰਾ ਰਾਸ਼ਟਰਪਤੀ ਨੂੰ ਅਨੇਕ ਮਹੱਤਵਪੂਰਣ ਨਿਯੁਕਤੀਆਂ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ। ਇਨ੍ਹਾਂ ਨਿਯੁਕਤੀਆਂ ਦਾ ਨਿਰਣਾ ਰਾਸ਼ਟਰਪਤੀ ਨਹੀਂ ਸਗੋਂ ਮੰਤਰੀ ਮੰਡਲ ਕਰਦਾ ਹੈ। ਉਹਨਾਂ ਨਿਯੁਕਤੀਆਂ ਵਿਚੋਂ ਕੁਝ ਮਹੱਤਵਪੂਰਣ ਨਿਯੁਕਤੀਆਂ ਇਹ ਹਨ :

ਸਰਵ-ਉਚ ਅਦਾਲਤਾਂ ਦੇ ਜੱਜ, ਰਾਜਪਾਲ, ਰਾਜਦੂਤ, ਸੰਘੀ ਲੋਕ ਸੇਵਾ ਕਮਿਸ਼ਨ ਦਾ ਚੇਅਰਮੈਨ ਅਤੇ ਮੈਂਬਰ ਕੰਪਟਰੋਲਰ ਅਤੇ ਆਡੀਟਰ ਜਨਰਲ ਆਦਿ।

2.4.10.6. ਵਿਧਾਨਿਕ ਕੰਮ (Legislative Functions)

ਭਾਵੇਂ ਕਾਨੂੰਨ ਦੀ ਨਿਗਾਹ ਵਿਚ ਸਾਰੇ ਕਾਨੂੰਨ ਸੰਸਦ ਦੁਆਰਾ ਪਾਸ ਕੀਤੇ ਜਾਂਦੇ ਹਨ ਪਰੰਤੂ ਅਸਲੀਅਤ ਇਹ ਹੈ ਕਿ ਸੰਸਦ ਸਿਰਫ ਉਹੀ ਕਾਨੂੰਨ ਪਾਸ ਕਰਦੀ ਹੈ ਜਿਨ੍ਹਾਂ ਨੂੰ ਮੰਤਰੀ ਮੰਡਲ ਪਾਸ ਕਰਾਉਣਾ ਚਾਹੁੰਦਾ ਹੈ।

ਇਸ ਦੇ ਕਾਰਨ ਇਹ ਹੈ ਕਿ ਮੰਤਰੀ ਬਹੁਮਤ ਦਲ ਨਾਲ ਸੰਬੰਧ ਰਖਦੇ ਹਨ। ਆਧੁਨਿਕ ਯੁੱਗ ਵਿਚ ਕਾਨੂੰਨ ਦੀ ਰਚਨਾ ਵਿਚ ਮੰਤਰੀ ਮੰਡਲ ਦਾ ਦਖਲ ਏਨਾ ਵੱਧ ਗਿਆ ਹੈ ਕਿ ਇਹ ਕਿਹਾ ਜਾ ਸਕਦਾ ਹੈ ਕਿ ਅੱਜ ਕੱਲ ਕਾਨੂੰਨ ਨਿਰਮਾਣ ਦਾ ਕੰਮ ਸੰਸਦ ਦੀ ਮਨਜ਼ੂਰੀ ਨਾਲ ਮੰਤਰੀ ਮੰਡਲ ਹੀ ਕਰਦਾ ਹੈ। ਇਸ ਕਥਨ ਦੀ ਪੁਸ਼ਟੀ ਪਰਿਸ਼ਦ ਦੇ ਹੇਠ ਲਿਖੇ ਕੰਮ ਕਰਦੇ ਹਨ :

1. ਸੰਸਦ ਦਾ ਸਮਾਗਮ ਬੁਲਾਉਣ ਦਾ ਨਿਰਣਾ ਮੰਤਰੀ ਮੰਡਲ ਕਰਦਾ ਹੈ।
2. ਮੰਤਰੀ ਮੰਡਲ ਬਿਲ ਤਿਆਰ ਕਰਦਾ ਹੈ ਅਤੇ ਉਸ ਨੂੰ ਸੰਸਦ ਤੋਂ ਪਾਸ ਕਰਵਾਉਂਦਾ ਹੈ।
3. ਅਜਿਹੀ ਸਥਿਤੀ ਵਿਚ ਜਦੋਂ ਸੰਸਦ ਦਾ ਸਮਾਗਮ ਨਾ ਹੋ ਰਿਹਾ ਹੋਵੇ ਅਤੇ ਕਾਨੂੰਨ ਦੀ ਜਲਦੀ ਜ਼ਰੂਰਤ ਹੋਵੇ। ਤਾਂ ਮੰਤਰੀ ਮੰਡਲ ਰਾਸ਼ਟਰਪਤੀ ਕੋਲੋਂ ਅਧਿਆਦੇਸ਼ ਜਾਰੀ ਕਰਵਾਉਂਦਾ ਹੈ।
4. ਕਿਉਂਕਿ ਮੰਤਰੀ ਮੰਡਲ ਨੂੰ ਹਮੇਸ਼ਾ ਹੀ ਸੰਸਦ ਵਿਚ ਬਹੁਮਤ ਦਾ ਸਮਰਥਨ ਪ੍ਰਾਪਤ ਹੁੰਦਾ ਹੈ ਇਸ ਲਈ ਕੋਈ ਵੀ ਅਜਿਹਾ ਬਿਲ ਪਾਸ ਨਹੀਂ ਹੋ ਸਕਦਾ ਜਿਸ ਨੂੰ ਮੰਤਰੀ ਦਾ ਸਮਰਥਨ ਪ੍ਰਾਪਤ ਨਾ ਹੋਵੇ।

2.4.10.7. ਵਿੱਤੀ ਕਾਰਜ (Financial Functions)

ਮੰਤਰੀ ਪਰਿਸ਼ਦ ਦੇਸ਼ ਦਾ ਬਜਟ ਬਣਾਉਂਦਾ ਹੈ ਅਤੇ ਇਸ ਗੱਲ ਦਾ ਨਿਰਣਾ ਕਰਦਾ ਹੈ ਕਿ ਕਿਹੜੇ ਨਵੇਂ ਟੈਕਸ ਲਗਾਉਣੇ ਹਨ ਅਤੇ ਪੈਸੇ ਨੂੰ ਕਿਸ ਤਰ੍ਹਾਂ ਖਰਚ ਕਰਨਾ ਹੈ ਸੰਸਦ ਵਿਚ ਧਨ ਬਿੱਲ ਕੇਵਲ ਖਜਾਨਾ ਮੰਤਰੀ ਹੀ ਪੇਸ਼ ਕਰ ਸਕਦਾ ਹੈ, ਲੋਕ ਸਭਾ ਦਾ ਕੋਈ ਹੋਰ ਮੈਂਬਰ ਨਹੀਂ। ਪਿਛਲੇ ਕੁੱਝ ਸਾਲਾਂ ਵਿਚ ਅਧਿਆਦੇਸ਼ ਦੁਆਰਾ ਵੀ ਨਵੇਂ ਟੈਕਸ ਲਗਾਏ ਹਨ ਜਿਸ ਦਾ ਭਾਵ ਇਹ ਹੈ ਕਿ ਸੰਸਦ ਨੂੰ ਇਨ੍ਹਾਂ ਟੈਕਸਾਂ ਤੇ ਪਹਿਲਾਂ ਵਿਚਾਰ ਵਟਾਂਦਰਾ ਦਾ ਮੌਕਾ ਹੀ ਨਹੀਂ ਮਿਲਦਾ ਕਿਉਂਕਿ ਮੰਤਰੀ ਮੰਡਲ ਦਾ ਰਾਸ਼ਟਰ ਦੇ ਧਨ ਤੇ ਪੂਰਾ ਕੰਟਰੋਲ ਹੁੰਦਾ ਹੈ ਉਹ ਸਾਰੇ ਅਜਿਹੇ ਮਾਮਲਿਆਂ ਤੇ ਸੰਸਦ ਦੇ ਵਿਚਾਰ ਤੋਂ ਪਹਿਲਾਂ ਘੋਖ ਲੈਂਦਾ ਹੈ।

2.4.10.8. ਵੱਖ-ਵੱਖ ਵਿਭਾਗਾਂ ਵਿਚ ਤਾਲਮੇਲ (Co-Ordination of various Departments)

ਮੰਤਰੀ ਮੰਡਲ ਪ੍ਰਸ਼ਾਸਨ ਨੂੰ ਕੁਸ਼ਲਤਾ ਪੂਰਵਕ ਚਲਾਉਣ ਲਈ ਵੱਖ ਵੱਖ ਵਿਭਾਗਾਂ ਦੇ ਆਪਸੀ ਝਗੜਿਆਂ ਨੂੰ ਸੁਲਝਾਉਣ ਦਾ ਯਤਨ ਕਰਦਾ ਹੈ। ਵੱਖ ਵੱਖ ਮਹਿਕਮਿਆਂ ਵਿਚ ਸੁਮੇਲ ਪੈਦਾ ਕਰਨ ਲਈ ਵਿਭਾਗਾਂ ਦੇ ਆਪਸੀ ਝਗੜੇ ਮੰਤਰੀ ਅੱਗੇ ਰਖੇ ਜਾਂਦੇ ਹਨ ਉਹ ਇਨ੍ਹਾਂ ਦਾ ਨਿਪਟਾਰਾ ਕਰਦਾ ਹੈ।

2.4.11. ਮੰਤਰੀ ਮੰਡਲ ਦੀ ਸਥਿਤੀ (Position of the Cabinet)

ਮੰਤਰੀ ਮੰਡਲ ਦੇ ਉਪਰ ਦਿੱਤੇ ਕੰਮਾਂ ਨੂੰ ਧਿਆਨ ਵਿਚ ਰੱਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਭਾਰਤੀ ਮੰਤਰੀ ਮੰਡਲ ਇੰਗਲੈਂਡ ਦੇ ਮੰਤਰੀ ਮੰਡਲ ਤੋਂ ਕਿਸੇ ਵੀ ਤਰ੍ਹਾਂ ਘੱਟ ਪ੍ਰਭਾਵਸ਼ਾਲੀ ਨਹੀਂ। ਰਾਸ਼ਟਰਪਤੀ ਲਈ ਕੋਈ ਕਾਰਜ ਨਿਭਾਉਂਦੇ ਹੋਏ ਇਸ ਦੀ ਸਲਾਹ ਮੰਨਣੀ ਜ਼ਰੂਰੀ ਹੈ। ਕਿਉਂਕਿ ਮੰਤਰੀ ਮੰਡਲ ਨੂੰ ਸੰਸਦ ਵਿਚ ਬਹੁਮਤ ਪ੍ਰਾਪਤ ਹੁੰਦਾ ਹੈ। ਇਸ ਲਈ ਸੰਸਦ ਉਸ ਦੀ ਮਰਜ਼ੀ ਦੇ ਮੁਤਾਬਕ ਕੰਮ ਕਰਦੀ ਹੈ। ਅਸਲ ਵਿਚ ਮੰਤਰੀ ਮੰਡਲ ਰਾਸ਼ਟਰਪਤੀ ਅਤੇ ਸੰਸਦ ਦੋਹਾਂ ਤੇ ਨਿਯੰਤਰਣ ਰਖਦਾ ਹੈ। ਇਸ ਲਈ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਸਾਡੇ ਦੇਸ਼ ਵਿਚ ਇੰਗਲੈਂਡ ਦੀ ਤਰ੍ਹਾਂ ਮੰਤਰੀ ਮੰਡਲ ਦੀ ਡਿਕਟੇਟਰਸ਼ਿਪ ਹੋ ਸਕਦੀ ਹੈ ਜਦੋਂ ਮੰਤਰੀ ਮੰਡਲ ਨੂੰ ਸੰਸਦ ਵਿਚ ਸਪਸ਼ਟ ਬਹੁਮਤ ਹੋਵੇ। ਪਰ ਅਜਿਹੀ ਸਥਿਤੀ ਵੀ ਹਮੇਸ਼ਾ ਲਈ ਨਹੀਂ ਰਹਿ ਸਕਦੀ ਕਿਉਂਕਿ ਇਕ ਨਿਸ਼ਚਿਤ ਸਮੇਂ ਤੋਂ ਬਾਅਦ ਉਹਨਾਂ ਨੂੰ ਫੇਰ ਜਨਤਾ ਦਾ ਆਦੇਸ਼ ਪ੍ਰਾਪਤ ਕਰਨਾ ਪੈਂਦਾ ਹੈ।

2.4.12 ਮੰਤਰੀ ਪਰਿਸ਼ਦ ਅਤੇ ਪ੍ਰਧਾਨ ਮੰਤਰੀ ਵਿਚ ਸੰਬੰਧ (Relationship of the Council of Minsters with the Prime Minister)

ਮੰਤਰੀ ਪਰਿਸ਼ਦ ਦੇ ਮੁਕਾਬਲੇ ਵਿਚ ਪ੍ਰਧਾਨ ਮੰਤਰੀ ਇਕ ਖਾਸ ਸਥਿਤੀ ਰੱਖਦਾ ਹੈ ਜਿਸ ਨੂੰ ਕਿ ਸੰਵਿਧਾਨਿਕ ਮਾਨਤਾ ਵੀ ਪ੍ਰਾਪਤ ਹੈ। ਭਾਰਤੀ ਸੰਵਿਧਾਨ ਦੇ ਅਨੁਛੇਦ 74(1) ਅਧੀਨ ਰਾਸ਼ਟਰਪਤੀ ਦੇ ਕਾਰਜਾਂ ਨੂੰ ਚਲਾਣ ਲਈ ਇਕ ਮੰਤਰੀ ਪਰਿਸ਼ਦ ਦੀ ਵਿਵਸਥਾ ਕੀਤੀ ਗਈ ਹੈ। ਜਿਸ ਦਾ ਮੁੱਖੀ ਪ੍ਰਧਾਨ ਮੰਤਰੀ ਹੁੰਦਾ ਹੈ ਇਸ ਤਰ੍ਹਾਂ ਅਨੁਛੇਦ 75(1) ਵਿਚ ਅੰਕਿਤ ਕਿ ਮੰਤਰੀਆਂ ਦੀਆਂ ਨਿਯੁਕਤੀਆਂ ਰਾਸ਼ਟਰਪਤੀ ਦੁਆਰਾ ਪ੍ਰਧਾਨ ਮੰਤਰੀ ਦੀ ਸਲਾਹ ਨਾਲ ਕੀਤੀਆਂ ਜਾਣਗੀਆਂ। ਇਸ ਤੋਂ ਇਲਾਵਾ ਅਨੁਛੇਦ 78 ਅਨੁਸਾਰ ਪ੍ਰਧਾਨ ਮੰਤਰੀ ਮੰਡਲ ਪਰਿਸ਼ਦ ਅਤੇ ਰਾਸ਼ਟਰਪਤੀ ਵਿਚ ਸੰਪਰਕ ਦਾ ਕੰਮ ਕਰਦਾ ਹੈ। ਇਨ੍ਹਾਂ ਗੱਲਾਂ ਤੋਂ ਸਪੱਸ਼ਟ ਹੈ ਕਿ ਭਾਰਤੀ ਸੰਵਿਧਾਨ ਪ੍ਰਧਾਨ ਮੰਤਰੀ ਦੇ

ਮੁਕਾਬਲੇ ਉਤਮ ਦਰਜੇ (ਸਥਿਤੀ) ਦੇਂਦਾ ਹੈ ਇਹ ਸਥਿਤੀ ਹੇਠ ਦਿੱਤੇ ਸਿਰਲੇਖਾਂ ਵਿਚ ਵਰਣਨ ਕੀਤੀ ਜਾ ਸਕਦੀ ਹੈ।

2.4.12.1 (ੳ) ਮੰਤਰੀਆਂ ਦੀ ਚੋਣ (Selection of Ministers)

ਸੰਵਿਧਾਨ ਦੇ ਪੜ੍ਹਨ ਤੋਂ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਮੰਤਰੀਆਂ ਦੀਆਂ ਨਿਯੁਕਤੀ ਰਾਸ਼ਟਰਪਤੀ ਖੁਦ ਕਰਦਾ ਹੈ ਪਰੰਤੂ ਇਹ ਗੱਲ ਬਿਲਕੁਲ ਨਿਰਆਧਾਰ ਹੈ ਇਹ ਪ੍ਰਮਾਣਿਤ ਸਚਾਈ ਹੈ ਕਿ ਮੰਤਰੀ ਪਰਿਸ਼ਦ ਦੀ ਰਚਨਾ ਮੰਤਰੀਆਂ ਨੂੰ ਅਹੁੱਦੇ ਤੋਂ ਹਟਾਣਾ ਉਨ੍ਹਾਂ ਮਹਿਕਮਿਆਂ ਦੀ ਵੰਡ ਕਰਨਾ ਅਤੇ ਮੰਤਰੀ ਮੰਡਲ ਦਾ ਪੁਨਰ-ਗਠਨ ਕਰਨਾ ਆਦਿ ਪ੍ਰਧਾਨ ਮੰਤਰੀ ਦਾ ਪਰਮ ਅਧਿਕਾਰ ਹੈ ਇਸ ਦੇ ਬਾਰੇ ਕੋਈ ਸੰਦੇਹ ਨਹੀਂ ਹੈ।

ਉਹ ਮੰਤਰੀਆਂ ਦੀ ਚੋਣ ਕਰਦਾ ਹੈ ਅਤੇ ਇਸ ਗੱਲ ਦਾ ਫੈਸਲਾ ਕਰਦਾ ਹੈ ਕਿ ਕਿਸ ਮੰਤਰੀ ਨੂੰ ਕੈਬਨਿਟ ਮੰਤਰੀ, ਕਿਹੜੇ ਨੂੰ ਰਾਜ ਮੰਤਰੀ ਅਤੇ ਕਿਸ ਨੂੰ ਉਪ ਮੰਤਰੀ ਬਨਾਉਣਾ ਹੈ ਅਤੇ ਮੰਤਰੀ ਪਰਿਸ਼ਦ ਦਾ ਕੀ ਆਕਾਰ ਹੋਵੇ ਗਾ ? ਉਹ ਆਪਣੇ ਮੰਤਰੀਆਂ ਦੀ ਚੋਣ ਆਪਣੇ ਦਲ ਅਤੇ ਇੱਥੋਂ ਤਕ ਕਿ ਸੰਸਦ ਦੇ ਬਾਹਰੋਂ ਵੀ ਕਰ ਸਕਦਾ ਹੈ। ਪੰਡਿਤ ਨਹਿਰੂ ਨੇ ਆਪਣੇ ਮੰਤਰੀ ਪਰਿਸ਼ਦ ਵਿਚ ਕੁੱਝ ਅਜਿਹੇ ਮੰਤਰੀ ਵੀ ਨਿਯੁਕਤ ਕੀਤੇ ਜੋ ਕਾਂਗਰਸ ਪਾਰਟੀ ਦੇ ਮੈਂਬਰ ਨਹੀਂ ਸਨ। ਇਸ ਤੋਂ ਇਲਾਵਾ ਪੰਡਤ ਨਹਿਰੂ ਤੋਂ ਲੈ ਕੇ ਹੁਣ ਤਕ ਸਾਰੇ ਪ੍ਰਧਾਨ ਮੰਤਰੀਆਂ ਨੇ ਕੁਝ ਅਜਿਹੇ ਮੰਤਰੀ ਨਿਯੁਕਤ ਕੀਤੇ ਜੋ ਕਿ ਉਸ ਸਮੇਂ ਸੰਸਦ ਦੇ ਮੈਂਬਰ ਨਹੀਂ ਸਨ ਜੋ ਬਾਅਦ ਵਿਚ 6 ਮਹੀਨੇ ਦੇ ਅੰਦਰ ਅੰਦਰ ਸੰਸਦ ਦੇ ਕਿਸੇ ਇਕ ਸਦਨ ਦੇ ਮੈਂਬਰ ਬਣੇ। ਰਾਸ਼ਟਰਪਤੀ ਜਾਂ ਸੰਸਦ ਪ੍ਰਧਾਨ ਮੰਤਰੀ ਦੇ ਇਸ ਅਧਿਕਾਰ ਵਿਚ ਕੋਈ ਦਖਲ ਅੰਦਾਜੀ ਨਹੀਂ ਕਰ ਸਕਦੇ।

2.4.12.2 ਮਹਿਕਮਿਆਂ ਦੀ ਵੰਡ (Distribnution of Portfolios)

ਵੱਖ-ਵੱਖ ਮੰਤਰੀਆਂ ਵਿਚ ਮਹਿਕਮਿਆਂ ਦੀ ਵੰਡ ਵੀ ਪ੍ਰਧਾਨ ਮੰਤਰੀ ਹੀ ਕਰਦਾ ਹੈ। ਉਹ ਜਿਸ ਮੰਤਰੀ ਨੂੰ ਚਾਹੇ ਜੋ ਵਿਭਾਗ ਦੇ ਸਕਦਾ ਹੈ। ਉਸ ਦੀ ਇਸ ਸ਼ਕਤੀ ਉੱਤੇ ਕੋਈ ਵੀ ਸੰਵਿਧਾਨਕ ਬੰਦਸ਼ ਨਹੀਂ।

1.12.3 ਮੰਤਰੀ ਪਰਿਸ਼ਦ ਦਾ ਪੁਨਰ-ਗਠਨ (Reogranisation of the Council of Ministers)

ਪ੍ਰਸ਼ਾਸਨ ਨੂੰ ਕੁਸ਼ਲਤਾ ਪੂਰਵਕ ਚਲਾਉਣਾ ਪ੍ਰਧਾਨ ਮੰਤਰੀ ਦਾ ਮੁੱਖ ਕਰਤੱਵ ਹੈ। ਇਸ ਮੰਤਵ ਦੀ ਪੂਰਤੀ ਲਈ ਉਹ ਜਦੋਂ ਚਾਹੇ ਆਪਣੇ ਮੰਤਰੀ ਮੰਡਲ ਦਾ ਪੁਨਰ-ਗਠਨ ਕਰ ਸਕਦਾ ਹੈ। ਕੋਈ ਵੀ ਮੰਤਰੀ ਉਸ ਦੇ ਇਸ ਕਾਰਜ ਵਿਚ ਰੋੜਾ ਨਹੀਂ ਅਟਕਾ ਸਕਦਾ। ਇਸ ਤੋਂ ਇਲਾਵਾ ਜੇਕਰ ਉਹ ਕਿਸੇ ਮੰਤਰੀ ਦੇ ਕੰਮ ਨਾਲ ਖੁਸ਼ ਨਹੀਂ ਤਾਂ ਉਸ ਨੂੰ ਅਸਤੀਫਾ ਦੇਣ ਲਈ ਕਹਿ ਸਕਦਾ ਹੈ ਅਤੇ ਜੇ ਉਹ ਅਜਿਹਾ ਕਰਨ ਤੋਂ ਇਨਕਾਰ ਕਰਦਾ ਹੈ ਤਾਂ ਪ੍ਰਧਾਨ ਮੰਤਰੀ ਰਾਸ਼ਟਰਪਤੀ ਤੋਂ ਉਸ ਨੂੰ ਡਿਸਮਿਸ ਵੀ ਕਰਵਾ ਸਕਦਾ ਹੈ ਇਸ ਤਰ੍ਹਾਂ ਇਹ ਜ਼ਾਹਿਰ ਹੈ ਕਿ ਪ੍ਰਧਾਨ ਮੰਤਰੀ ਆਪਣੇ ਮੰਡਲ ਵਿਚ ਜਦੋਂ ਵੀ ਚਾਹੇ ਤਬਦੀਲੀ ਕਰ ਸਕਦਾ ਹੈ।

2.4.12.4 ਮੰਤਰੀ-ਮੰਡਲ ਦਾ ਅਧਿਅਕਸ਼ (Chairman of the Cabinet)

ਜੇਕਰ ਰਾਸ਼ਟਰਪਤੀ ਨੇ ਕਿਸੇ ਵਿਭਾਗ ਬਾਰੇ ਕੋਈ ਸੂਚਨਾ ਲੈਣੀ ਹੋਵੇ ਤਾਂ ਉਹ ਕੇਵਲ ਪ੍ਰਧਾਨ ਮੰਤਰੀ ਰਾਹੀਂ ਹੀ ਲੈ ਸਕਦਾ ਹੈ। ਉਹ ਸੰਬੰਧਿਤ ਮੰਤਰੀ ਨਾਲ ਸਿੱਧਾ ਰਾਫਤਾ ਕਾਇਮ ਨਹੀਂ ਕਰ ਸਕਦਾ। ਇਸ ਤਰ੍ਹਾਂ ਜੇ ਕਰ ਕਿਸੇ ਮੰਤਰੀ ਨੇ ਰਾਸ਼ਟਰਪਤੀ ਪਾਸੋਂ ਕਿਸੇ ਮਾਮਲੇ ਸੰਬੰਧੀ ਸਲਾਹ ਲੈਣੀ ਹੋਵੇ ਤਾਂ ਉਹ ਵੀ ਪ੍ਰਧਾਨ ਮੰਤਰੀ ਰਾਹੀਂ ਹੀ ਅਜਿਹਾ ਕਰ ਸਕਦਾ ਹੈ। ਰਾਸ਼ਟਰਪਤੀ ਅਤੇ ਮੰਤਰੀ ਮੰਡਲ ਵਿਚਕਾਰ ਕੋਈ ਸਿੱਧਾ ਸੰਬੰਧ ਨਹੀਂ, ਸਗੋਂ ਪ੍ਰਧਾਨ ਮੰਤਰੀ ਹੀ ਦੋਹਾਂ ਵਿਚ ਕੜੀ ਦਾ ਕੰਮ ਕਰਦਾ ਹੈ।

2.4.12.5 ਸਰਕਾਰ ਦਾ ਮੁੱਖੀ (Leader of the Government)

ਪ੍ਰਧਾਨ ਮੰਤਰੀ ਸਰਕਾਰ ਦਾ ਮੁੱਖੀ ਹੁੰਦਾ ਹੈ। ਉਹ ਸਾਰੇ ਪ੍ਰਸ਼ਾਸਕੀ ਵਿਭਾਗਾਂ ਦਾ ਗਿਆਨ ਰੱਖਦਾ ਹੈ ਅਤੇ ਸਰਕਾਰ ਦੀ ਅੰਦਰੂਨੀ ਤੇ ਵਿਦੇਸ਼ੀ ਨੀਤੀ ਦਾ ਨਿਰਮਾਣ ਵੀ ਮੁੱਖ ਰੂਪ ਵਿਚ ਉਹੀ ਹੀ ਕਰਦਾ ਹੈ। ਸਾਰੇ ਵਿਭਾਗਾਂ ਦੇ ਮੰਤਰੀ ਉਸ ਦੀ ਦੇਖ-ਰੇਖ ਅਧੀਨ ਕੰਮ ਕਰਦੇ ਹਨ। ਸਰਕਾਰ ਦਾ ਕੋਈ ਵੀ ਕੰਮ ਉਸਦੀ ਇੱਛਾ ਤੋਂ ਬਗੈਰ ਨਹੀਂ ਹੋ ਸਕਦਾ।

ਉਪਰ ਦਿੱਤੀ ਵਿਆਖਿਆ ਤੋਂ ਇਹ ਸਾਬਿਤ ਹੋ ਜਾਂਦਾ ਹੈ ਕਿ ਮੰਤਰੀ ਪਰਿਸ਼ਦ ਅਤੇ ਪ੍ਰਧਾਨ ਮੰਤਰੀ ਵਿਚ ਗੂੜ੍ਹਾ ਸੰਬੰਧ ਹੈ। ਕੁਝ ਵਿਦਵਾਨ ਪ੍ਰਧਾਨ ਮੰਤਰੀ ਅਤੇ ਬਾਕੀ ਮੰਤਰੀਆਂ ਦੇ ਸੰਬੰਧ ਨੂੰ ''ਬਰਾਬਰ ਵਾਲਿਆਂ ਵਿਚੋਂ ਪਹਿਲਾਂ ਵਿਅਕਤੀ'' (First among equals) ਕਹਿ ਕੇ ਇਸ ਦੀ ਵਿਆਖਿਆ ਕਰਦੇ ਹਨ। ਪਰੰਤੂ ਅਸਲੀਅਤ ਵਿਚ ਪ੍ਰਧਾਨ ਮੰਤਰੀ ਦੀ ਸਥਿਤੀ ਬਾਕੀ ਮੰਤਰੀਆਂ ਦੇ ਮੁਕਾਬਲੇ ਬਹੁਤ ਸ਼ਕਤੀਸ਼ਾਲੀ ਹੈ। ਇਸ

ਲਈ ਅਸੀਂ ਕਹਿ ਸਕਦੇ ਹਾਂ ਕਿ ਉਹ ''ਬਰਾਬਰ ਵਾਲਿਆਂ ਵਿਚੋਂ ਪਹਿਲਾਂ ਨਹੀਂ '' ਬਲਕਿ ''ਉਹ ਸੂਰਜ ਹੈ ਜਿਸ ਦੇ ਦੁਆਲੇ ਬਾਕੀ ਸਾਰੇ ਮੰਤਰੀ ਗ੍ਰਹਿਆਂ ਵਾਂਗ ਘੁੰਮਦੇ ਹਨ ।'' (The Prime Minister is the Sun around which the minister revolve like planets) ਦਲ ਬਦਲੀ ਵਿਰੁੱਧ ਕਾਨੂੰਨ ਬਣਨ ਨਾਲ ਪ੍ਰਧਾਨ ਮੰਤਰੀ ਦੀ ਸਥਿਤੀ ਪਹਿਲਾਂ ਨਾਲੋਂ ਇਕ ਪਾਸਿਓ ਵਧੇਰੇ ਸਥਿਰ ਹੋ ਗਈ ਕਿਉਂਕਿ ਇਸ ਤੋਂ ਪਹਿਲਾਂ ਕੋਈ ਵੀ ਮੈਂਬਰ ਦਲ ਬਦਲ ਕੇ ਜਾਂ ਬਦਲਣ ਦੀ ਇੱਛਾ ਪ੍ਰਗਟ ਕਰਕੇ ਮੰਤਰੀ ਤੇ ਹਾਵੀ ਹੋ ਸਕਦਾ ਸੀ ਪਰੰਤੂ ਹੁਣ ਅਜਿਹਾ ਕੋਈ ਇਕੱਲਾ ਮੈਂਬਰ ਨਹੀਂ ਕਰ ਸਕਦਾ ਸਗੋਂ ਉਸ ਦੇ ਪਿੱਛੇ ਘਟੋ ਘੱਟ ਇਕ ਤਿਹਾਈ ਮੈਂਬਰਾਂ ਦੀ ਹਮਾਇਤ ਹੋਣੀ ਜ਼ਰੂਰੀ ਹੈ । ਇਸ ਤਰ੍ਹਾਂ ਪ੍ਰਧਾਨ ਮੰਤਰੀ ਕਿਸੇ ਵਿਅਕਤੀ ਦੇ ਪ੍ਰਭਾਵ ਹੇਠਾਂ ਨਹੀਂ ਆ ਸਕਦਾ ।

2.4.13. ਮੰਤਰੀ ਪਰਿਸ਼ਦ ਅਤੇ ਰਾਸ਼ਟਰਪਤੀ ਵਿਚ ਸੰਬੰਧ (Relations between Council Ministers and President)

ਸੰਵਿਧਾਨ ਦੇ ਅਨੁਛੇਦ 74(1) ਵਿਚ ਰਾਸ਼ਟਰਪਤੀ ਹੈ ਉਸ ਦੇ ਕਾਰਜਾਂ ਵਿਚ ਸਲਾਹ ਦੇਣ ਲਈ ਮੰਤਰੀ ਪਰਿਸ਼ਦ ਦੀ ਵਿਵਸਥਾ ਕੀਤੀ ਗਈ ਹੈ । ਭਾਵੇਂ ਸਿਧਾਂਤਕ ਤੌਰ ਤੇ ਮੰਤਰੀ ਪਰਿਸ਼ਦ ਦੀ ਹੋਂਦ ਸਲਾਹਕਾਰ ਕਮੇਟੀ ਵਾਲੀ ਹੈ ਪਰੰਤੂ ਅਸਲੀਅਤ ਵਿਚ ਰਾਸ਼ਟਰਪਤੀ ਦੀਆਂ ਸਾਰੀਆਂ ਸ਼ਕਤੀਆਂ ਦਾ ਪ੍ਰਯੋਗ ਮੰਤਰੀ ਮੰਡਲ ਹੀ ਕਰਦਾ ਹੈ । 42ਵੀਂ ਸੋਧ ਅਧੀਨ ਹੁਣ ਸੰਵਿਧਾਨ ਵਿਚ ਇਹ ਅੰਕਿਤ ਕਰ ਦਿੱਤਾ ਗਿਆ ਹੈ ਕਿ ਰਾਸ਼ਟਰਪਤੀ ਨੂੰ ਆਪਣੇ ਕਾਰਜ ਨਿਭਾਉਣ ਸਮੇਂ ਮੰਤਰੀ ਪਰਿਸ਼ਦ ਦੀ ਸਲਾਹ ਨੂੰ ਮੰਨਣਾ ਜ਼ਰੂਰੀ ਹੈ ।

ਰਾਸ਼ਟਰਪਤੀ ਅਤੇ ਮੰਤਰੀ ਪਰਿਸ਼ਦ ਦੇ ਸੰਬੰਧਾਂ ਬਾਰੇ ਇਕ ਗੱਲ ਵਰਣਨਯੋਗ ਹੈ ਕਿ ਮੰਤਰੀ ਪਰਿਸ਼ਦ ਦੇ ਮੈਂਬਰਾਂ ਦਾ ਰਾਸ਼ਟਰਪਤੀ ਨਾਲ ਕੋਈ ਸਿੱਧਾ ਸੰਬੰਧ ਨਹੀਂ ਹੈ । ਨਾ ਤਾਂ ਰਾਸ਼ਟਰਪਤੀ ਹੀ ਕਿਸੇ ਮੰਤਰੀ ਨੂੰ ਸਿੱਧੇ ਰੂਪ ਵਿਚ ਪ੍ਰਸ਼ਾਸਨ ਦੇ ਕੰਮਾਂ ਸੰਬੰਧੀ ਮਿਲ ਸਕਦਾ ਹੈ ਅਤੇ ਨਾਂ ਹੀ ਕੋਈ ਮੰਤਰੀ ਆਪਣੇ ਮਹਿਕਮੇ ਨਾਲ ਸੰਬੰਧਿਤ ਸਲਾਹ ਸਿੱਧਾ ਰਾਸ਼ਟਰਪਤੀ ਨਾਲ ਕਰ ਸਕਦਾ ਹੈ । ਦੋਹਾਂ ਵਿਚ ਸੰਬੰਧ ਪ੍ਰਧਾਨ ਮੰਤਰੀ ਦੁਆਰਾ ਸਥਾਪਿਤ ਕੀਤੇ ਗਏ ਹਨ ।

ਵਿਵਹਾਰਕ ਤੌਰ ਤੇ ਮੰਤਰੀ ਪਰਿਸ਼ਦ ਅਸਲੀ ਕਾਰਜ ਪਾਲਿਕਾ ਹੈ ਅਤੇ ਉਹਨਾਂ ਸਭ ਸ਼ਕਤੀਆਂ ਦੇ ਪ੍ਰਯੋਗ ਲਈ ਰਾਸ਼ਟਰਪਤੀ ਨੂੰ ਸਲਾਹ ਦਿੰਦਾ ਹੈ ਜੋ ਸੰਵਿਧਾਨ ਦੁਆਰਾ ਰਾਸ਼ਟਰਪਤੀ ਨੂੰ ਦਿੱਤੀਆਂ ਗਈਆਂ ਹਨ ਅਤੇ ਰਾਸ਼ਟਰਪਤੀ ਲਈ ਇਹ ਸਲਾਹ ਮੰਨਣੀ ਜ਼ਰੂਰੀ ਹੈ ।

2.4.14 ਨਿਚੋੜ

ਸੰਘੀ ਸਰਕਾਰ ਦੀਆਂ ਸਮੁੱਚੀਆਂ ਕਾਰਜਕਾਰੀ ਸ਼ਕਤੀਆਂ ਰਾਸ਼ਟਰਪਤੀ ਨੂੰ ਸੌਂਪੀਆਂ ਗਈਆਂ ਹਨ । ਉਹ ਇਨ੍ਹਾਂ -ਸ਼ਕਤੀਆਂ ਦੀ ਵਰਤੋਂ ਅਤੇ ਆਪਣੇ ਕਾਰਜਾਂ ਦਾ ਨਿਪਟਾਰਾ ਸੰਘੀ ਮੰਤਰੀ ਪਰਿਸ਼ਦ ਦੀ ਸਲਾਹ ਨਾਲ ਹੀ ਕਰਦਾ ਹੈ । ਪਹਿਲਾਂ ਕਦਮ ਪ੍ਰਧਾਨ ਮੰਤਰੀ ਦੀ ਨਿਯੁਕਤੀ ਹੈ । ਪ੍ਰਧਾਨਮੰਤਰੀ ਉਸ ਵਿਅਕਤੀ ਨੂੰ ਨਿਯੁੱਕਤ ਕੀਤਾ ਜਾਂਦਾ ਹੈ । ਜਿਸਨੂੰ ਲੋਕ ਸਭਾ ਵਿਚ ਬਹੁਮਤ ਪ੍ਰਾਪਤ ਹੋਵੇ । ਭਾਵੇਂ ਸਿਧਾਂਤਕ ਰੂਪ ਵਿਚ ਪ੍ਰਧਾਨ ਮੰਤਰੀ ਆਪਣੇ ਮੰਤਰੀਆਂ ਨੂੰ ਚੁਣਨ ਵਿਚ ਪੂਰਨ ਤੌਰ ਤੇ ਆਜ਼ਾਦ ਹੈ ਪਰੰਤੂ ਵਿਵਹਾਰਕ ਤੌਰ ਤੇ ਉਸ ਉਤੇ ਬੰਦਸ਼ਾ ਹਨ ਜਿੰਨ੍ਹਾਂ ਦਾ ਉਸਨੂੰ ਧਿਆਨ ਰੱਖਣਾ ਪੈਂਦਾ ਹੈ । ਮੰਤਰੀ ਪਰਿਸ਼ਦ ਅਤੇ ਮੰਤਰੀ ਮੰਡਲ ਦੋਹਾਂ ਸ਼ਬਦਾਂ ਨੂੰ ਇਕ ਦੂਜੇ ਦੀ ਥਾਂ ਵਰਤ ਲਿਆ ਜਾਦਾ, ਪਰੰਤੂ ਦੋਨਾਂ ਵਿਚ ਬਹੁਤ ਅੰਤਰ ਹੈ । ਸੰਵਿਧਾਨਕ ਤੌਰ ਤੇ ਮੰਤਰੀਆਂ ਵਿਚ ਮਹਿਕਮਿਆਂ ਦੀ ਵੰਡ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ ਪਰੰਤੂ ਅਸਲ ਵਿਚ ਇਹ ਪ੍ਰਧਾਨਮੰਤਰੀ ਦਾ ਹੀ ਪਰਮ-ਅਧਿਕਾਰ ਹੈ । ਹਰ ਮੰਤਰੀ ਨੂੰ ਮੰਤਰੀ ਮੰਡਲ ਦੇ ਸਾਂਝੇ ਫੈਸਲਿਆਂ ਨੂੰ ਅਪਣਾਉਣਾ ਪੈਂਦਾ ਹੈ ਅਤੇ ਉਨ੍ਹਾਂ ਦਾ ਸਮਰਥਨ ਕਰਨਾ ਪੈਂਦਾ ਹੈ ਜੇਕਰ ਉਹ ਅਜਿਹਾ ਨਹੀਂ ਕਰਦਾ ਤਾਂ ਉਸ ਕੋਲ ਤਿਆਗ ਪੱਤਰ ਦੇਣ ਤੋਂ ਇਲਾਵਾ ਹਰ ਕੋਈ ਚਾਰਾ ਨਹੀਂ ਹੁੰਦਾ । ਮੰਤਰੀ ਪਰਿਸ਼ਦ ਦੇ ਕਾਰਜ ਅਤੇ ਸ਼ਕਤੀਆਂ ਦਾ ਸੰਵਿਧਾਨ ਵਿਚ ਕਿਧਰੇ ਵਰਨਣ ਨਹੀਂ ਮਿਲਦਾ ਹੈ । ਅਸਲ ਵਿਚ ਰਾਸ਼ਟਰਪਤੀ ਇਕ ਨਾਂ ਮਾਤਰ ਮੁਖੀਆ ਹੈ ਸਾਰੇ ਕੰਮ ਮੰਤਰੀ ਪਰਿਸ਼ਦ ਦੁਆਰਾ ਕੀਤੇ ਜਾਂਦੇ ਹਨ । ਵਿਵਹਾਰਕ ਤੌਰ ਤੇ ਮੰਤਰੀ ਪਰਿਸ਼ਦ ਅਸਲੀ ਕਾਰਜ ਪਾਲਿਕਾ ਹੈ ।

2.4.15 ਸਵੈ-ਅਭਿਆਸ ਲਈ ਪ੍ਰਸ਼ਨ

(i) ਮੰਤਰੀ ਪਰਿਸ਼ਦ ਦੀ ਰਚਨਾ ਕੌਣ ਕਰਦਾ ਹੈ ।

(ii) ਮੰਤਰੀ ਮੰਡਲ ਤੇ ਮੰਤਰੀ ਪਰਿਸ਼ਦ ਵਿਚ ਕੀ ਫ਼ਰਕ ਹੈ ।

(iii) ਮੰਤਰੀਆਂ ਦੀ ਨਿਯੁਕਤੀ ਵੇਲੇ ਕਿਹੜੇ ਤੱਤ ਪ੍ਰਧਾਨ ਮੰਤਰੀ ਨੂੰ ਪ੍ਰਭਾਵਿਤ ਕਰਦੇ ਹਨ ।
(iv) ਮੰਤਰੀਆਂ ਦੀਆਂ ਕਿਨ੍ਹੀਆਂ ਕਿਸਮਾਂ ਹਨ ।
(v) ਮੰਤਰੀ ਪਰਿਸ਼ਦ ਦੇ ਮੁੱਖ ਕੋਈ ਚਾਰ ਕੰਮ ਲਿਖੋ
(vi) ਮੰਤਰੀਆਂ ਦੀ ਚੋਣ ਤੇ ਮਹਿਕਮਿਆਂ ਦੀ ਵੰਡ ਕੌਣ ਕਰਦਾ ਹੈ ।

1.16 ਸੁਝਾਈਆਂ ਗਈਆਂ ਪੁਸਤਕਾਂ

G.N. Joshi : The Constitution of India
S.S. Nanda : Constitution of India (Pbi. Ed.)

ਬੀ. ਏ. ਭਾਗ–ਦੂਜਾ — **ਰਾਜਨੀਤੀ ਵਿਗਿਆਨ**
ਸਮੈਸਟਰ ਤੀਜਾ
ਪਾਠ ਨੰ: 2.5 — **ਲੇਖਕ : ਡਾ. ਜੇ . ਆਰ. ਸੀਵਾਚ**

ਪ੍ਰਧਾਨ ਮੰਤਰੀ : ਸ਼ਕਤੀਆਂ ਅਤੇ ਸਥਿਤੀ

2.5.0 ਪਾਠ ਦੀ ਭੂਮਿਕਾ
2.5.1 ਪ੍ਰਧਾਨ ਮੰਤਰੀ ਦੀ ਨਿਯੁਕਤੀ
2.5.2 ਪ੍ਰਧਾਨ ਮੰਤਰੀ ਦੀ ਨਿਯੁਕਤੀ ਲਈ ਰਾਸ਼ਟਰਪਤੀ ਦੀ ਇੱਛਾ ਦੀ ਵਰਤੋਂ
2.5.3 ਪ੍ਰਧਾਨ ਮੰਤਰੀ ਦੀ ਬਰਖਾਸਤਗੀ
2.5.4 ਪ੍ਰਧਾਨ ਮੰਤਰੀ ਅਤੇ ਮੰਤਰੀ ਪਰਿਸ਼ਦ
2.5.5 ਪ੍ਰਧਾਨ ਮੰਤਰੀ ਅਤੇ ਸੰਸਦ
2.5.6 ਪ੍ਰਧਾਨ ਮੰਤਰੀ ਅਤੇ ਪ੍ਰਸ਼ਾਸਨ
2.5.7 ਪ੍ਰਧਾਨ ਮੰਤਰੀ ਅਤੇ ਦਲ ਤੇ Coalition Govts.
2.5.8 ਨਿਚੋੜ
2.5.9 ਸਵੈ-ਅਭਿਆਸ ਲਈ ਪ੍ਰਸ਼ਨ
2.5.10 ਸੁਝਾਈਆਂ ਗਈਆਂ ਪੁਸਤਕਾਂ

2.5.0 ਪਾਠ ਦੀ ਭੂਮਿਕਾ

ਸ਼ਕਤੀਆਂ ਦੇ ਅਨੁਛੇਦ 74 ਅਨੁਸਾਰ, ਇਕ ਮੰਤਰੀ ਪਰਿਸ਼ਦ ਹੋਵੇਗੀ ਜਿਸ ਦਾ ਮੁੱਖੀ ਪ੍ਰਧਾਨ ਮੰਤਰੀ ਹੋਵੇਗਾ ਅਤੇ ਜਿਹੜੀ ਕਿ ਰਾਸ਼ਟਰਪਤੀ ਨੂੰ ਸਹਾਇਤਾ ਅਤੇ ਸਲਾਹ ਦੇਵੇਗੀ ਅਤੇ ਰਾਸ਼ਟਰਪਤੀ ਇਸ ਸਲਾਹ ਅਨੁਸਾਰ ਆਪਣੇ ਕਾਰਜ ਕਰੇਗਾ । 42ਵੀਂ ਸੋਧ ਤੋਂ ਪਿਛੋਂ ਇਹ ਸਥਿਤੀ ਹੈ । ਸੰਵਿਧਾਨ ਦੀ 44ਵੀਂ ਸੋਧ ਨੇ ਰਾਸ਼ਟਰਪਤੀ ਨੂੰ ਕੇਵਲ ਇਹ ਅਧਿਕਾਰ ਦਿੱਤਾ ਹੈ ਕਿ ਉਹ ਮੰਤਰੀ ਪਰਿਸ਼ਦ ਦੇ ਫੈਸਲੇ ਨੂੰ ਪੁਨਰ ਵਿਚਾਰ, ਲਈ ਮੰਤਰੀ ਪਰਿਸ਼ਦ ਨੂੰ ਵਾਪਿਸ ਕਰ ਸਕਦਾ ਹੈ ।

2.5.1 ਪ੍ਰਧਾਨ ਮੰਤਰੀ ਦੀ ਨਿਯੁਕਤੀ

ਸੰਵਿਧਾਨ ਦੇ ਅਨੁਛੇਦ 75 (1) ਅਨੁਸਾਰ ਪ੍ਰਧਾਨ ਮੰਤਰੀ ਰਾਸ਼ਟਰਪਤੀ ਰਾਹੀਂ ਨਿਯੁਕਤ ਕੀਤਾ ਜਾਵੇਗਾ ਅਤੇ ਉਸ ਦੀ ਨਿਯੁਕਤੀ ਦੇ ਸਮੇਂ ਉਸ ਦਾ ਸੰਸਦ ਦੇ ਕਿਸੇ ਵੀ ਸਦਨ ਦਾ ਮੈਂਬਰ ਹੋਣਾ ਜ਼ਰੂਰੀ ਨਹੀਂ, ਪਰੰਤੂ ਜੇਕਰ ਕਿਸੇ ਅਜਿਹੇ ਵਿਅਕਤੀ ਨੂੰ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਜਾਂਦਾ ਹੈ ਜੋ ਨਿਯੁਕਤੀ ਦੇ ਸਮੇਂ ਕਿਸੇ ਵੀ ਸਦਨ ਦਾ ਮੈਂਬਰ ਨਹੀਂ ਤਾਂ ਜੇ ਉਹ ਛੇ ਮਹੀਨਿਆਂ ਦੇ ਅੰਦਰ ਅੰਦਰ ਮੈਂਬਰ ਨਹੀਂ ਚੁਣਿਆ ਜਾਂਦਾ ਤਾਂ ਉਸ ਨੂੰ ਪ੍ਰਧਾਨ ਮੰਤਰੀ ਪਦ ਤੋਂ ਅਸਤੀਫਾ ਦੇਣਾ ਪਵੇਗਾ । ਹੁਣ ਤੱਕ ਪ੍ਰਧਾਨ ਮੰਤਰੀ ਸ੍ਰੀ ਪੀ.ਵੀ. ਨਰਸਿੰਮਾਹ ਰਾਓ ਦਾ ਹੀ ਇਕ ਇਹੋ ਜਿਹਾ ਉਦਾਹਰਣ ਸੀ ਜੋ ਪ੍ਰਧਾਨ ਮੰਤਰੀ ਨਿਯੁਕਤ ਹੋਣ ਤੋਂ ਪਹਿਲਾਂ ਕਿਸੇ ਵੀ ਸਦਨ ਦੇ ਮੈਂਬਰ ਨਹੀਂ ਸਨ । ਉਹਨਾਂ ਨੇ ਲੋਕ ਸਭਾ ਦੀ ਮੈਂਬਰਸ਼ਿਪ ਬਾਅਦ ਵਿਚ ਆਂਧਰਾ ਪ੍ਰਦੇਸ਼ ਦੇ ਨਡਿਆਲ ਚੋਣ ਖੇਤਰ ਤੋਂ ਲੋਕ ਸਭਾ ਦੁਆਰਾ ਉਪ-ਚੋਣਾਂ ਜਿੱਤ ਕੇ ਪ੍ਰਾਪਤ ਕੀਤੀ । ਪਰ ਮਈ 1996 ਵਿਚ ਹੋਈਆਂ ਚੋਣਾਂ ਦੁਆਰਾ ਯੂਨਾਇਟਿਡ ਫਰੰਟ ਰਾਹੀਂ ਬਣਾਈ ਸਰਕਾਰ ਦੇ ਪ੍ਰਧਾਨ ਮੰਤਰੀ ਦੇਵਗੌੜਾ ਅਤੇ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਦੋਵੇਂ ਹੀ ਰਾਜ ਸਭਾ ਦੇ ਮੈਂਬਰ ਸਨ । ਦੇਵਗੌੜਾ ਪ੍ਰਧਾਨ ਮੰਤਰੀ ਦਾ ਅਹੁੱਦਾ ਸੰਭਾਲਣ ਵੇਲੇ ਉਹ ਕਰਨਾਟਕ ਅਸੈਂਬਲੀ ਦੇ ਮੈਂਬਰ ਤੇ ਰਾਜ ਦੇ ਮੁੱਖ ਮੰਤਰੀ ਸਨ, ਪਰ ਬਾਅਦ ਵਿਚ ਉਹ ਉਸੇ ਹੀ ਰਾਜ ਤੋਂ ਉਹ ਰਾਜ ਸਭਾ ਲਈ ਨਿਰਵਿਰੋਧ ਚੁਣੇ ਜਾਣ ਉਪਰੰਤ ਸੰਸਦ ਦੇ ਮੈਂਬਰ ਬਣ ਗਏ ਸਨ । ਗੁਜਰਾਲ ਪਹਿਲਾਂ ਹੀ ਰਾਜ ਸਭਾ ਦੇ ਮੈਂਬਰ ਸਨ ।

ਇੰਗਲੈਂਡ ਵਿਚ ਇਕ ਰਿਵਾਇਤ ਹੈ ਕਿ ਪ੍ਰਧਾਨ ਮੰਤਰੀ ਆਮ ਤੌਰ ਤੇ ਲੋਕ ਸਦਨ (ਹਾਊਸ ਆਫ ਕਾਮਨਜ਼) ਵਿਚੋਂ ਜਾਂਦਾ ਹੈ । ਇਹ ਰਿਵਾਇਤ 1923 ਵਿਚ ਕਾਇਮ ਕੀਤੀ ਗਈ ਅਤੇ 1963 ਤਕ ਇਸ ਉੱਤੇ ਪੂਰੀ ਤਰ੍ਹਾਂ ਅਮਲ ਹੋਇਆ । 1963 ਵਿਚ ਇਸ ਪ੍ਰਥਾ ਦੀ ਆਰਜ਼ੀ ਤੌਰ ਤੇ ਉਲੰਘਣਾ ਕੀਤੀ ਗਈ ਜਦੋਂ ਕਿ ਹੈਰਲਡ

ਮੈਕਮਿਲਨ ਦੇ ਤਿਆਗ ਪੱਤਰ ਤੋਂ ਪਿੱਛੋਂ ਮਲਕਾ ਨੇ ਲਾਰਡ ਸਦਨ (ਹਾਊਸ ਆਫ ਲਾਰਡਜ਼) ਦੇ ਮੈਂਬਰ ਆਫ ਹੋਮ ਨੂੰ ਪ੍ਰਧਾਨ ਮੰਤਰੀ ਨਿਯੁਕਤੀ ਤੋਂ ਫੌਰਨ ਪਿੱਛੋਂ ਉਸ ਨੇ ਲਾਰਡ ਸਦਨ (House of Loards) ਵਿਚੋਂ ਅਸਤੀਫਾ ਦੇ ਦਿੱਤਾ ਅਤੇ ਲੋਕ ਸਦਨ (House of Commons) ਲਈ ਚੋਣ ਲੜ ਕੇ ਇਸ ਦਾ ਮੈਂਬਰ ਬਣ ਗਿਆ। ਭਾਰਤ ਵਿਚ 1971 ਵਿਚ ਲਾਲ ਬਹਾਦਰ ਸ਼ਾਸਤਰੀ ਦੀ ਮ੍ਰਿਤੂ ਤੋਂ ਪਿੱਛੋਂ ਸ੍ਰੀਮਤੀ ਇੰਦਰਾ ਗਾਂਧੀ ਜੋ ਉਸ ਸਮੇਂ ਰਾਜ ਸਭਾ ਦੀ ਮੈਂਬਰ ਸੀ, ਪ੍ਰਧਾਨ ਮੰਤਰੀ ਬਣੀ। ਉਹ ਚੌਥੀਆਂ ਆਮ ਚੋਣਾ ਰਾਹੀਂ ਲੋਕ ਸਭਾ ਦੀ ਮੈਂਬਰ ਬਣੀ। ਪਰੰਤੂ ਭਾਰਤ ਵਿਚ ਇਹ ਕੋਈ ਪੱਕੀ ਪਰੰਪਰਾ ਨਹੀਂ ਬਣ ਸਕੀ। ਇਹ ਗੱਲ ਵੱਖਰੀ ਹੈ ਕਿ ਹੁਣ ਤਕ ਜ਼ਿਆਦਾਤਰ ਪ੍ਰਧਾਨ ਮੰਤਰੀ ਲੋਕ ਸਭਾ ਵਿਚੋਂ ਹੀ ਬਣੇ।

2.5.2 ਪ੍ਰਧਾਨ ਮੰਤਰੀ ਦੀ ਨਿਯੁਕਤੀ ਲਈ ਰਾਸ਼ਟਰਪਤੀ ਦੀ ਇੱਛਾ ਦੀ ਵਰਤੋਂ

ਸਾਧਾਰਣ ਤੌਰ ਤੇ ਪ੍ਰਧਾਨ ਮੰਤਰੀ ਦੀ ਨਿਯੁਕਤੀ ਕਰਦੇ ਸਮੇਂ ਰਾਸ਼ਟਰਪਤੀ ਆਪਣੀ ਇੱਛਾ ਦੀ ਵਰਤੋਂ ਨਹੀਂ ਕਰਦਾ ਕਿਉਂਕਿ ਉਹ ਉਸ ਵਿਅਕਤੀ ਨੂੰ ਹੀ ਪ੍ਰਧਾਨ ਮੰਤਰੀ ਨਿਯੁਕਤ ਕਰਦਾ ਹੈ ਜੋ ਲੋਕ ਸਭਾ ਵਿਚ ਬਹੁਮਤ ਪ੍ਰਾਪਤ ਦਲ ਦਾ ਨੇਤਾ ਹੋਵੇ। ਫਿਰ ਵੀ ਇਹ ਪੁਛਿਆ ਜਾ ਸਕਦਾ ਹੈ ਕਿ ਪ੍ਰਧਾਨ ਮੰਤਰੀ ਦੀ ਨਿਯੁਕਤੀ ਵਿਚ ਰਾਸ਼ਟਰਪਤੀ

ਕਿਸ ਹੱਦ ਤਕ ਆਪਣੀ ਇੱਛਾ ਦੀ ਵਰਤੋਂ ਕਰ ਸਕਦਾ ਹੈ। ਜੇ ਕਿਸੇ ਦਲ ਦਾ ਲੋਕ ਸਭਾ ਵਿਚ ਸਪਸ਼ਟ ਬਹੁਮਤ ਹੈ ਅਤੇ ਇਸ ਦਾ ਇਕ ਸਵੀਕ੍ਰਿਤ ਨੇਤਾ ਹੈ ਤਾਂ ਉਸ ਦੀ ਨਿਯੁਕਤੀ ਵਿਚ ਰਾਸ਼ਟਰਪਤੀ ਦਾ ਕੋਈ ਦਖਲ ਨਹੀਂ ਪਰੰਤੂ ਜੇ ਚੋਣਾਂ ਪਿੱਛੋਂ ਕਿਸੇ ਵੀ ਦਲ ਦਾ ਸਪਸ਼ਟ ਬਹੁਮਤ ਨਹੀਂ ਹੁੰਦਾ ਤਾਂ ਪ੍ਰਧਾਨ ਮੰਤਰੀ ਦੀ ਨਿਯੁਕਤੀ ਵਿਚ ਰਾਸ਼ਟਰਪਤੀ ਇਕ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ। ਜੇ ਕਿਸੇ ਵੀ ਦਲ ਨੂੰ ਬਹੁਮਤ ਨਾ ਪ੍ਰਾਪਤ ਹੋਵੇ ਤਾਂ ਰਾਸ਼ਟਰਪਤੀ ਸਭ ਤੋਂ ਵੱਡੇ ਦਲ ਦੇ ਨੇਤਾ ਨੂੰ ਹੀ ਸਰਕਾਰ ਬਣਾਉਣ ਦਾ ਸੱਦਾ ਦਿੰਦਾ ਹੈ। ਇਸ ਸ਼ਰਤ ਨਾਲ ਕਿ ਉਹ ਲੋਕ ਸਭਾ ਵਿਚ ਆਪਣਾ ਬਹੁਮਤ ਸਿੱਧ ਕਰ ਸਕੇ ਪਰੰਤੂ ਇਥੇ ਰਾਸ਼ਟਰਪਤੀ ਦੀ ਇੱਛਾ ਉਤੇ ਕਾਫੀ ਕੁਝ ਨਿਰਭਰ ਕਰਦਾ ਹੈ। ਜੇਕਰ ਸਭ ਤੋਂ ਵੱਡੇ ਦਲ ਦੇ ਨੇਤਾ ਨੰ ਸਰਕਾਰ ਬਣਾਉਣ ਲਈ ਸੱਦਾ ਦੇਣ ਦਾ ਸਿਧਾਂਤ ਨਾ ਅਪਨਾਇਆ ਜਾਵੇ ਤਾਂ ਅਜਿਹੀ ਸਥਿਤੀ ਵਿਚ ਰਾਸ਼ਟਰਪਤੀ ਮਹੱਤਵਪੂਰਣ ਭੂਮਿਕਾ ਨਿਭਾ ਸਕਦਾ ਹੈ। ਇਹੋ ਕੁਝ ਵੀ ਵੀਮਰ (Wiemer) ਸੰਵਿਧਾਨ ਦੇ ਅੰਤਰਗਤ ਜਰਮਨੀ ਦੇ ਰਾਸ਼ਟਰਪਤੀ ਐਬਰਟ (Ebret) ਨੇ ਕੀਤਾ। ਜਦੋਂ ਮਈ 1942 ਵਿਚ ਚੋਣਾ ਹੋਈਆਂ ਰਸਿਟੈਸ (Reichstag) ਵਿਚ ਕਿਸੇ ਵੀ ਦਲ ਨੂੰ ਪੂਰਣ ਬਹੁਮਤ ਨਾ ਮਿਲਿਆ। ਫਿਰ ਵੀ ਜਰਮਨ ਨੈਸ਼ਨਲ ਪੀਪਲ ਪਾਰਟੀ ਨੇ ਸਭ ਤੋਂ ਵੱਡੀ ਪਾਰਟੀ ਹੋਣ ਦੇ ਨਾਤੇ ਸਰਕਾਰ ਬਣਾਉਣ ਦਾ ਦਾਅਵਾ ਕੀਤਾ। ਐਬਰਟ ਨੇ ਇਸ ਦ੍ਰਿਸ਼ਟੀਕੋਣ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਸਟਰਿਸਟ ਮਾਰਕਸ ਨੂੰ ਚਾਂਸਲਰ ਨਿਯੁਕਤ ਕਰ ਦਿੱਤਾ ਅਤੇ ਉਸ ਨੇ ਆਪਣੀ ਸਰਕਾਰ ਬਣਾਈ। ਇਹੋ ਜਿਹੀ ਸਥਿਤੀ ਵਿਚ ਭਾਰਤ ਦਾ ਰਾਸ਼ਟਰਪਤੀ ਵੀ ਅਜਿਹੀ ਨੀਤੀ ਨੂੰ ਆਪਣਾ ਸਕਦਾ ਹੈ ਅਤੇ ਅਜਿਹਾ ਕਰਦਿਆਂ ਹੋਇਆਂ ਉਹ ਕੁਝ ਸ਼ਰਤਾਂ ਲਗਾ ਸਕਦਾ ਹੈ ਕਿ ਕੁਝ ਵਿਅਕਤੀਆਂ ਨੂੰ ਮੰਤਰੀ ਮੰਡਲ ਵਿਚ ਲੈ ਲਿਆ ਜਾਵੇ ਜਾਂ ਸ਼ਾਮਿਲ ਨਾ ਕੀਤਾ ਜਾਵੇ ਜਿਵੇ ਕਿ ਜਰਮਨੀ ਵਿਚ 1927 ਵਿਚ ਵਾਨ ਹਿੰਡਨ ਬਰਗ (Von Hinden Berg) ਨੇ ਕੀਤਾ ਸੀ।

ਇਥੇ ਇਹ ਦੁਹਰਾਣਾ ਉੱਚਿਤ ਹੋਵੇਗਾ ਕਿ ਜਦੋਂ 5 ਜੁਲਾਈ, 1979 ਨੂੰ ਮੁਰਾਰਜੀ ਡੇਸਾਈ ਦੇ ਜਨਤਾ ਮੰਤਰੀ ਮੰਡਲ ਨੇ ਅਸਤੀਫਾ ਦੇ ਦਿੱਤਾ ਤਾਂ ਰਾਸ਼ਟਰਪਤੀ ਐਨ.ਸੰਜੀਵਾ. ਰੈਡੀ ਨੇ ਲੋਕ ਸਭਾ ਵਿਰੋਧੀ ਦਲ ਦੇ ਨੇਤਾ ਵਾਈ.ਬੀ.ਚਵਾਨ ਨੂੰ ਜੁਲਾਈ 1979 ਨੂੰ ਸਰਕਾਰ ਬਣਾਉਣ ਦਾ ਸੱਦਾ ਦਿੱਤਾ। ਚਵਾਨ ਨੇ ਸਰਕਾਰ ਬਣਾਉਣ ਦਾ ਸੱਦਾ ਪ੍ਰਵਾਨ ਨਾ ਕੀਤਾ ਕਿਓਂਕਿ ਉਸ ਦੇ ਦਲ ਦੇ ਕੁਲ 74 ਮੈਂਬਰ ਸਨ। ਰਾਸ਼ਟਰਪਤੀ ਨੇ ਸਭ ਤੋਂ ਵੱਡੇ ਦਲ (203 ਮੈਂਬਰਾਂ ਵਾਲੇ) ਦੇ ਨੇਤਾ ਮੁਰਾਰਜੀ ਡੇਸਾਈ ਨੂੰ ਸਰਕਾਰ ਬਣਾਉਣ ਦਾ ਸੱਦਾ ਨਾ ਦੇ ਕੇ ਇਕ ਨਵੀਂ ਵਿਧੀ ਅਪਨਾਈ ਅਤੇ ਮੁਰਾਰਜੀ ਡੇਸਾਈ ਤੇ ਚਰਨ ਸਿੰਘ ਦੋਹਾਂ ਨੂੰ ਹੀ ਇਕੋ ਸਮੇਂ ਕਿਹਾ ਉਹ ਦੋਵੇਂ ਆਪੋ ਆਪਣੇ ਸਮਰਥਕਾਂ ਦੀ ਸੂਚੀ ਦੇਣ ਤਾਂ ਕਿ ਨਵੀਂ ਸਰਕਾਰ ਬਣਾਉਣ ਅਤੇ ਉਹਨਾਂ ਦੇ ਦਾਅਵਿਆਂ ਦਾ ਨਿਪਟਾਰਾ ਹੋ ਸਕੇ। ਰਾਸ਼ਟਰਪਤੀ ਨੇ ਜਨਤਾ ਪਾਰਟੀ ਦੇ ਇਸ ਦਾਅਵੇ ਨੂੰ ਰੱਦ ਕਰ ਦਿੱਤਾ ਕਿ ਬਹੁਮਤ ਪਾਰਟੀ ਹੋਣ ਦੇ ਨਾਤੇ ਸਰਕਾਰ ਬਣਾਓਣ ਦਾ ਮੌਕਾ ਉਸ ਨੂੰ ਦਿੱਤਾ ਜਾਣਾ ਚਾਹੀਦਾ ਹੇ। ਸੂਚੀਆਂ ਦੀ ਜਾਂਚ ਕਰਨ ਤੋਂ ਪਿੱਛੇ

ਰਾਸ਼ਟਰਪਤੀ ਨੇ ਚਰਨ ਸਿੰਘ ਨੂੰ ਮਿਲੀ ਜੁਲੀ ਸਰਕਾਰ ਬਣਾਉਣ ਦਾ ਸੱਦਾ ਦਿੱਤਾ ਕਿਉਂਕਿ ਜਨਤਾ ਪਾਰਟੀ ਦੇ 236 ਸਮਰਥਕਾਂ ਦੇ ਮਕਾਬਲੇ ਉਸ ਨੂੰ 262 ਮੈਂਬਰਾਂ ਦੀ ਹਮਾਇਤ ਹਾਸਿਲ ਸੀ । ਦੁਬਾਰਾ ਇਹ ਸਥਿਤੀ ਉਦੋਂ ਪੈਦਾ ਹੋਈ ਜਦੋਂ 1989 ਦੀਆਂ ਆਮ ਚੋਣਾਂ ਤੋਂ ਬਾਅਦ ਵੀ.ਪੀ.ਸਿੰਘ ਸਰਕਾਰ 11 ਮਹੀਨੇ ਸੱਤਾ ਵਿਚ ਰਹਿਣ ਤੋਂ ਬਾਅਦ ਲੋਕ ਸਭਾ ਵਿਚ ਅਵਿਸ਼ਵਾਸ ਮਤਾ ਪਾਸ ਹੋਣ ਕਾਰਨ ਡਿੱਗ ਪਈ । ਰਾਸ਼ਟਰਪਤੀ ਨੇ ਦੂਜੀ ਸਭ ਤੋਂ ਵੱਡੀ ਪਾਰਟੀ ਕਾਂਗਰਸ (ਆਈ) ਦੇ ਨੇਤਾ ਰਾਜੀਵ ਗਾਂਧੀ ਨੂੰ ਪੁਛਿਆ ਗਿਆ ਕਿ ਕੀ ਉਹ ਕਿਸੇ ਹੋਰ ਪਾਰਟੀ ਦੀ ਮਦਦ ਨਾਲ ਸਰਕਾਰ ਦਾ ਗਠਨ ਕਰਨ ਲਈ ਤਿਆਰ ਹਨ? ਜਦੋਂ ਰਾਜੀਵ ਗਾਂਧੀ ਨੇ ਇਨਕਾਰ ਕਰ ਦਿੱਤਾ ਤਾਂ ਰਾਸ਼ਟਰਪਤੀ ਨੇ ਜਨਤਾ ਦਲ (ਸ) ਦੇ ਨੇਤਾ ਚੰਦਰ ਸ਼ੇਖਰ ਜਿਨ੍ਹਾਂ ਨਾਲ ਆਪਣੇ ਕੇਵਲ 57 ਲੋਕ ਸਭਾ ਦੇ ਮੈਂਬਰ ਸਨ, ਦੇ ਦਾਅਵੇ ਨੂੰ ਸਵੀਕਾਰ ਕੀਤਾ ਅਤੇ ਕਾਂਗਰਸ ਆਈ ਦੇ ਬਾਹਰੀ ਸਮਰਥਨ ਨਾਲ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਨਿਯੁਕਤ ਕੀਤਾ । ਅਜਿਹੀ ਹੀ ਸਥਿਤੀ ਮਈ. 1996 ਵਿਚ ਹੋਈਆਂ ਲੋਕ ਸਭਾ ਚੋਣਾਂ ਰਾਹੀਂ ਇਕ ਵਾਰ ਫਿਰ ਆਈ । ਇਸ ਵਾਰ ਰਾਸ਼ਟਰਪਤੀ ਨੇ ਯੂਨਾਈਟਿਡ ਫਰੰਟ ਦੇ ਸਰਕਾਰ ਬਣਾਉਣ ਦੇ ਦਾਅਵੇ ਨੂੰ ਮੰਨਣ ਤੋਂ ਪਹਿਲਾਂ ਸਦਨ ਵਿਚ ਸਭ ਤੋਂ ਵੱਡੀ ਪਾਰਟੀ ਭਾਜਪਾ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੱਤਾ ਅਤੇ ਉਸ ਨੇ ਸਦਨ ਵਿਚ ਅਵਿਸ਼ਵਾਸ ਮੱਤ ਪ੍ਰਾਪਤ ਕਰਨ ਤੋਂ ਬਾਅਦ ਹੀ ਯੂਨਾਈਟਿਡ ਫਰੰਟ ਨੂੰ ਸਰਕਾਰ ਬਣਾਓਣ ਦਾ ਅਵਸਰ ਦਿੱਤਾ ।

2.5.3 ਪ੍ਰਧਾਨ ਮੰਤਰੀ ਦੀ ਬਰਖਾਸਤਗੀ

ਪ੍ਰਧਾਨ ਮੰਤਰੀ ਕੇਵਲ ਉਤਨੀ ਦੇਰ ਤਕ ਆਪਣੇ ਅਹੁੱਦੇ ਉੱਤੇ ਬਨਿਆ ਰਹਿੰਦਾ ਹੈ ਜਿਤਨੀ ਦੇਰ ਤੱਕ ਰਾਸ਼ਟਰਪਤੀ ਦੀ ਖੁਸ਼ੀ ਹੋਵੇ, ਜਿਸਦਾ ਭਾਵ ਆਮ ਤੌਰ ਤੇ ਇਹ ਹੈ ਕਿ ਪ੍ਰਧਾਨ ਮੰਤਰੀ ਉਦੋਂ ਤੱਕ ਆਪਣੇ ਅਹੁਦੇ ਉੱਤੇ ਬਨਿਆ ਰਹਿ ਸਕਦਾ ਹੈ ਜਦੋਂ ਤਕ ਲੋਕ ਸਭਾ ਦਾ ਉਸ ਵਿਚ ਵਿਸ਼ਵਾਸ ਹੈ । ਵੀ.ਪੀ. ਸਿੰਘ ਤੇ ਅਟਲ ਬਿਹਾਰੀ ਵਾਜਪਾਈ ਦੀ ਉਦਾਹਰਣ ਸਾਡੇ ਸਾਹਮਣੇ ਹਨ ।

2.5.4 ਪ੍ਰਧਾਨ ਮੰਤਰੀ ਅਤੇ ਮੰਤਰੀ ਪਰਿਸ਼ਦ

2.5.4.1 ਮੰਤਰੀਆਂ ਦੀ ਨਿਯੁਕਤੀ

ਸੰਵਿਧਾਨ ਦੇ ਅਨੁਛੇਦ 75 (i) ਅਨੁਸਾਰ ਮੰਤਰੀਆਂ ਦੀ ਨਿਯੁਕਤੀ ਮੰਤਰੀ ਦੀ ਸਲਾਹ ਉਤੇ ਰਾਸ਼ਟਰਪਤੀ ਕਰਦਾ ਹੈ । ਇਸ ਸੰਬੰਧੀ ਇਹ ਪੁੱਛਿਆ ਜਾ ਸਕਦਾ ਹੈ ਕਿ ਆਪਣੇ ਮੰਤਰੀਆਂ ਦੀ ਚੋਣ ਵਿਚ ਪ੍ਰਧਾਨ ਮੰਤਰੀ ਕਿਸ ਹੱਦ ਤਕ ਖੁਦਮੁਖਤਾਰ ਹੈ । ਜ਼ਿਆਦਾਤਰ ਇਸ ਗੱਲ ਦਾ ਨਿਰਭਰ ਹੇਠ ਲਿਖੇ ਦੋ ਕਾਰਣਾਂ ਉੱਤੇ ਹੈ :

(ੳ) ਦਲ ਵਿਚ ਪ੍ਰਧਾਨ ਮੰਤਰੀ ਦੀ ਸਥਿਤੀ

(ਅ) ਸਦਨ ਵਿਚ ਦਲਾਂ ਦੀ ਸਥਿਤੀ

ਜੇ ਸੱਤਾਧਾਰੀ ਦਲ ਉੱਤੇ ਪ੍ਰਧਾਨ ਮੰਤਰੀ ਦਾ ਪੂਰਣ ਅਧਿਕਾਰ ਹੈ ਅਤੇ ਦਲ ਵਿਚ ਉਸ ਨੂੰ ਵੰਗਾਰਨ ਵਾਲਾ ਕੋਈ ਵੀ ਨਹੀ ਤਾਂ ਆਪਣੇ ਸਾਥੀਆਂ ਦੀ ਚੋਣ ਵਿਚ ਉਸ ਨੂੰ ਵਧੇਰੇ ਖੁਲ੍ਹ ਹੋਵੇਗੀ । ਭਾਰਤ ਵਿਚ 1952 ਤੋਂ 1954 ਤਕ ਅਤੇ ਫਿਰ 1971 ਤੋਂ 1976 ਤਕ ਅਜਿਹੀ ਸਥਿਤੀ ਰਹੀ ਹੈ ਜਦ ਕਿ ਕ੍ਰਮਵਾਰ ਨਹਿਰੂ ਅਤੇ ਸ੍ਰੀਮਤੀ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਸਨ । ਅਜਿਹੀਆਂ ਪਰਿਸਥਿਤੀਆਂ ਵਿਚ ਆਪਣੇ ਸਾਥੀਆਂ ਦੀ ਚੋਣ ਵਿਚ ਪ੍ਰਧਾਨ ਮੰਤਰੀ ਨੂੰ ਵਧੇਰੇ ਖੁਲ੍ਹ ਹੁੰਦੀ ਹੈ । ਪਰੰਤੂ ਜੇ ਦੂਜੇ ਪਾਸੇ ਦਲ ਵਿਚ ਪ੍ਰਧਾਨ ਮੰਤਰੀ ਨੂੰ ਵੰਗਾਰਨ ਵਾਲਾ ਕੋਈ ਹੋਰ ਨੇਤਾ ਹੋਵੇ ਤਾਂ ਉਸ ਹੱਦ ਤਕ ਪ੍ਰਧਾਨ ਮੰਤਰੀ ਦੀ ਖੁਲ੍ਹ ਸੀਮਿਤ ਹੋ ਜਾਂਦੀ ਹੈ । ਜਦੋਂ ਤਕ ਪਟੇਲ ਜੀਉਂਦਾ ਸੀ, ਉਸ ਨੂੰ ਨਹਿਰੂ ਵੀ ਨਜ਼ਰਅੰਦਾਜ਼ ਨਹੀਂ ਕਰ ਸਕਿਆ ਅਤੇ ਉਸ ਨੂੰ ਉਪ-ਪ੍ਰਧਾਨ ਮੰਤਰੀ ਨਿਯੁਕਤ ਕੀਤਾ ਗਿਆ ਸੀ । ਆਪਣੀ ਮੰਤਰੀ ਮੰਡਲ ਦੇ ਸਹਿਯੋਗੀਆਂ ਦੀ ਚੋਣ ਕਰਨ ਲਗਿਆਂ ਵੀ ਉਸ ਨੂੰ ਪਟੇਲ ਨਾਲ ਸਲਾਹ ਮਸ਼ਵਰਾ ਕਰਨਾ ਪੈਂਦਾ ਸੀ ਅਤੇ ਇਸ ਪੱਖੋਂ ਪ੍ਰਧਾਨ ਮੰਤਰੀ ਦੀ ਖੁਲ੍ਹ ਸੀਮਿਤ ਸੀ । ਦੁਬਾਰਾ ਅਜਿਹੀ ਸਥਿਤੀ 1964 ਤੋਂ 1967 ਤੱਕ ਸ੍ਰੀ ਮੁਰਾਰਜੀ ਡੇਸਾਈ ਇਕ ਮਹੱਤਵਪੂਰਨ ਸ਼ਕਤੀ ਸੀ ਅਤੇ ਸਾਮਰਾਜ ਤੇ ਹੋਰ ਪ੍ਰਬੰਧਕੀ ਨੇਤਾਵਾਂ ਦੀ ਸਹਾਇਤਾ ਨਾਲ ਹੀ ਉਸ ਦਾ ਸਾਹਮਣਾ ਕੀਤਾ ਜਾ ਸਕਦਾ ਸੀ । ਇਸ ਦੇ ਨਤੀਜੇ ਵਜੋਂ ਪ੍ਰਧਾਨ ਮੰਤਰੀ ਸ਼ਾਸਤਰੀ ਨੇ 1964 ਵਿਚ ਅਤੇ ਇੰਦਰਾ ਗਾਂਧੀ ਨੇ 1965 ਦੇ ਆਪਣੇ ਮੰਤਰੀ ਮੰਡਲਾਂ ਦਾ ਗਠਨ ਇਨ੍ਹਾਂ ਨੇਤਾਵਾਂ ਦੀ ਸਲਾਹ ਨਾਲ ਕੀਤਾ ਅਤੇ ਇਸ ਹੱਦ ਤਕ ਪ੍ਰਧਾਨ ਮੰਤਰੀ ਆਪਣੇ ਸਹਿਯੋਗੀਆਂ ਦੀ ਚੋਣ ਨਾਲ ਪੂਰੀ ਤਰ੍ਹਾਂ ਸੁਤੰਤਰ ਨਹੀਂ ਸੀ । ਇਥੋਂ ਤਕ ਕਿ 1967 ਵਿਚ ਦਲ ਵਿਚ ਨੇਤਾ ਦੀ ਚੋਣ ਤੋਂ ਮਗਰੋਂ ਮੁਰਾਰਜੀ

ਡੇਸਾਈ ਨੂੰ ਉਪ-ਪ੍ਰਧਾਨ ਮੰਤਰੀ ਦਾ ਪਦ ਦਿੱਤਾ ਗਿਆ ।
ਜੇ ਮਿਲੀ ਜੁਲੀ ਸਰਕਾਰ ਹੈ ਤਾਂ ਆਪਣੇ ਸਹਿਯੋਗੀਆਂ ਦੀ ਚੋਣ ਵਿਚ ਪ੍ਰਧਾਨ ਮੰਤਰੀ ਦੀ ਖੁਲ੍ਹ ਪੂਰੀ ਤਰ੍ਹਾਂ ਸੀਮਿਤ ਹੋਵੇਗੀ ਕਿਉਂਕਿ ਅਜਿਹੀ ਸਥਿਤੀ ਵਿਚ ਮਿਲੀ ਜੁਲੀ ਸਰਕਾਰ ਵਿਚਲੇ ਵਿਭਿੰਨ ਦਲ ਆਪਣੇ ਪ੍ਰਤੀਨਿਧ ਚੁਣਨਗੇ ਅਤੇ ਇਸ ਤਰ੍ਹਾਂ ਉਨ੍ਹਾਂ ਦੀ ਚੋਣ ਵਿਚ ਪ੍ਰਧਾਨ ਦਾ ਬਿਲਕੁਲ ਕੋਈ ਵੀ ਦਖਲ ਨਹੀਂ ਹੋਵੇਗਾ । ਸਾਡੇ ਕੋਲ ਪ੍ਰਾਂਤਕ ਪੱਧਰ ਤੇ ਅਜਿਹੇ ਕਈ ਉਦਾਹਰਣ ਹਨ ਜਿਥੇ ਕਿ 1976 ਤੋਂ ਪਿਛੋਂ ਮਿਲੀਆਂ ਜੁਲੀਆਂ ਸਰਕਾਰਾਂ ਬਣੀਆਂ । ਇਨ੍ਹਾਂ ਸਰਕਾਰਾਂ ਵਿਚ ਵਿਭਿੰਨ ਦਲਾਂ ਨੂੰ ਵਜ਼ਾਰਤ ਵਿਚ ਸਥਾਨ ਵੰਡ ਦਿੱਤੇ ਜਾਂਦੇ ਸਨ ਅਤੇ ਉਹ ਮੰਤਰੀ ਨਿਯੁਕਤ ਕਰਨ ਲਈ ਆਪਣੇ ਨੁਮਾਇੰਦੇ ਆਪ ਚੁਣਦੇ ਸਨ । ਪ੍ਰਧਾਨ ਮੰਤਰੀ ਮੁਰਾਰਜੀ ਡੇਸਾਈ ਦੀ ਜਨਤਾ ਸਰਕਾਰ, ਜਿਸ ਵਿਚ 1977 ਵਿਚ ਸੱਤਾ ਵਿਚ ਆਉਣ ਸਮੇਂ ਬੀ.ਐਲ.ਡੀ. ਕਾਂਗਰਸ (ਓ) ਜਗਜੀਵਨ ਰਾਮ ਸੀ.ਐਫ.ਡੀ. ਸੋਸ਼ਲਿਸ਼ਟ ਪਾਰਟੀ ਅਤੇ ਅਕਾਲੀ ਦਲ ਸ਼ਾਮਿਲ ਸਨ, ਵੱਧ ਤੋਂ ਵੱਧ ਇਕ ਬਹੁਦਲੀ ਸਰਕਾਰ ਹੀ ਸੀ ਜਿਸ ਵਿਚ ਵਿਭਿੰਨ ਦਲਾਂ ਨੂੰ ਮੰਤਰੀ ਮੰਡਲ ਵਿਚ ਸਥਾਨ ਵੰਡੇ ਗਏ ਸਨ ਅਤੇ ਇਨ੍ਹਾਂ ਦਲਾਂ ਨੇ ਹੀ ਵਜ਼ੀਰ ਬਣਨ ਵਾਲੇ ਆਪਣੇ ਨੁਮਾਇੰਦੇ ਚੁਣੇ ਸਨ । ਚਰਨ ਸਿੰਘ ਦੀ ਪਹਿਲੀ ਬਹੁਦਲੀ ਸਰਕਾਰ ਜਿਸ ਨੇ 26 ਜੁਲਾਈ, 1979 ਵਿਚ ਕਾਰਜ ਕਾਲ ਸੰਭਾਲਿਆ, ਦੋ ਦੋ ਭਾਈਵਾਲਾਂ (ਜਨਤਾ ਸੈਕੂਲਰ ਅਤੇ ਕਾਂਗਰਸ ਐਸ) ਦੀਆਂ ਹਾਈ ਕਮਾਂਡਾਂ ਨੇ ਨਵੀਂ ਸਰਕਾਰ ਵਿਚ ਸ਼ਾਮਿਲ ਹੋਣ ਵਾਲੇ ਮੰਤਰੀਆਂ ਬਾਰੇ ਫੈਸਲਾ ਕੀਤਾ । ਵੀ.ਪੀ.ਸਿੰਘ ਮੰਤਰੀ ਮੰਡਲ ਵਿਚ ਵੱਖ ਵੱਖ ਗਰੁੱਪਾਂ ਦੇ ਤਾਲਮੇਲ ਦੇ ਆਧਾਰ ਉਤੇ ਹੀ ਮੰਤਰੀ ਸ਼ਾਮਿਲ ਕੀਤੇ ਗਏ । ਦੇਵੀ ਲਾਲ ਜੋ ਕਿ ਉਪ ਮੰਤਰੀ ਰਹੇ, ਬਹੁਤ ਵਾਰ ਪੂਰੇ ਮੰਤਰੀ ਮੰਡਲ ਅਤੇ ਪ੍ਰਧਾਨ ਮੰਤਰੀ ਲਈ ਸਮੱਸਿਆਵਾਂ ਪੈਦਾ ਕਰਦੇ ਰਹੇ । ਪ੍ਰਧਾਨ ਮੰਤਰੀ ਸ੍ਰੀ ਨਰਸਿੰਮਹਾ ਰਾਓ ਲਗਾਤਾਰ ਜੋੜ ਤੋੜ ਅਤੇ ਛੋਟੇ ਦਲਾਂ ਦਾ ਸਮਰਥਨ ਪ੍ਰਾਪਤ ਕਰਨ ਦਾ ਯਤਨ ਅਤੇ ਦੂਜੇ ਪਾਸੇ ਆਪਣੇ ਦਲ ਦੀ ਗੁੱਟਬੰਦੀ ਦਾ ਸਾਹਮਣਾ ਕਰਦੇ ਰਹੇ । ਪਰੰਤੂ 1994 ਤਕ ਪਹੁੰਚਦੇ ਓਹ ਆਪਣੀ ਸਥਿਤੀ ਦੋਵੇਂ ਤਰ੍ਹਾਂ ਨਾਲ ਮਜ਼ਬੂਤ ਬਣਾਉਣ ਵਿਚ ਸਫਲ ਹੋਏ ਸਨ । ਆਪਣੀ ਪੰਜਾਂ ਸਾਲਾਂ ਦੇ ਅਵਧੀ ਦੇ ਅਖੀਰੀ ਸਾਲ ਵਿਚ ਵੀ (ਸਤੰਬਰ, 1995) ਮੰਤਰੀ ਮੰਡਲ ਵਿਚ ਨਵੇਂ ਮੰਤਰੀ ਸ਼ਾਮਿਲ ਕਰਕੇ ਪ੍ਰਧਾਨ ਮੰਤਰੀ ਰਾਓ ਨੇ ਆਪਣੇ ਦਲ ਦੇ ਅਸੰਤੁਸ਼ਟ ਗਰੁੱਪਾਂ ਦੀਆਂ ਚਾਲਾਂ ਨੂੰ ਮਾਤ ਦਿੱਤੀ । ਯੂਨਾਇਟਿਡ ਫਰੰਟ ਸਰਕਾਰ 13 ਦਲਾਂ ਦਾ ਗੱਠਜੋੜ ਸੀ, ਜੋ ਮੰਤਰੀ ਮੰਡਲ ਵਿਚ ਵੀ ਇਹਨਾਂ ਦਲਾਂ ਨੂੰ ਆਪਣੀ ਲੋਕ ਸਭਾ ਵਿਚਲੀ ਗਿਣਤੀ ਦੇ ਆਧਾਰ ਤੇ ਹੀ ਪ੍ਰਤੀਨਿਧਤਾ ਦਿੱਤੀ ਗਈ ਹੈ । ਵਾਜਪਾਈ ਦੀ ਸਰਕਾਰ ਵੀ 18 ਦਲਾਂ ਦਾ ਗਠਜੋੜ ਸੀ । 1999 ਦੀ ਸਰਕਾਰ ਵਿਚ 24 ਦਲ ਸ਼ਾਮਲ ਸਨ ਜਿਸਨੂੰ NDA ਕਿਹਾ ਗਿਆ । 2004 ਦੀ ਸਰਕਾਰ ਵਿਚ ਕਾਂਗਰਸ ਤੇ ਉਸਦੇ ਸਹਿਯੋਗੀ, UPA ਵਿਚ 15 ਪਾਰਟੀਆਂ ਸਨ ਕਮਯੂਨਿਸਟ ਬਾਹਰੋ ਸਹਿਯੋਗ ਦੇ ਰਹੇ ਸਨ । 2009 ਵਿਚ ਵੀ UPA ਨੇ ਸਰਕਾਰ ਬਣਾਈ ਜਿਸ ਵਿਚ ਕਾਂਗਰਸ ਤੇ ਉਸਦੇ 5 ਸਹਿਯੋਗੀ ਨਾਲ ਸੀ ।

2.5.4.2 ਮੰਤਰੀਆਂ ਨੂੰ ਹਟਾਉਣਾ

ਭਾਵੇਂ ਅਨਛੇਦ 74(2) ਅਨੁਸਾਰ ਮੰਤਰੀ ਉਦੋਂ ਤੱਕ ਮੰਤਰੀ ਬਣੇ ਰਹਿੰਦੇ ਹਨ ਜਦੋਂ ਤੱਕ ਰਾਸ਼ਟਰਪਤੀ ਦੀ ਖੁਸ਼ੀ ਹੋਵੇ, ਪਰੰਤੂ ਅਮਲੀ ਰੂਪ ਵਿਚ ਇਸ ਦਾ ਭਾਵ ਇਹ ਹੈ ਕਿ ਉਹ ਉਦੋਂ ਤਕ ਮੰਤਰੀ ਬਣੇ ਰਹਿੰਦੇ ਹਨ ਜਦੋਂ ਤਕ ਪ੍ਰਧਾਨ ਮੰਤਰੀ ਚਾਹੁੰਦਾ ਹੈ । ਕਿਉਂਕਿ ਮੰਤਰੀ ਪਰਿਸ਼ਦ ਸਮੂਹਿਕ ਤੌਰ ਤੇ ਲੋਕ ਸਭਾ ਪ੍ਰਤੀ ਜਵਾਬਦੇਹ ਹੰਦੀ ਹੈ । ਇਸ ਲਈ ਜਦੋਂ ਵੀ ਕਿਸੇ ਮੰਤਰੀ ਦਾ ਮੰਤਰੀ ਪਰਿਸ਼ਦ ਜਾਂ ਪ੍ਰਧਾਨ ਮੰਤਰੀ ਨਾਲ ਵਿਚਾਰਾਂ ਦਾ ਮਤਭੇਦ ਹੁੰਦਾ ਹੈ ਤਾਂ ਉਸ ਕੋਲ ਕੇਵਲ ਦੋ ਹੀ ਰਾਹ ਹੁੰਦੇ ਹਨ ਜਾਂ ਤਾਂ ਓਹ ਬਹੁਸੰਮਤੀ ਦੇ ਵਿਚਾਰਾਂ ਨਾਲ ਸਮਝੌਤਾ ਕਰ ਲਵੇ ਜਾਂ ਅਸਤੀਫਾ ਦੇ ਦੇਵੇ । ਅਜਿਹੇ ਮੰਤਰੀਆਂ ਦੀ ਇਕ ਲੰਬੀ ਸੂਚੀ ਹੈ ਜਿਨ੍ਹਾਂ ਨੇ ਨੀਤੀ ਮਤਭੇਦ ਦੇ ਆਧਾਰ ਤੇ ਅਸਤੀਫਾ ਦਿੱਤਾ ਹੈ ।
ਜਦੋਂ ਪ੍ਰਧਾਨ ਮੰਤਰੀ ਅਤੇ ਮੰਤਰੀਆਂ ਵਿਚ ਮਤਭੇਦ ਹੋਵੇ ਤਾਂ ਪ੍ਰਧਾਨ ਮੰਤਰੀ, ਮੰਤਰੀਆਂ ਨੂੰ ਅਸਤੀਫਾ ਦੇਣ ਲਈ ਕਹਿ ਸਕਦਾ ਹੈ । ਸ੍ਰੀਮਤੀ ਇੰਦਰਾ ਗਾਂਧੀ ਨੇ 1969 ਵਿਚ ਆਪਣੇ ਚਾਰ ਜੂਨੀਅਰ ਮੰਤਰੀਆਂ ਨੂੰ ਅਕਤੂਬਰ ਵਿਚ ਅਸਤੀਫਾ ਦੇਣ ਲਈ ਕਿਹਾ ਅਤੇ ਨਵੰਬਰ ਵਿਚ ਦੋ ਕੈਬਨਿਟ ਮੰਤਰੀਆਂ ਨੂੰ ਅਸਤੀਫੇ ਦੇਣ ਲਈ ਕਿਹਾ । ਇਨ੍ਹਾਂ ਮੰਤਰੀਆਂ ਨੇ ਪ੍ਰਧਾਨ ਮੰਤਰੀ ਦੇ ਨਿਰਦੇਸ਼ ਅਨੁਸਾਰ ਆਪਣੇ ਅਸਤੀਫੇ ਦੇ ਦਿੱਤੇ । ਪ੍ਰਾਂਤਕ ਪੱਧਰ ਉਤੇ

ਅਜਿਹੇ ਕਈ ਉਦਾਹਰਣ ਉਪਲੱਬਧ ਹਨ ਜਦੋਂ ਮੰਤਰੀਆਂ ਨੇ ਮੁੱਖ ਮੰਤਰੀ ਦੇ ਕਹਿਣ ਉੱਤੇ ਅਸਤੀਫੇ ਨਹੀਂ ਦਿੱਤੇ। ਅਜਿਹੀ ਸਥਿਤੀ ਵਿਚ ਮੁੱਖ ਮੰਤਰੀਆਂ ਨੇ ਨਿਮਨ ਲਿਖਤ ਅਨੁਸਾਰ ਦੋ ਤਰ੍ਹਾਂ ਦੀਆਂ ਵਿਧੀਆਂ ਅਪਣਾਈਆਂ।

(ੳ) ਮੁੱਖ ਮੰਤਰੀ ਨੇ ਅਸਤੀਫਾ ਦੇ ਦਿੱਤਾ ਅਤੇ ਆਪਣੀ ਮੰਤਰੀ ਪਰਿਸ਼ਦ ਦਾ ਪੁਨਰਗਠਨ ਕੀਤਾ।

(ਅ) ਮੁੱਖ ਮੰਤਰੀ ਨੇ ਅੱਖੜ (ਆਕੀ) ਮੰਤਰੀਆਂ ਦੀ ਹਟਾਓ ਦੀ ਸਿਫਾਰਸ਼ ਕੀਤੀ।

ਪ੍ਰਧਾਨ ਮੰਤਰੀ ਵੀ ਇਨ੍ਹਾਂ ਦੋਹਾਂ ਵਿਚੋਂ ਕੋਈ ਰਸਤਾ ਅਖਤਿਆਰ ਕਰ ਸਕਦਾ ਹੈ। ਇਥੇ ਇਹ ਜ਼ਿਕਰ ਕਰਨਾ ਕੋਈ ਗਲਤ ਨਹੀਂ ਕਿ ਨਹਿਰੂ ਨੇ ਆਪਣੇ ਸਹਿਯੋਗੀਆਂ ਨੂੰ ਅਸਤੀਫਾ ਦੇਣ ਲਈ ਕਹਿਣ ਦੀ ਥਾਂ ਕਾਮਰਾਜ ਯੋਜਨਾ ਦਾ ਇਸਤੇਮਾਲ ਕੀਤਾ ਜਿਸ ਅਧੀਨ ਚਾਰ ਵਰਸ਼ਿਠ ਮੰਤਰੀਆਂ ਦੀ ਛਾਂਟੀ ਕਰ ਦਿੱਤੀ ਗਈ। ਇਹ ਇਕ ਅਸਾਧਾਰਣ ਵਿਧੀ ਸੀ ਜਿਸ ਦੀ ਵਰਤੋਂ ਪਹਿਲੀ ਵਾਰ ਕੀਤੀ ਗਈ। ਇਹ ਜਾਣਨਾ ਵੀ ਦਿਲਚਸਪੀ ਭਰਪੂਰ ਹੋਵੇਗਾ ਕਿ 1975 ਵਿਚ ਇੰਦਰਾ ਗਾਂਧੀ ਨੇ ਮੋਹਨ ਧਾਰੀਆਂ ਨੂੰ ਅਸਤੀਫਾ ਦੇਣ ਲਈ ਨਹੀਂ ਕਿਹਾ ਬਲਕਿ ਸਿੱਧੀ ਹੀ, ਉਸ ਦੀ ਬਰਤਰਫੀ ਦੀ ਸਿਫਾਰਸ਼ ਕੀਤੀ। ਵੀ.ਪੀ.ਸਿੰਘ ਨੇ ਵੀ ਉਪ ਪ੍ਰਧਾਨ ਮੰਤਰੀ ਦੇਵੀ ਲਾਲ ਨੂੰ ਮੰਤਰੀ ਵਜੋਂ ਬਰਤਰਫੀ ਕਰਨ ਦੀ ਸਿਫਾਰਸ਼ ਕੀਤੀ ਨਰਸਿੰਮਹਾ ਰਾਓ ਦੇ ਮੰਤਰੀ ਮੰਡਲ ਵਿਚ ਪਹਿਲਾਂ ਵਿਦੇਸ਼ ਮੰਤਰੀ ਮਾਧਵ ਸਿੰਘ ਸੋਲੰਕੀ ਨੇ ਉਸ ਵੇਲੇ ਤਿਅਗ ਪੱਤਰ ਦਿੱਤਾ ਜਦੋਂ ਉਹਨਾਂ ਦੇ ਬੋਫਰਸ਼ ਮਾਮਲੇ ਸਬੰਧ ਵਿਚ ਸਵੀਡਨ ਦੇ ਮੰਤਰੀ ਨੂੰ ਕੋਈ ਗੁਪਤ ਪੱਤਰ ਦੇਣ ਸੰਬੰਧੀ ਮਾਮਲਾ ਉਠਿਆ। ਇਸੇ ਤਰ੍ਹਾਂ ਪ੍ਰਸਿਧ 'ਬੈਂਕ ਘੁਟਾਲੇ ' (ਹਰਸ਼ਦ ਮਹਿਤਾ ਦੇ ਨਾਲ ਸੰਬੰਧਿਤ) ਵਿਚ ਵਣਿਜ ਵਿਭਾਗ ਦੇ ਰਾਜ-ਮੰਤਰੀ ਪੀ. ਚਿੰਦਬਿਰਮ ਨੇ ਆਪਣੇ ਪਦ ਤੋਂ ਤਿਆਗ ਪੱਤਰ, ਪ੍ਰਧਾਨ ਮੰਤਰੀ ਦੇ ਨਿਰਦੇਸ ਅਨੁਸਾਰ ਦਿੱਤਾ। ਇਹ ਗੱਲ ਵੱਖਰੀ ਹੈ ਕਿ ਸੰਯੁਕਤ ਸੰਸਦੀ ਕਮੇਟੀ (JPC) ਦੀ ਰਿਪੋਰਟ ਵਿਚ ਕੁਝ ਮੰਤਰੀਆਂ ਦੀ ਕਾਰਗੁਜ਼ਾਰੀ ਉੱਤੇ ਸ਼ੱਕ ਕਰਨ ਦੇ ਬਾਵਜੂਦ ਪ੍ਰਧਾਨ ਮੰਤਰੀ ਰਾਓ ਨੇ ਉਹਨਾਂ ਵਿਰੁੱਧ ਕਾਰਵਾਈ ਨਹੀਂ ਕੀਤੀ। ਵਿਸ਼ੇਸ਼ ਕਰਕੇ ਸਿਹਤ ਮੰਤਰੀ ਬੀ. ਸ਼ਕਰਾਨੰਦ ਰਾਮੇਸ਼ਵਰ ਠਾਕਰ ਜਿਨ੍ਹਾਂ ਨੂੰ JPC ਨੇ ਸਿੱਧੇ ਦੋਸ਼ੀ ਪਾਇਆ। ਇਹ ਗੱਲ ਵੱਖਰੀ ਹੈ ਕਿ ਬਾਦ ਵਿਚ ਇਹਨਾਂ ਮੰਤਰੀਆਂ ਦੇ ਤਿਆਗ ਪੱਤਰ ਲੈ ਲਿੱਤੇ ਗਏ। ਨਹਿਰੂ–ਗਾਂਧੀ ਪਰਿਵਾਰ ਦੀ ਅਖੀਰਲੀ ਸ਼ੀਲਾ ਕੋਲ ਨੂੰ ਵੀ ਮੰਤਰੀ ਪਰਿਸ਼ਦ ਤੋਂ ਤਿਆਗ ਪੱਤਰ ਦੇਣਾ ਪਿਆ।

2.5.4.3 ਵਿਭਾਗਾਂ ਦੀ ਵੰਡ

ਮੰਤਰੀਆਂ ਦੀ ਨਿਯੁਕਤੀ ਤੋਂ ਇਲਾਵਾ ਪ੍ਰਧਾਨ ਮੰਤਰੀ ਉਨ੍ਹਾਂ ਵਿਚਕਾਰ ਵਿਭਾਗਾਂ ਦੀ ਵੰਡ ਵੀ ਕਰਦਾ ਹੈ। ਇਸ ਮਾਮਲੇ ਵਿਚ ਵੀ ਕੀ ਪ੍ਰਧਾਨ ਮੰਤਰੀ ਨੂੰ ਪੂਰਨ ਖੁਲ੍ਹ ਹੋਵੇਗੀ। ਇਹ ਵੀ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਦਲ ਵਿਚ ਉਸ ਦੀ ਸਥਿਤੀ ਕੀ ਹੈ? ਉਦਾਹਰਣ ਵਜੋਂ ਨਹਿਰੂ ਦੇ ਸਮੇਂ ਪਟੇਲ ਨੇ ਆਪਣਾ ਵਿਭਾਗ ਆਪ ਚੁਣਿਆ। ਇਸ ਤਰ੍ਹਾਂ ਹੀ 1967 ਵਿਚ ਮੁਰਾਰਜੀ ਡੇਸਾਈ ਨੂੰ ਇਹ ਖੁਲ੍ਹ ਸੀ ਕਿ ਉਹ ਗ੍ਰਹਿ ਵਿਭਾਗ ਤੋਂ ਇਲਾਵਾ ਕੋਈ ਵੀ ਵਿਭਾਗ ਚੁਣ ਲਵੇ ਅਤੇ 1961 ਵਿਚ ਡੇਸਾਈ ਨੇ ਕਾਂਗਰਸ ਅਤੇ ਇੰਡਸਟਰੀ ਵਿਭਾਗ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਇਸੇ ਤਰ੍ਹਾਂ 1963 ਵਿਚ ਐਸ. ਕੇ. ਪਾਟਿਲ ਨੇ ਨਹਿਰੂ ਰਾਹੀਂ ਉਸ ਨੂੰ ਖੁਰਾਕ ਵਿਭਾਗ ਦੀ ਥਾਂ ਰੇਲਵੇ ਵਿਭਾਗ ਦੇਣ ਦਾ ਵਿਰੋਧ ਕੀਤਾ। ਫਰਵਰੀ, 1969 ਵਿਚ ਸ੍ਰੀਮਤੀ ਇੰਦਰਾ ਗਾਂਧੀ ਆਪਣੇ ਮੰਤਰੀ ਮੰਡਲ ਦਾ ਪੁਨਰ ਗਠਨ ਕਰਨਾ ਚਾਹੁੰਦੀ ਸੀ ਪਰੰਤੂ ਉਹ ਅਜਿਹਾ ਨਾ ਕਰ ਸਕੀ। ਪਰੰਤੂ ਕਾਂਗਰਸ ਦਲ ਦੋ ਫਾੜ ਹੋ ਜਾਣ ਤੋਂ ਪਿੱਛੋਂ ਉਸ ਦਾ ਦਲ ਤੇ ਪੂਰਣ ਨਿਯੰਤਰਣ ਹੋ ਗਿਆ ਅਤੇ 1970 ਵਿਚ ਉਸ ਦੇ ਚਵਾਨ, ਦਿਨੇਸ਼ ਸਿੰਘ ਅਤੇ ਫਖਰੂ ਦੀਨ ਅਲੀ ਅਹਿਮਦ ਦੇ ਵਿਭਾਗਾਂ ਵਿਚ ਪਰਿਵਰਤਨ ਕਰ ਦਿੱਤਾ। ਚਵਾਨ ਨੇ ਆਪਣੇ ਵਿਭਾਗ ਦੀ ਪਰਿਵਰਤਨ ਪ੍ਰਤੀ ਅਸਹਿਮਤੀ ਪ੍ਰਗਟਾਈ ਤਾਂ ਕਿਹਾ ਜਾਂਦਾ ਹੈ ਕਿ ਪ੍ਰਧਾਨ ਮੰਤਰੀ ਨੇ ਚਵਾਨ ਨੂੰ ਚਿਤਾਵਨੀ ਦਿੱਤੀ ਕਿ ਜੇ ਉਹ ਆਦੇਸ਼ ਅਨੁਸਾਰ ਨਹੀਂ ਚਲਦਾ ਤਾਂ ਉਸ ਨੂੰ ਅਸਤੀਫਾ ਦੇਣਾ ਪਵੇਗਾ। ਇਹਨਾਂ ਸਾਰੀਆਂ ਉਦਾਹਰਣਾ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਆਪਣੇ ਦਲ ਵਿਚ ਪ੍ਰਧਾਨ ਮੰਤਰੀ ਦੀ ਸਥਿਤੀ ਇਸ ਗੱਲ ਨੂੰ ਨਿਰਧਾਰਿਤ ਕਰਦੀ ਹੈ ਕਿ ਇਸ ਮਾਮਲੇ ਵਿਚ ਉਸ ਨੂੰ ਪੂਰਣ ਖੁਲ੍ਹ ਹੋਵੇਗੀ ਕਿ ਨਹੀਂ?

2.5.5 ਪ੍ਰਧਾਨ ਮੰਤਰੀ ਅਤੇ ਸੰਸਦ

ਪ੍ਰਧਾਨ ਮੰਤਰੀ ਅਤੇ ਉਸ ਦੀ ਮੰਤਰੀ ਪਰਿਸ਼ਦ ਸਮੂਹਿਕ ਤੌਰ ਤੇ ਲੋਕ ਸਭਾ ਨੂੰ ਜਵਾਬਦੇਹ ਹੈ। ਜਦੋਂ ਤਕ ਲੋਕ ਸਭਾ ਵਿਚ ਕਿਸੇ ਇਕ ਰਾਜਨੀਤਿਕ ਦਲ ਦਾ ਸਪੱਸ਼ਟ ਬਹੁਮਤ ਹੈ ਅਤੇ ਇਸ ਦਾ ਨੇਤਾ ਪ੍ਰਧਾਨ ਮੰਤਰੀ ਹੈ, ਤਾਂ

ਪ੍ਰਧਾਨ ਮੰਤਰੀ ਉੱਤੇ ਲੋਕ ਸਭਾ ਦਾ ਨਿਯੰਤਰਣ ਕੇਵਲ ਰਸਮੀ ਹੋਵੇਗਾ ਕਿਉਂਕਿ ਅਸਲੀਅਤ ਵਿਚ ਅਜਿਹੀ ਸਥਿਤੀ ਵਿਚ ਲੋਕ ਸਭਾ ਦਾ ਪ੍ਰਧਾਨ ਮੰਤਰੀ ਉੱਤੇ ਨਹੀਂ ਬਲਕਿ ਪ੍ਰਧਾਨ ਮੰਤਰੀ ਦਾ ਲੋਕ ਸਭਾ ਉੱਤੇ ਨਿਯੰਤਰਣ ਹੁੰਦਾ ਹੈ। ਇਹ ਸਥਿਤੀ ਭਾਰਤ ਵਿਚ *1952* ਤੋਂ *1969* ਅਤੇ ਫਿਰ *1971* ਤੋਂ *1976* ਤਕ ਰਹੀ ਪਰੰਤੂ ਜੇ ਘਟ ਗਿਣਤੀ ਵਾਲੇ ਕਿਸੇ ਦਲ ਦੀ ਸਰਕਾਰ ਹੀ ਤਾਂ ਲੋਕ ਸਭਾ ਪ੍ਰਧਾਨ ਮੰਤਰੀ ਉੱਤੇ ਕੁਝ ਨਿਯੰਤਰਣ ਰੱਖ ਸਕਦੀ ਹੈ।*1969* ਵਿਚ ਕਾਂਗਰਸ ਦੇ ਦੋ ਫਾੜ ਹੋਣ ਸਮੇਂ ਭਾਰਤ ਵਿਚ ਇਹੋ ਜਿਹੀ ਸਥਿਤੀ ਸੀ। ਉਸ ਸਮੇਂ ਪ੍ਰਧਾਨ ਮੰਤਰੀ ਨੂੰ ਆਪਣੇ ਦਲ ਦੇ ਦ੍ਰਿਸ਼ਟੀਕੋਣ ਨੂੰ ਹੀ ਧਿਆਨ ਵਿਚ ਨਹੀਂ ਰੱਖਣਾ ਪੈਂਦਾ ਬਲਕਿ ਹੋਰ ਦਲਾਂ, ਜਿਵੇਂ ਕਿ ਡੀ.ਐਮੀ.ਕੇ., ਸੀ.ਪੀ.ਆਈ. ਅਤੇ ਅਕਾਲੀ ਦਲ ਦੇ ਵਿਚਾਰਾਂ ਨੂੰ ਵੀ ਧਿਆਨ ਵਿਚ ਰੱਖਣਾ ਪੈਂਦਾ ਸੀ। ਕਿਉਂਕਿ ਇਹ ਦਲ ਵੀ ਸਰਕਾਰ ਤੋਂ ਬਾਹਰ ਰਹਿ ਕੇ ਉਸ ਦਾ ਸਮਰਥਨ ਕਰ ਰਹੇ ਸਨ। ਇਸੇ ਕਾਰਨ ਹੀ ਨਿਵਾਰਕ ਨਜ਼ਰਬਦੀ ਐਕਟ (Preventive Detention Act) ਨੂੰ ਜਾਰੀ ਰਖਿਆ ਜਾ ਸਕਿਆ। ਇਸੇ ਤਰ੍ਹਾਂ, ਪ੍ਰਧਾਨ ਮੰਤਰੀ ਦੇ ਯਤਨਾਂ ਦੇ ਬਾਵਜੂਦ ਪ੍ਰਿਵੀ ਪਰਸਾ ਸੰਬੰਧੀ ਸੋਧ ਬਿਲ ਰਾਜ ਸਭਾ ਵਲੋਂ ਅਸਵੀਕਾਰ ਕਰ ਦਿੱਤਾ ਗਿਆ। *1971* ਦੀਆਂ ਚੋਣਾਂ ਤੋਂ ਪਿੱਛੋਂ ਸਥਿਤੀ ਬਦਲ ਗਈ ਕਿਉਂਕਿ ਇਹਨਾਂ ਚੋਣਾਂ ਵਿਚ ਪ੍ਰਧਾਨ ਮੰਤਰੀ ਦੀ ਸਰਕਾਰ ਦੇ ਰੂਪ ਵਿਚ ਤਬਦੀਲ ਹੋ ਗਈ। ਇਸੇ ਕਰਕੇ ਪ੍ਰਧਾਨ ਮੰਤਰੀ ਨੇ ਇਨ੍ਹਾਂ ਸਾਲਾਂ ਦੇ ਸਮੇਂ ਵਿਚ ਸੰਵਿਧਾਨ ਵਿਚ *19* ਵਾਰ ਸੋਧ ਕਰਵਾਈ। ਭਾਵੇਂ ਕਿ ਸੰਸਦ ਵਿਚ ਮੁੱਖ ਵਿਰੋਧੀ ਦਲਾਂ ਨੇ ਇਸ ਦਾ ਵਿਰੋਧ ਕੀਤਾ। ਇਨ੍ਹਾਂ ਵਿਚੋ ਕੁਝ ਸੋਧਾਂ ਨੇ ਸੰਵਿਧਾਨ ਦੇ ਮੂਲ ਢਾਂਚੇ ਨੂੰ ਹੀ ਬਦਲ ਦਿੱਤਾ, ਜਿਥੇ ਤਕ ਸੰਵਿਧਾਨ ਦੀ ਸੋਧ ਦਾ ਸੰਬੰਧ ਹੈ, ਨਹਿਰੂ ਦਾ ਦ੍ਰਿਸ਼ਟੀਕੋਣ ਇਸ ਤੋਂ ਵੱਖਰਾ ਸੀ। ਉਹ ਇਸ ਸੰਬੰਧੀ ਦੂਜਿਆਂ ਦਾ ਮਿਲਵਰਤਨ ਲੈਂਦਾ ਸੀ।ਉਦਾਹਰਣ ਵਜੋਂ ਜਦ ਉਸ ਨੂੰ ਪਤਾ ਲੱਗਿਆ ਕਿ ਭਾਰਤ ਦੀ ਸੁਰੱਖਿਆਂ ਨਿਯਮਾਂ ਅਧੀਨ ਫੜੇ ਗਏ ਵਿਅਕਤੀਆਂ ਦੀ ਜਾਇਦਾਦ ਜ਼ਬਤ ਕਰਨ ਸੰਬੰਧੀ ਸੰਵਿਧਾਨ ਦੀ ਸੋਧ ਬਾਰੇ ਤਜਵੀਜ਼ ਕੀਤੇ ਗਏ ਬਿਲ ਦੀ ਪੇਸਕਾਰੀ ਦੇ ਵਿਰੋਧੀ ਪੱਖ ਨੂੰ ਠੇਸ ਪਹੰਚਾਈ ਹੈ ਤਾਂ ਉਸ ਨੇ ਇਸ ਬਿਲ ਨੂੰ ਤਿਆਗ ਦੇਣ ਦਾ ਆਦੇਸ਼ ਦਿੱਤਾ। ਇਸ ਤਰ੍ਹਾਂ ਜਦੋਂ ਉਸ ਨੂੰ ਪਤਾ ਲੱਗਿਆ ਕਿ ਸੰਵਿਧਾਨ ਦੀ *18*ਵੀਂ ਸੋਧ ਬਿਲ ਦੀ ਵਿਰੋਧਤਾ ਹੋ ਰਹੀ ਹੈ ਤਾਂ ਉਸ ਦੇ ਇਸ ਬਿਲ ਨੂੰ ਵਾਪਸ ਲੈ ਲਿਆ ਭਾਵੇ ਕਿ ਇਹ ਬਿਲ ਪਹਿਲੀ ਸਟੇਜ ਵਿਚ ਪਾਸ ਹੋ ਚੁੱਕਿਆ ਸੀ। ਸੰਵਿਧਾਨਕ ਸੋਧਾਂ ਦੀ ਤਾਂ ਕੀ ਗੱਲ ਕਰਨੀ ਹੈ ਉਸਨੇ ਤਾਂ ਵਿਰੋਧੀ ਪੱਖ ਦੀ ਲੋਕ ਸਭਾ ਵਿਚ ਘੱਟ ਗਿਣਤੀ ਨੂੰ ਵੇਖਦਿਆਂ ਹੋਇਆਂ ਵੀ ਆਮ ਵਿਧਾਨਕਾਰੀ ਵਿਚ ਵੀ ਉਸ ਨੂੰ ਉਚਿਤ ਮਹੱਤਵ ਦਿੱਤਾ। ਉਦਾਹਰਣ ਵਜੋਂ ਸਿਵਲ ਪ੍ਰੋਸਿਜਰ ਸੋਧ ਬਿਲ (Civil procecdure Amendment) ਨੂੰ ਵਾਪਿਸ ਲੈ ਲਿਆ ਸੀ ਅਤੇ ਆਪਣੇ ਗ੍ਰਹਿ ਮੰਤਰੀ ਦੀ ਘੋਸ਼ਣਾ ਦੇ ਵਿਰੁੱਧ *1952* ਵਿਚ ਭਾਰਤ ਦੀਆਂ ਚੀਨ ਨਾਲ ਉੱਤਰੀ ਸੀਮਾਵਾਂ ਤੇ ਹੋਈਆਂ ਗਤੀਵਿਧੀਆਂ ਬਾਰੇ ਵਾਈਟ ਪੇਪਰ ਦੀ ਮੰਗ ਕੀਤੀ ਤਾਂ ਨਹਿਰੂ ਇਸ ਲਈ ਰਜ਼ਾਮੰਦ ਹੋ ਗਿਆ। ਫਲਸਰੂਪ *1966* ਵਿਚ ਵਾਈਟ ਪੇਪਰ ਜਾਰੀ ਕੀਤਾ ਇਥੋ ਤਕ ਕਿ ਅਪਣੀ ਇੱਛਾ ਦੇ ਬਿਲਕੁਲ ਵਿਰੁੱਧ ਉਸਨੇ ਕੈਰੋਂ ਵਿਰੁੱਧ *1963* ਵਿਚ ਜਾਂਚ ਕਮਿਸ਼ਨ ਬਿਠਾਇਆ। ਇਸ ਤੋਂ ਪਤਾ ਲੱਗਦਾ ਹੈ ਕਿ ਵਿਰੋਧੀ ਪੱਖ ਦੀ ਘੱਟ ਗਿਣਤੀ ਦੇ ਬਾਵਜੂਦ ਨਹਿਰੂ ਨੂੰ ਉਸ ਦੀਆਂ ਮੰਗਾਂ ਦਾ ਕੁਝ ਅਹਿਸਾਸ ਸੀ ਅਤੇ ਇਸ ਕਰਕੇ ਹੀ ਤਕਰੀਬਨ *10* ਸਾਲਾਂ ਵਿਚ ਵਿਰੋਧ ਪੱਖ ਨੇ ਉਸ ਵਿਰੁੱਧ ਅਵਿਸ਼ਵਾਸ਼ ਦਾ ਮਤਾ ਪੇਸ਼ ਨ ਕੀਤਾ ਅਤੇ ਜਦੋਂ ਨਵੰਬਰ *1962* ਵਿਚ ਸਰਕਾਰ ਦੀ ਨਿਖੇਧੀ ਕਰਨ ਦਾ ਪ੍ਰਸਤਾਵ ਰੱਖਣ ਦਾ ਯਤਨ ਵੀ ਕੀਤਾ ਗਿਆ ਤਾਂ ਇਸ ਨੂੰ ਸਿਰਫ ਸਤ ਵੋਟਾਂ ਮਿਲੀਆਂ ਜਿਸ ਕਰਕੇ ਇਹ ਪ੍ਰਸਤਾਵ ਸਦਨ ਵਿਚ ਪੇਸ਼ ਨਾ ਹੋ ਸਕਿਆ।

1971 ਦੀਆਂ ਚੌਣਾ ਵਿਚ ਬਹੁਮਤ ਪ੍ਰਾਪਤ ਕਰਨ ਤੋਂ ਪਿੱਛੋਂ ਸ੍ਰੀਮਤੀ ਇੰਦਰਾ ਗਾਂਧੀ ਦੀ ਨੀਤੀ ਕੁਝ ਵੱਖਰੀ ਰਹੀ ਹੈ। ਉਸ ਨੇ ਵਿਰੋਧੀ ਪੱਖ ਦਾ ਸਹਿਯੋਗ ਪ੍ਰਾਪਤ ਕਰਨ ਦੀ ਥਾਂ ਐਮ.ਆਈ.ਐਸ.ਏ. ਤੇ ਪ੍ਰੀਵੈਨਸ਼ਨ ਆਫ ਉਬਜੈਸ਼ਨ ਮੋਟਰ ਐਕਟ, *42* ਵੀਂ ਸੋਧ ਐਕਟ, ਵਿਰੋਧੀ ਪੱਖ ਦੇ ਤਿੱਖੇ ਵਿਰੋਧ ਦੇ ਬਾਵਜੂਦ ਪਾਸ ਕੀਤੇ। ਇਨ੍ਹਾਂ ਕਾਨੂੰਨ ਦੇ ਵਿਅਕਤੀਗਤ ਸੁਤੰਤਰਤਾ ਅਤੇ ਲੋਕਤੰਤਰੀ ਜੀਵਨ ਜਾਂਚ ਦੇ ਪੱਖੋਂ ਭਾਰਤੀ ਰਾਜਨੀਤੀ ਪ੍ਰਣਾਲੀ ਤੇ ਡੂੰਘਾ ਪ੍ਰਭਾਵ ਪਾਇਆ। ਉਪਰੋਕਤ ਦਮਨਕਾਰੀ ਧਾਰਾਵਾਂ ਨੂੰ *1977* ਦੀਆਂ ਚੌਣਾ ਵਿਚ ਵੀ ਸਥਗਿਤ ਨਹੀਂ ਸੀ ਕੀਤਾ ਗਿਆ ਬਾਵਜੂਦ ਇਸਦੇ ਕਿ ਵਿਰੋਧੀ ਪੱਖ ਦੀ ਇਹ ਮੰਗ ਸੀ ਕਿ ਨਿਰਪੇਖ ਅਤੇ ਸਹੀ ਚੋਣਾਂ ਲਈ ਜੇ ਇਨ੍ਹਾਂ ਨੂੰ ਮਨਸੂਖ ਨਹੀ ਕੀਤਾ ਜਾ ਸਕਦਾ ਤਾਂ ਘੱਟੋ ਘੱਟ ਸਥਗਿਤ ਜ਼ਰੂਰ ਕੀਤਾ ਜਾਵੇ। *1980* ਅਤੇ *1985*

ਦੀਆਂ ਚੋਣਾਂ ਬਾਦ ਕਾਂਗਰਸ ਦਲ ਹੀ ਸੱਤਾ ਵਿਚ ਰਿਹਾ। ਪਰੰਤੂ ਸੰਸਦ ਵਿਚ ਕਮਜ਼ੋਰ ਵਿਰੋਧੀ ਦਲ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕਰਨ ਦੇ ਬਾਵਜੂਦ ਕੁਝ ਨਹੀਂ ਕਰ ਸਕੇ। ਰਾਜੀਵ ਗਾਂਧੀ ਸਰਕਾਰ ਭਾਰੀ ਬਹੁਮਤ ਪ੍ਰਾਪਤ ਕਰਕੇ ਮਜ਼ਬੂਤ ਰਹੀ ਪਰੰਤੂ ਹੌਲੀ ਹੌਲੀ ਵਿਰੋਧੀ ਦਲਾਂ ਨੇ ਸਰਕਾਰ ਲਈ ਸਖਤ ਰੁਖ ਅਪਨਾਇਆ। ਬੋਫੋਰਸ ਜਿਹੇ ਮਾਮਲਿਆਂ ਨੂੰ ਲੈ ਕੇ ਸੰਸਦ ਵਿਚ ਸਰਕਾਰ ਨੂੰ ਔਖਾਂ ਸਮਾਂ ਕੱਟਣਾ ਪਿਆ। ਵੀ.ਪੀ. ਸਿੰਘ ਅਤੇ ਚੰਦਰ ਸ਼ੇਖਰ ਸਰਕਾਰਾਂ ਘੱਟ ਗਿਣਤੀ ਹੋਣ ਕਾਰਨ ਲਗਾਤਾਰ ਸੰਸਦ ਸਾਹਮਣੇ ਔਕੜਾਂ ਦਾ ਸਾਮਹਣਾ ਕਰਦੀ ਰਹੀ ਹੈ। ਬਾਬਰੀ ਮਸਜਿਦ ਦੇ ਮਸਲੇ ਅਤੇ ਬੈਂਕ ਘੁਟਾਲੇ ਨੂੰ ਲੈ ਕੇ ਵਿਰੋਧੀ ਦਲਾਂ ਨੇ ਕਈ ਵਾਰ ਪ੍ਰਧਾਨ ਮੰਤਰੀ ਦੀ ਸਥਿਤੀ ਮੁਸ਼ਕਿਲ ਕੀਤੀ। ਤਿਨ ਵਾਰੀ ਨਰਸਿੰਮਹਾ ਰਾਓ ਦੀ ਸਰਕਾਰ ਨੂੰ ਅਵਿਸ਼ਵਾਸ ਦੇ ਮਤੇ ਦਾ ਸਾਹਮਣਾ ਕਰਨਾ ਪਿਆ ਪਰੰਤੂ ਰਾਓ ਸਰਕਾਰ ਬਾਅਦ ਵਿਚ ਆਪਣੇ ਆਪ ਲਈ ਬਹੁਮਤ ਬਣਾਉਣ ਵਿਚ ਸਫਲ ਹੋ ਗਈ। ਪ੍ਰਸਿੱਧ ਬੈਂਕ ਘੁਟਾਲੇ ਦੀ ਜਾਂਚ ਕਰਨ ਲਈ ਸੰਯੁਕਤ ਕਮੇਟੀ (JPC) ਦੀ ਰਿਪੋਰਟ ਉਪਰੰਤ ਸਰਕਾਰ ਦੁਆਰਾ ਸੰਸਦ ਵਿਚ "Action Taken Report" ਨੂੰ ਲੈ ਕੇ ਸਮੁੱਚੇ ਵਿਰੋਧੀ ਦਲਾਂ ਨੇ 16 ਦਿਨ ਤਕ ਸੰਸਦ ਦਾ ਬਾਈਕਾਟ ਕੀਤਾ ਅਤੇ ਅੰਤ ਵਿਚ ਸਰਕਾਰ ਨੂੰ ਰਿਪੋਰਟ ਵਾਪਸ ਲੈਣੀ ਪਈ। ਇਸ ਸਾਰੀ ਚਰਚਾ ਦੇ ਸਿੱਟੇ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਜੇਕਰ ਵਿਰੋਧੀ ਸਤਰਕ; ਹੋਏ ਤੇ ਗਿਣਤੀ ਦੇ ਪੱਖੋਂ ਵੀ ਕਾਫੀ ਤਾਂ ਫਿਰ ਸਰਕਾਰ ਨੂੰ ਇਨ੍ਹਾਂ ਨੂੰ ਨਾਲ ਲੈ ਕੇ ਚਲਣਾ ਪੈਂਦਾ ਹੈ। ਪਰ ਜੇਕਰ ਵਿਰੋਧੀ ਧਿਰ ਕਮਜ਼ੋਰ ਹੋਵੇ ਤਾਂ ਸ਼ਾਸਕ ਦਲ ਦਾ ਸਪੱਸ਼ਟ ਬਹੁਮਤ ਵਾਲੀ ਇਕ ਪਾਰਟੀ ਦੀ ਸਰਕਾਰ ਨਾਲੋਂ ਕਮਜ਼ੋਰ ਹੁੰਦੀ ਹੈ।

2.5.5.1 ਸੰਸਦ ਦਾ ਇਜਲਾਸ ਬੁਲਾਉਣਾ

ਸੰਵਿਧਾਨ ਅਨੁਸਾਰ ਰਾਸ਼ਟਰਪਤੀ ਸੰਸਦ ਦਾ ਇਜਲਾਸ ਬੁਲਾ ਸਕਦਾ ਹੈ ਪਰੰਤੂ ਇਸ ਇਜਲਾਸ ਦੀ ਪਹਿਲੀ ਬੈਠਕ ਅਤੇ ਇਸ ਤੋਂ ਪਿਛਲੇ ਇਜਲਾਸ ਦੀ ਆਖਰੀ ਬੈਠਕ ਵਿਚ ਛੇ ਮਹੀਨਿਆਂ ਦਾ ਵਕਫਾ ਨਹੀਂ ਹੋਣਾ ਚਾਹੀਦਾ। ਆਮ ਤੌਰ ਤੇ ਪ੍ਰਧਾਨ ਮੰਤਰੀ ਦੀ ਸਲਾਹ ਤੇ ਰਾਸ਼ਟਰਪਤੀ ਸੰਸਦ ਦਾ ਅਧਿਵੇਸ਼ਨ ਬਲਾਉਂਦਾ ਹੈ, ਜੇ ਕਰ ਦਲ ਬਦਲੀ ਕਾਰਣ ਪ੍ਰਧਾਨ ਮੰਤਰੀ ਲੋਕ ਸਭਾ ਵਿਚ ਆਪਣੇ ਬਹੁਮਤ ਗੁਆ ਬੈਠੇ ਅਤੇ ਹੋਰ ਬਦਲਵੀ ਸਰਕਾਰ ਬਣਨ ਦੀ ਸੰਭਾਵਨਾ ਹੋਵੇ ਤਾਂ ਰਾਸ਼ਟਰਪਤੀ ਉਸ ਨੂੰ ਛੇਤੀ ਹੀ ਅਧਿਵੇਸ਼ਨ ਬੁਲਾਉਣ ਦੀ ਸਲਾਹ ਦੇ ਸਕਦਾ ਹੈ ਅਤੇ ਜੇ ਪ੍ਰਧਾਨ ਮੰਤਰੀ ਅਜਿਹਾ ਕਰਨ ਤੋਂ ਇਨਕਾਰ ਕਰੇ ਤਾਂ ਰਾਸ਼ਟਰਪਤੀ ਉਸ ਨੂੰ ਬਰਤਰਫ ਕਰ ਸਕਦਾ ਹੈ। ਪ੍ਰਾਂਤਕ ਪੱਧਰ ਉਤੇ 1967 ਵਿਚ ਪੱਛਮੀ ਬੰਗਾਲ ਵਿਚ ਅਜਿਹੀ ਸਥਿਤੀ ਉਤਪੰਨ ਹੋਈ। 1976 ਦੀ ਬਤਾਲਵੀਂ ਸੋਧ ਤੋਂ ਪਿੱਛੋਂ ਵੀ ਰਾਸ਼ਟਰਪਤੀ ਦੀ ਬਤਰਫ ਕਰਨ ਦੀ ਸ਼ਕਤੀ ਕਾਇਮ ਹੈ।

2.5.5.2 ਇਜਲਾਸ ਉਠਾਉਣ ਦੀ ਸ਼ਕਤੀ

ਪ੍ਰਧਾਨ ਮੰਤਰੀ ਦੀ ਸਿਫਾਰਸ਼ ਉੱਤੇ ਰਾਸ਼ਟਰਪਤੀ ਸੰਸਦ ਦਾ ਅਧਿਵੇਸ਼ਨ ਉਠਾਓਂਦਾ ਹੇ, 42ਵੀਂ ਸੋਧ ਤੋਂ ਪਹਿਲਾਂ ਰਾਸ਼ਟਰਪਤੀ ਲਈ ਪ੍ਰਧਾਨ ਮੰਤਰੀ ਦੀ ਸਲਾਹ ਮੰਨਣਾ ਜ਼ਰੂਰੀ ਨਹੀਂ ਸੀ, ਖਾਸ ਕਰਕੇ ਉਦੋਂ ਜਦੋਂ ਲੋਕ ਸਭਾ ਵਿਚ ਪ੍ਰਧਾਨ ਮੰਤਰੀ ਵਿਰੁੱਧ ਅਵਿਸ਼ਵਾਸ ਦਾ ਮਤਾ ਵਿਚਾਰਿਆ ਜਾ ਰਿਹਾ ਹੋਵੇ, ਕਿਉਂਕਿ ਸੰਵਿਧਾਨ ਰਾਸ਼ਟਰਪਤੀ ਦੀਆਂ ਸ਼ਕਤੀਆਂ ਉੱਤੇ ਕਿਸੇ ਪ੍ਰਕਾਰ ਦੀ ਪਾਬੰਦੀ ਦਾ ਸੰਕੇਤ ਨਹੀਂ ਦਿੰਦਾ। ਇਹ ਨਿਰਦੇਸ਼ 1968 ਵਿਚ ਸੁਪਰੀਮ ਕੋਰਟ ਨੇ ਦਿੱਤਾ। ਸੰਵਿਧਾਨ ਦੀ 42ਵੀਂ ਸੋਧ ਤੋਂ ਪਿੱਛੋਂ ਕਿ ਇਹ ਸਥਿਤੀ ਬਦਲ ਗਈ ਹੈ ਜਾਂ ਨਹੀਂ ? ਇਸ ਸੰਬੰਧੀ ਮਤਭੇਦ ਹੈ। ਜੇਕਰ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦਾ ਸੰਬੰਧ ਵੱਖੋ ਵੱਖਰੇ ਦਲਾਂ ਨਾਲ ਹੋਵੇ ਤਾਂ ਰਾਸ਼ਟਰਪਤੀ ਵੱਖਰੇ ਦਲ ਨਾਲ ਸੰਬੰਧਿਤ ਪ੍ਰਧਾਨ ਮੰਤਰੀ ਦੀ ਆਪਣੇ ਮੰਤਰੀ ਮੰਡਲ ਨੂੰ ਬਚਾਉਣ ਦੀ ਖਾਤਰ ਸਦਨ ਦਾ ਇਜਲਾਸ ਉਠਾਓਣ ਦੀ ਸਲਾਹ ਦੇ ਸਕਦਾ ਹੈ। ਉਹ ਮੰਨੇ ਭਾਵੇਂ ਨਾ ਮੰਨੇ। ਇਥੇ ਅਸੀ ਸਪੱਸ਼ਟ ਕਰ ਦੇਈਏ ਕਿ ਵੈਸੇ ਤਾਂ ਮੰਨਿਆ ਜਾਂਦਾ ਹੈ ਕਿ ਰਾਸ਼ਟਰਪਤੀ ਕਿਸੇ ਦਲ ਦਾ ਨੁਮਾਇੰਦਾ ਨਹੀਂ ਹੁੰਦਾ ਪਰੰਤੂ ਵਿਵਹਾਰਕ ਰੂਪ ਵਿਚ ਉਸ ਦਾ ਝੁਕਾਓ ਕਿਸੇ ਇਕ ਦਲ ਵਲ ਹੋ ਸਕਦਾ ਹੈ।

2.5.5.3 ਲੋਕ ਸਭਾ ਨੂੰ ਭੰਗ ਕਰਨਾ

ਲੋਕ ਸਭਾ ਨੂੰ ਭੰਗ ਕਰਨ ਦਾ ਰਾਸ਼ਟਰਪਤੀ ਦਾ ਅਧਿਕਾਰ ਵੀ ਆਮ ਤੌਰ ਤੇ ਪ੍ਰਧਾਨ ਮੰਤਰੀ ਦੀ ਸਿਫਾਰਸ਼ ਤੇ ਹੀ ਵਰਤੋਂ ਵਿਚ ਆਉਂਦਾ ਹੈ। ਇਸ ਸੰਬੰਧੀ ਇਹ ਭਾਵਨਾ ਮਹੱਤਵਪੂਰਨ ਹੈ ਕਿ 1970 ਵਿਚ ਲੋਕ ਸਭਾ ਦੀ

ਸਾਧਾਰਣ ਅਵਧੀ ਦੇ ਖਤਮ ਹੋਣ ਤੋਂ ਪਹਿਲਾਂ ਹੀ ਪ੍ਰਧਾਨ ਮੰਤਰੀ ਦੀ ਸਿਫਾਰਸ਼ ਤੇ ਰਾਸ਼ਟਰਪਤੀ ਨੇ ਇਸ ਨੂੰ ਭੰਗ ਕਰ ਦਿੱਤਾ ਸੀ । ਇਹ ਇਸ ਲਈ ਹੋਇਆ ਕਿ ਰਾਸ਼ਟਰਪਤੀ ਦੀ ਪ੍ਰਧਾਨ ਮੰਤਰੀ ਪ੍ਰਤੀ ਰਵੱਈਆ ਸੁਖਾਵਾਂ ਸੀ । ਪ੍ਰਧਾਨ ਮੰਤਰੀ ਦੀ ਸਲਾਹ ਮੰਨਣ ਜਾਂ ਨਾ ਮੰਨਣਾ ਰਾਸ਼ਟਰਪਤੀ ਉਤੇ ਨਿਰਭਰ ਕਰਦਾ ਹੈ । ਕਾਮਨਵੈਲਥ ਅਤੇ ਹੋਰ ਦੇਸ਼ਾਂ ਵਿਚ ਇਸ ਦੇ ਕਈ ਉਦਾਹਰਣ ਹਨ ਜਦੋਂ ਰਾਜ ਦੇ ਮੁੱਖੀ ਨੇ ਪ੍ਰਧਾਨ ਮੰਤਰੀ ਦੀ ਸਦਨ ਨੂੰ ਭੰਗ ਕਰਨ ਦੀ ਸਿਫਾਰਸ਼ ਨੂੰ ਰੱਦ ਕਰ ਦਿਤਾ । ਅਜਿਹਾ ਕੈਨੇਡਾ ਵਿਚ 1925 ਵਿਚ ਜਰਮਨੀ ਵਿਚ ਵੀਮਰ ਸੰਵਿਧਾਨ ਦੇ ਅੰਤਰਗਤ 1932 ਵਿਚ ਅਤੇ ਦੱਖਣੀ ਅਫਰੀਕਾ ਵਿਚ 1952 ਵਿਚ ਹੋਇਆ । ਭਾਰਤ ਵਿਚ ਵੀ ਪ੍ਰਾਂਤਕ ਪੱਧਰ ਉੱਤੇ ਸਾਡੇ ਕੋਲ ਕਈ ਉਦਾਹਰਣਾਂ ਹਨ ਜਦੋਂ ਰਾਜਪਾਲਾਂ ਨੇ ਮੁੱਖ ਮੰਤਰੀਆਂ ਦੀ ਸਿਫਾਰਸ਼ ਤੇ ਵਿਧਾਨ ਮੰਡਲ ਨੂੰ ਭੰਗ ਕਰਨ ਤੋਂ ਇਨਕਾਰ ਕਰ ਦਿੱਤਾ । ਅਜਿਹਾ ਟਾਵਨਕੋਰ ਕੋਚੀਨ ਵਿਚ 1954 ਵਿਚ, ਪੰਜਾਬ ਵਿਚ 1967 ਵਿਚ ਅਤੇ ਮੱਧ ਪ੍ਰਦੇਸ਼ ਵਿਚ 1969 ਵਿਚ ਹੋਇਆ ।

22 ਅਗਸਤ, 1979 ਨੂੰ ਰਾਸ਼ਟਰਪਤੀ ਸੰਜੀਵ ਰੈਡੀ ਨੇ ਚਰਨ ਸਿੰਘ, ਜੋ ਕਿ 26 ਜਲਾਈ, 1979 ਨੂੰ ਪ੍ਰਧਾਨ ਮੰਤਰੀ ਬਣਿਆ ਸੀ, ਦੀ ਸਲਾਹ ਉਤੇ ਲੋਕ ਸਭਾ ਭੰਗ ਕਰ ਦਿੱਤੀ । ਚਰਨ ਸਿੰਘ ਨੇ ਆਪਣੀ ਬਹੁਦਲੀ ਸਰਕਾਰ (ਜਨਤਾ ਸੈਕੁਲਰ) ਅਤੇ ਕਾਂਗਰਸ (ਐਸ) ਦਾ ਅਸਤੀਫਾ 20 ਅਗਸਤ 1979 ਨੂੰ ਉਸ ਸਮੇਂ ਇਕ ਘੰਟਾ ਪਹਿਲਾਂ ਦਿੱਤਾ ਜਦੋਂ ਕਿ ਸਦਨ ਵਿਚ ਪ੍ਰਸਤਾਵ ਪੇਸ਼ ਹੋਣਾ ਸੀ ਕਿਉਂਕਿ ਕਾਂਗਰਸ (ਆਈ) ਨੇ ਉਸ ਦੇ ਬਹੁਦਲੀ ਸਰਕਾਰਾਂ ਤੋਂ ਆਪਣਾ ਸਮਰਥਨ ਵਾਪਿਸ ਲੈ ਲਿਆ ਸੀ । ਰਾਸ਼ਟਰਪਤੀ ਵਲੋਂ ਅਜਿਹਾ ਪ੍ਰਧਾਨ ਮੰਤਰੀ ਦੇ ਕਹਿਣ ਤੇ ਲੋਕ ਸਭਾ ਨੂੰ ਭੰਗ ਕਰਨਾ ਜਿਸ ਤੇ ਅਜੇ ਲੋਕ ਸਭਾ ਵਿਚ ਆਪਣਾ ਬਹੁਮਤ ਸਿੱਧ ਕਰਨ ਦੀ ਸ਼ਰਤ ਲੱਗੀ ਹੋਈ ਸੀ, ਇਕ ਵਿਵਾਦਪੂਰਣ ਨੁਕਤਾ ਹੈ । ਰਾਸ਼ਟਰਪਤੀ ਨੇ ਚਰਨ ਸਿੰਘ ਨੂੰ ਸਰਕਾਰ ਬਣਾਉਣ ਦਾ ਸੱਦਾ ਦੇਣ ਸਮੇਂ ਸ਼ਰਤ ਲਗਾਈ ਸੀ ਕਿ ਉਹ ਅਗਸਤ ਦੇ ਤੀਜੇ ਹਫਤੇ ਤਕ ਸਦਨ ਦਾ ਵਿਸ਼ਵਾਸ ਪ੍ਰਾਪਤ ਕਰੇ ਗਾ । ਜਨਤਾ ਪਾਰਟੀ ਦੇ ਨੇਤਾ ਅਤੇ ਕਈ ਸੰਵਿਧਾਨਿਕ ਮਾਹਿਰਾਂ ਨੇ ਰਾਸ਼ਟਰਪਤੀ ਦੇ ਇਸ ਵਿਵਹਾਰ ਦੀ ਆਲੋਚਨਾ ਕੀਤੀ ਕੀ ਉਸ ਨੇ ਅਲਪਮਤ ਵਾਲੀ ਸਰਕਾਰ ਦੇ ਮੁੱਖੀ ਪ੍ਰਧਾਨ ਮੰਤਰੀ ਦੀ ਸਲਾਹ ਉਤੇ ਲੋਕ ਸਭਾ ਨੂੰ ਭੰਗ ਕਰ ਦਿੱਤਾ । ਜਨਤਾ ਪਾਰਟੀ ਦੇ ਨੇਤਾ ਰਾਸ਼ਟਰਤੀ ਦੇ ਇਸ ਹੱਦ ਤਕ ਵਿਰੁੱਧ ਸਨ ਕਿ ਉਨ੍ਹਾਂ ਵਿਰੁੱਧ ਮਹਾਂ ਅਭਿਯੋਗ ਲਗਾਉਣ ਦੀ ਧਮਕੀ ਵੀ ਦਿੱਤੀ ।

2.5.6 ਪ੍ਰਧਾਨ ਮੰਤਰੀ ਅਤੇ ਪ੍ਰਸ਼ਾਸਨ

ਦੇਸ਼ ਦਾ ਪ੍ਰਸ਼ਾਸਨ ਵਾਸਤਵ ਵਿਚ ਪ੍ਰਧਾਨ ਮੰਤਰੀ ਦੇ ਹੱਥ ਹੀ ਹੁੰਦਾ ਹੈ । ਸਾਰੀਆਂ ਮਹੱਤਵਪੂਰਣ ਨਿਯੁਕਤੀਆਂ ਜਿਵੇਂ ਕਿ ਰਾਜਪਾਲਾਂ, ਰਾਜਦੂਤ, ਚੇਅਰਮੈਨ ਅਤੇ ਸੰਘੀ ਲੋਕ ਸੇਵਾ ਆਯੋਗ ਦੇ ਮੈਂਬਰ, ਅਟਾਰਨੀ ਜਨਰਲ, ਥਲ ਸੈਨਾ, ਜਲ ਸੈਨਾ ਅਤੇ ਹਵਾਈ ਸੈਨਾ ਦੇ ਚੀਫ, ਸੁਪਰੀਮ ਕੋਰਟ ਅਤੇ ਹਾਈਕਰਟ ਦੇ ਚੀਫ ਜਸਟਿਸ ਅਤੇ ਹੋਰ ਜੱਜ ਆਦਿ ਦੀ ਨਿਯੁਕਤੀ ਪ੍ਰਧਾਨ ਮੰਤਰੀ ਦੀ ਸਿਫਾਰਸ਼ ਅਨੁਸਾਰ ਰਾਸ਼ਟਰਪਤੀ ਕਰਦਾ ਹੈ । ਅਜਿਹੀਆਂ ਨਿਯੁਕਤੀਆਂ ਲਈ ਸਿਫਾਰਸ਼ ਕਰਨ ਲੱਗਿਆਂ ਪ੍ਰਧਾਨ ਮੰਤਰੀ ਦੇ ਸੀਨੀਅਰਤਾ ਕਿਸਮ ਦੀ ਪਰੰਪਰਾ ਨੂੰ ਨਜ਼ਰ ਅੰਦਾਜ਼ ਕਰ ਸਕਦਾ ਹੈ । 1973 ਵਿਚ ਜਦੋਂ ਸੁਪਰੀਮ ਕੋਰਟ ਦੇ ਚੀਫ ਜਸਟਿਸ ਦੀ ਨਿਯੁਕਤੀ ਲਈ ਤਿੰਨ ਜੱਜਾਂ ਦੀ ਸੀਨੀਆਰਤਾ ਦੀ ਉਲੰਘਣਾ ਕੀਤੀ ਗਈ ਤਾਂ ਇਹੋ ਕੁਝ ਹੀ ਹੋਇਆ ।

2.5.7 ਪ੍ਰਧਾਨ ਮੰਤਰੀ ਅਤੇ ਦਲ Coalition Govts.

ਆਮ ਤੌਰ ਤੇ ਪ੍ਰਧਾਨ ਮੰਤਰੀ ਦੇਸ਼ ਅਤੇ ਸੰਸਦ ਦੋਹਾਂ ਵਿਚ ਹੀ ਆਪਣੇ ਦਲ ਦਾ ਨੇਤਾ ਹੁੰਦਾ ਹੈ । ਪਰੰਤੂ ਜਦੋਂ ਤਕ ਪਟੇਲ ਜਿਉਂਦਾ ਰਿਹਾ ਉਦੋਂ ਤਕ ਪ੍ਰਧਾਨ ਮੰਤਰੀ ਦੀ ਥਾਂ ਪਾਰਟੀ ਉੱਤੇ ਉਸ ਨੇ ਨਿਯੰਤਰਣ ਬਣਾਈ ਰੱਖਿਆ । 1950 ਵਿਚ ਉਸ ਦੀ ਮ੍ਰਿਤੂ ਤੋਂ ਪਿੱਛੋਂ ਨਹਿਰੂ ਨੇ ਪੀ.ਡੀ. ਟੰਡਨ ਨੂੰ ਅਸਤੀਫਾ ਦੇਣ ਲਈ ਮਜ਼ਬੂਰ ਕਰ ਦਿੱਤਾ ਅਤੇ ਆਪ ਹੀ ਕਾਂਗਰਸ ਪ੍ਰਧਾਨ ਵੀ ਬਣ ਗਿਆ । ਜਦੋਂ ਤਕ ਉਹ ਜਿੰਦਾ ਰਿਹਾ ਕਾਂਗਰਸ ਦਾ ਪ੍ਰਧਾਨ ਉਸੇ ਦਾ ਨੁਮਾਇੰਦਾ ਹੀ ਰਿਹਾ ਹੈ । ਜਦ ਤਕ ਆਜ਼ਾਦ, ਕਿਦਵਈ ਅਤੇ ਪੰਤ ਜ਼ਿੰਦਾ ਰਹੇ ਉਹ ਪਾਰਟੀ ਅਤੇ ਸਰਕਾਰ ਦੇ ਕੰਮਾਂ ਵਿਚ ਇਨ੍ਹਾਂ ਦੀ ਸਲਾਹ ਨੂੰ ਵਿਸ਼ੇਸ਼ ਮਹੱਤਵ ਦਿੰਦਾ ਸੀ ਅਤੇ ਇਨ੍ਹਾਂ ਦੀ ਮ੍ਰਿਤੂ ਤੋਂ ਪਿੱਛੋਂ ਡੇਸਾਈ, ਚਵਾਨ, ਸੰਜੀਵਾ ਰੈਡੀ, ਪਾਟਿਲ ਕਾਮਰਾਜ, ਬੀ.ਸੀ. ਗੁਪਤਾ, ਡਾ.ਬੀ.ਸੀ. ਰਾਇ ਅਤੇ ਕੁਝ ਹੋਰਨਾਂ ਨੇ ਵੀ ਆਪਣਾ ਹੱਕ ਜਤਾਇਆ ਅਤੇ ਕੁਝ ਮਾਮਲਿਆਂ ਵਿਚ ਆਪਣੀ ਮਨਵਾਈ । ਸੰਸਦ ਅਤੇ ਪ੍ਰਾਂਤ ਵਿਧਾਨ ਸਭਾਵਾਂ ਲਈ ਦਲ ਦੇ ਉਮੀਦਵਾਰ ਦੀ ਚੋਣ ਵਿਚ ਇਨ੍ਹਾਂ ਨੇਤਾਵਾਂ ਨਾਲ

ਅਧਿਕਾਰ ਸਾਂਝੇ ਕੀਤੇ । ਇਨ੍ਹਾਂ ਵਿਚੋਂ ਕੁਝ ਨੇਤਾਵਾਂ ਦਾ ਕਾਫੀ ਹੱਥ ਸੀ । ਇਸ ਤਰ੍ਹਾਂ ਜਦੋਂ ਨਹਿਰੂ ਜ਼ਿੰਦਾ ਰਿਹਾ ਉਸ ਨੇ ਇਨ੍ਹਾਂ ਵਿਚੋਂ ਕੁਝ ਨੇਤਾਵਾਂ ਦੇ ਜ਼ੋਰ ਦੇਣ ਉੱਤੇ ਹੀ *1962* ਵਿਚ ਕ੍ਰਿਸ਼ਨਾ ਮੈਨਨ ਨੂੰ ਅਸਤੀਫਾ ਦੇਣਾ ਪਿਆ ।

ਨਹਿਰੂ ਤੋਂ ਪਿਛੋਂ ਸ਼ਾਸਤਰੀ ਨੇ ਗੱਦੀ ਸੰਭਾਲੀ ਤਾਂ ਉਸ ਦਾ ਦਲ ਉਤੇ ਕੋਈ ਨਿਯੰਤਰਣ ਨਹੀਂ ਸੀ । ਪਾਰਟੀ ਦੇ ਮਾਮਲਿਆਂ ਉੱਤੇ ਤਥਾਂ ਕਥਿਤ 'ਗ੍ਰੈਂਡ ਕੌਂਸਲ' ਦਾ ਨਿਯੰਤਰਨ ਸੀ ਜਿਸ ਵਿਚ ਕਾਂਗਰਸ ਹਾਈ ਕਮਾਂਡ ਦੇ ਕੁਝ ਨੇਤਾ, ਕੁਝ ਕੇਂਦਰੀ ਮੰਤਰੀ ਅਤੇ ਕੁਝ ਰਾਜਾਂ ਦੇ ਮੁੱਖ ਮੰਤਰੀ ਸਨ । ਇਸੇ ਕਰਕੇ ਜਦੋਂ ਦਾਸ ਕਮਿਸ਼ਨ ਦੀ ਰਿਪੋਰਟ ਤੋਂ ਪਿੱਛੋਂ ਸ਼ਾਸਤਰੀ ਨੇ ਕੈਰੋਂ ਨੂੰ ਅਸਤੀਫਾ ਦੇਣ ਲਈ ਕਿਹਾ ਤਾਂ ਉਸ ਨੇ ਇਨਕਾਰ ਕਰ ਦਿੱਤਾ ਕਿਉਂਕਿ ਦਲ ਵਿਚ ਉਸ ਦੇ ਕੁਝ ਸ਼ਕਤੀਸ਼ਾਲੀ ਸਮਰਥਕ ਸਨ ਅਤੇ ਅੰਤ ਵਿਚ ਦਾਸ ਕਮਿਸ਼ਨ ਦੀ ਰਿਪੋਰਟ ਦੀ ਛਪਣ ਤੋਂ ਬਾਅਦ ਹੀ ਅਸਤੀਫਾ ਦਿੱਤਾ । ਅਸਲ ਵਿਚ ਸ਼ਾਸ਼ਤਰੀ ਅਜਿਹੇ ਹੀ ਜਾਂਚ ਕਮਿਸ਼ਨ ਬੀਜੂ ਪਟਨਾਇਕ ਅਤੇ ਬੀਰੇਨ ਮਿਤਰ (ਉੜੀਸਾ ਦੇ ਭੂਤਪੂਰਵਕ ਮੁੱਖ ਮੰਤਰੀ) ਦੇ ਵਿਰੁੱਧ ਵੀ ਚਾਹੁੰਦਾ ਸੀ ਪਰੰਤੂ ਦਲ ਨੇਤਾਵਾਂ ਦੇ ਦਬਾਅ ਕਾਰਣ ਉਹ ਅਜਿਹਾ ਨਾ ਕਰ ਸਕਿਆ । ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਸ਼ਾਸਤਰੀ ਦਾ ਦਲ ਉੱਤੇ ਪੂਰਾ ਨਿਯੰਤਰਣ ਨਹੀ ਸੀ ।

1969 ਤਕ ਇਸ ਪੱਖੋਂ ਸ੍ਰੀਮਤੀ ਇੰਦਰਾ ਗਾਂਧੀ ਦੀ ਅਵਸਥਾ ਵੀ ਕੋਈ ਵੱਖਰੀ ਨਹੀਂ ਸੀ ਪਰੰਤੂ *1969* ਵਿਚ ਕਾਂਗਰਸ ਦੇ ਦੋਫਾੜ ਮਗਰੋ ਅਤੇ *1971* ਦੀਆਂ ਚੋਣਾਂ ਮਗਰੋ ਦਲ ਵਿਚ ਉਸ ਦੀ ਸਥਿਤੀ ਵਿਚ ਸੁਧਾਰ ਹੋਇਆ ਅਤੇ ਉਸਦਾ ਦਲ ; ਅਤੇ ਕਾਂਗਰਸ ਹਾਈ ਕਮਾਂਡ ਤੇ ਪੂਰਾ ਨਿਯੰਤਰਣ ਸੀ । ਕੋਈ ਵੀ ਮੁੱਖ ਮੰਤਰੀ ਉਸ ਦੀ ਇੱਛਾ ਦੇ ਵਿਰੁੱਧ ਆਪਣੇ ਪਦ ਤੇ ਨਹੀਂ ਰਹਿ ਸਕਦਾ ਸੀ । ਅਸਲ ਵਿਚ ਜਿਥੇ ਤਕ ਰਾਜਾਂ ਵਿਚ ਕਾਂਗਰਸ ਵਿਧਾਇਕ ਦਲ ਦਾ ਸੰਬੰਧ ਸੀ, ਉਨ੍ਹਾਂ ਨੇ ਮੁੱਖ ਮੰਤਰੀ ਚੁਣਨ ਦਾ ਅਧਿਕਾਰ ਉਸ ਨੂੰ ਦੇ ਦਿੱਤਾ ਹੋਇਆ ਸੀ । ਇਥੋਂ ਤਕ ਕਿ *1977* ਦੀਆਂ ਚੋਣਾਂ ਵਿਚ ਦਲ ਦੇ ਉਮੀਦਵਾਰਾਂ ਦੀ ਚੋਣ ਵੀ ਉਸਤੇ ਹੀ ਛੱਡ ਦਿੱਤੀ ਗਈ । ਉਦਾਹਰਣ ਵਜੋਂ ਪੰਜਾਬ, ਹਰਿਆਣਾ, ਬਿਹਾਰ, ਉੜੀਸਾ, ਪੱਛਮੀ ਬੰਗਾਲ ਅਤੇ ਕੁਝ ਹੋਰ ਰਾਜਾਂ ਦੇ ਕਾਗਰਸ ਦਲ ਨੇ ਪ੍ਰਸਤਾਵ ਪਾਸ ਕਰਕੇ *1977* ਦੀਆਂ ਚੋਣਾਂ ਲਈ ਕਾਂਗਰਸ ਉਮੀਦਵਾਰ ਚੁਣਨ ਦਾ ਅਧਿਕਾਰ ਕਾਂਗਰਸ ਹਾਈ ਕਮਾਂਡ ਨੂੰ (ਸ੍ਰੀਮਤੀ ਇੰਦਰਾ ਗਾਂਧੀ) ਦੇ ਦਿੱਤਾ । ਕਾਂਗਰਸ ਦਲ ਅਤੇ ਸਰਕਾਰ ਦੇ ਸਭ ਤੋਂ ਵਰਿਸ਼ਠ ਮੰਤਰੀ ਜਗਜੀਵਨ ਰਾਮ ਨੇ ਸਰਕਾਰ ਅਤੇ ਦਲ ਦੋਹਾਂ ਤੋਂ ਅਸਤੀਫਾ ਦੇਣ ਵੇਲੇ ਇਹ ਦੋਸ਼ ਲਗਾਇਆ ਕਿ ਪ੍ਰਧਾਨ ਮੰਤਰੀ ਦਲ ਦੇ ਵਿਚ ਕਿਸੇ ਦੀ ਗੱਲ ਨਹੀਂ ਸੁਣਦੀ ਅਤੇ ਕਾਂਗਰਸ ਦਲ ਲੋਕਤੰਤਰੀ ਦਲ ਨਹੀਂ ਰਿਹਾ । *1980* ਦੀਆਂ ਲੋਕ ਸਭਾ ਦੀਆਂ ਮੱਧਕਾਲੀ ਚੋਣਾਂ ਵੇਲੇ ਇੰਦਰਾ ਗਾਂਧੀ ;ਦੇ ਮੁਕਾਬਲੇ ਵਿਚ ਨਰਸਿੰਮਹਾ ਰਾਓ ਦੀ ਕਾਂਗਰਸ ਦਲ ਨੂੰ ਛਡਦਿਆਂ ਹੋਇਆ ਇਹੋ ਜਿਹਾ ਦੋਸ਼ ਹੀ ਐਚ.ਐਨ. ਬਹੁਗੁਣਾ ਨੇ ਲਗਾਇਆ । ਭਾਵੇਂ ਕਾਰਜ ਵਿਧੀ ਵਿਚ ਮਹੱਤਵਪੂਰਣ ਪਰਿਵਰਤਨ ਆ ਗਿਆ ਪਰੰਤੂ ਸੱਚਾਈ ਇਹ ਹੈ ਕਿ ਕਾਂਗਰਸ ਦਲ ਦੀ ਸੰਗਠਨੀ ਹਿੱਸੇ ਤੇ ਨਿਯੰਤਰਣ ਰੱਖਣ ਕਰਕੇ ਮੰਤਰੀ ਮੰਡਲ ਸਰਕਾਰ ਅਸਲੀਅਤ ਵਿਚ ਪ੍ਰਧਾਨ ਮੰਤਰੀ ਦੀ ਸਰਕਾਰ ਵਿਚ ਪਰਿਵਰਤਿਤ ਹੋ ਗਈ । ਇਸ ਪੱਖੋ ਇਕ ਮਹੱਤਵਪੂਰਨ ਜਾਨਣਯੋਗ ਗੱਲ ਇਹ ਹੈ ਕਿ ਪ੍ਰਧਾਨ ਮੰਤਰੀ ਦੇ ਰੂਪ ਵਿਚ ਮੁਰਾਰਜੀ ਡੇਸਾਈ ਦਾ ਜਨਤਾ ਸੰਸਦ ਦਲ ਉੱਤੇ ਕੋਈ ਬਹੁਤ ਨਿਯੰਤਰਣ ਨਹੀਂ ਸੀ ਤੇ ਉਸ ਨੂੰ ਆਪਣੀਆਂ ਸ਼ਕਤੀਆਂ ਚਰਨ ਸਿੰਘ, ਜਗਜੀਵਨ ਰਾਮ, ਅੱਟਲ ਬਿਹਾਰੀ ਵਾਜਪਾਈ, ਚੰਦਰ ਸ਼ੇਖਰ ਅਤੇ ਆਪਣੇ ਦਲ ਦੇ ਹੋਰ ਮੈਂਬਰਾਂ ਨਾਲ ਸਾਂਝੀਆਂ ਕਰਨੀਆਂ ਪੈਂਦੀਆਂ ਸਨ । ਸਪੱਸ਼ਟ ਹੈ ਕਿ ਮਿਲੀ ਜੁਲੀ ਸਰਕਾਰ ਵਿਚ ਪ੍ਰਧਾਨ ਮੰਤਰੀ ਦੀ ਸਥਿਤੀ ਕਮਜ਼ੋਰ ਹੀ ਹੁੰਦੀ ਹੈ । ਕਿਉਕਿ ਉਸ ਨੇ ਲੋਕ ਸਭਾ ਵਿਚ ਮਿਲੀ ਜੁਲੀ ਸਰਕਾਰ ਦੇ ਭਾਈਵਾਲ ਦਲਾਂ ਦੇ ਸਮਰਥਨ ਤੇ ਨਿਰਭਰ ਰਹਿਣਾ ਪੈਂਦਾ ਹੈ । ਜੇਕਰ ਜਨਤਾ ਦਲ ਦੇ ਸ਼ਾਸ਼ਨ ਕਾਲ ਵਿਚ ਕਾਂਗਰਸ ਵਰਗਾ ਇਕੋ ਹੀ ਦਲ ਹੁੰਦਾ ਤਾਂ ਉਸ ਦਾ ਰਵੱਈਆਂ ਵੀ ਕਾਂਗਰਸ ਵਾਂਗ ਹੀ ਹੋਣਾ ਸੀ । ਜਨਤਾ ਸਰਕਾਰ ਦੀ ਹਾਰ ਪਿੱਛੋਂ ਫਿਰ ਸ੍ਰੀਮਤੀ ਇੰਦਰਾ ਗਾਂਧੀ ਉਹੀ ਸ਼ਕਤੀਸ਼ਾਲੀ ਸਥਿਤੀ ਸੰਭਾਲੀ ਅਤੇ ਸ੍ਰੀਮਤੀ ਇੰਦਰਾ ਗਾਂਧੀ ਦੀ ਮ੍ਰਿਤੂ ਪਿੱਛੋਂ ਰਾਜੀਵ ਗਾਂਧੀ ਨੇ ਵੀ ਇਨਾਂ ਸ਼ਕਤੀਆਂ ਦਾ ਪ੍ਰਯੋਗ ਕੀਤਾ । *1989* ਤਕ ਪਹੁੰਚਦੇ ਰਾਜੀਵ ਗਾਂਧੀ ਦੀ ਲੋਕਾਂ ਅੱਗੇ ਪਹਿਲੇ ਵਰਗੀ ਛਵੀ ਨਾ ਰਹੀ ਬੋਫਰੋਜ਼ ਤੇ ਹੋਰ ਮਾਮਲਿਆਂ ਨੂੰ ਲੈ ਕੇ ਵਿਰੋਧੀ ਦਲਾਂ ਨੇ ਆਪਸੀ ਏਕਤਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ । ਕਾਂਗਰਸ ਦਲ ਉਤੇ ਰਾਜੀਵ ਗਾਂਧੀ ਦਾ ਨਿਯੰਤਰਣ ਚੰਗਾ ਬਣਿਆ ਰਿਹਾ । ਵੀ.ਪੀ.ਸਿੰਘ ਕੇਵਲ *11* ਮਹੀਨੇ ਤਕ ਸੱਤਾ ਦਾ ਸਵਾਦ ਲੈ ਸਕੇ । ਚੰਦਰ ਸ਼ੇਖਰ ਪਹਿਲੇ ਪ੍ਰਧਾਨ ਮੰਤਰੀ ਬਣੇ ਜਿਨ੍ਹਾਂ ਨੇ ਆਪਣੇ ਸਮਰਥਕ ਇੰਨੀ ਘੱਟ ਗਿਣਤੀ ਵਿਚ ਸਨ । ਵੈਸੇ ਭਾਰਤੀ ਰਾਜਨੀਤੀ ਵਿਚ ਲਗਦਾ ਹੈ, ਕਾਫੀ ਬਦਲਾਅ ਆ ਗਿਆ ਹੈ । ਪ੍ਰਧਾਨ ਮੰਤਰੀ ਨਰਸਿੰਮਹਾ ਰਾਓ ਦੇ ਆਪਣੇ ਸ਼ਬਦਾਂ ਵਿਚ ਅੱਜ ਪੂਰਣ ਬਹੁਮਤ (Absolute majorities) ਦਾ ਕਾਲ ਸ਼ਾਇਦ ਖਤਮ ਹੋ ਗਿਆ ਹੈ । ਹੁਣ ਸੱਤਾ ਪ੍ਰਾਪਤ

ਦਲ ਨੂੰ ਜ਼ਿਆਦਾ (Consuensus) ਅਤੇ ਵਿਰੋਧੀ ਦਲਾਂ ਦੇ ਸਹਿਯੋਗ ਨਾਲ ਚਲਣਾ ਹੋਵੇਗਾ । ਪਰੰਤੂ ਨਰਸਿੰਮਹਾ ਰਾਓ ਦੇ ਕਾਰਜਕਾਲ ਦੇ ਦੂਜੇ ਸਾਲ ਤਕ ਪਹੁੰਚਦੇ ਪਹੁੰਚਦੇ consensus ਵਾਲੀ ਨੀਤੀ ਕੇਵਲ ਇਕ ਰਾਜਨੀਤਿਕ ਦਾਵ ਪੇਚ ਦਾ ਹਿੱਸਾ ਨਜ਼ਰ ਆਉਣ ਲੱਗ ਪਈ । ਸ਼ੁਰੂ ਸ਼ੁਰੂ ਵਿਚ ਇਹ ਦਾਅਵੇ ਕਰਨ ਤੋਂ ਬਾਅਦ ਕਿ ਉਹ ਕਾਂਗਰਸ ਪ੍ਰਧਾਨ ਦਾ ਪਦ ਛੱਡ ਦੇਣਗੇ , ਬਾਦ ਵਿਚ, ਉਹ ਕਾਫੀ ਮਜ਼ਬੂਤ ਪੱਦਾਂ ਉਤੇ ਬਿਰਾਜਮਾਨ ਹੋ ਗਏ ਭਾਵੇ ਕਾਂਗਰਸ ਦਲ ਦੇ ਅੰਦਰ ਗੁਟਬੰਦੀ ਦੇ ਕਾਰਣ ਪ੍ਰਧਾਨ ਮੰਤਰੀ ਦੀ ਸਥਿਤੀ ਬਹੁਤ ਮਜ਼ਬੂਤ ਨਹੀਂ ਸੀ । ਖੱਬੇ ਪੱਖੀ ਦਲਾਂ ਅਤੇ ਭਾਜਪਾ ਸ਼ੁਰੂ ਸ਼ੁਰੂ ਵਿਚ ਵਾਰੀ ਵਾਰੀ ਨਰਸਿੰਮਹਾ ਰਾਓ ਦੀ ਸਰਕਾਰ ਨੂੰ ਸਥਿਰਤਾ ਦਿੱਤੀ ਲੇਕਿਨ ਨਰਸਿੰਮਹਾ ਰਾਓ ਦੀ ਸਰਕਾਰ ਵਿਰੁੱਧ ਤੀਸਰਾ ਅਵਿਸ਼ਵਾਸ ਦਾ ਮਤਾ ਖੱਬੇ ਦਲਾਂ ਵਲੋਂ ਪੇਸ਼ ਹੋਇਆ ਜਿਸ ਦਾ ਭਾਜਪਾ ਨੇ ਵੀ ਸਮਰਥਨ ਕੀਤਾ । ਪਰੰਤੂ ਜਨਤਾ ਦਲ (ਅਜੀਤ) ਦੇ ਇਕ ਗੁੱਟ ਨੇ ਰਾਓ ਸਰਕਾਰ ਦੀ ਡੁਬਦੀ ਕਿਸ਼ਤੀ ਨੂੰ ਕਿਨਾਰੇ ਲਗਾ ਦਿੱਤਾ । ਦਲ ਬਦਲੀ ਵਿਰੋਧੀ ਕਾਨੂੰਨ ਤੋਂ ਬਚਦੇ ਹੋਏ ਕਾਂਗਰਸ (ਆਈ) ਛੋਟੇ ਦਲਾਂ ਦੀ ਫੁੱਟ ਦਾ ਫਾਇਦਾ ਉਠਾਉਣ ਵਿਚ ਸਫਲ ਹੋ ਗਈ । ਸੰਸਦ ਵਿਚ ਇਸ ਵਿਚ ਇਸ ਦਾ ਆਪਣਾ ਸਪੱਸ਼ਟ ਬਹੁਮਤ ਸਥਾਪਿਤ ਕਰ ਲਿਆ ਪ੍ਰਧਾਨ ਮੰਤਰੀ ਰਾਓ ਕਾਫੀ ਸਮੇਂ ਤਕ ਕਾਂਗਰਸ ਦੇ ਅੰਦਰ ਗੁੱਟਬੰਦੀ ਨੂੰ ਵੀ ਕੰਟਰੋਲ ਰੱਖਣ ਵਿਚ ਸਫਲ ਰਹੇ । ਪਰੰਤੂ ਅਖੀਰ ਵਿੱਚ ਅਰਜਨ ਸਿੰਘ ਅਤੇ ਐਨ.ਡੀ.ਤਵਾੜੀ ਗਰੁੱਪ ਵੱਖ ਹੋ ਹੀ ਗਿਆ । ਇਹ ਗੱਲ ਵੱਖ ਹੈ ਕਿ ਨਰਸਿੰਮਹਾ ਰਾਓ ਆਪਣੀ ਸਰਕਾਰ ਅਤੇ ਆਪਣੀ ਸਥਿਤੀ ਨੂੰ ਬਚਾਈ ਰੱਖਣ ਵਿਚ ਕਾਮਯਾਬ ਰਹੇ । ਜਿਵੇਂ ਕਿ ਤੁਸੀਂ ਜਾਣਦੇ ਹੀ ਹੋ 1996 ਦੀਆਂ ਆਮ ਚੋਣਾਂ ਤੋਂ ਬਾਅਦ ਯੂਨਾਇਟਡ ਫਰੰਟ ਦੀ ਸਰਕਾਰ ਬਣੀ ਜੋ ਵੱਡੀ ਹੱਦ ਤਕ ਕਾਂਗਰਸ ਦੇ ਸਮਰਥਨ ਉਤੇ ਨਿਰਭਰ ਸੀ । ਸੀਤਾ ਰਾਮ ਕੇਸਰੀ ਦੇ ਕਾਂਗਰਸ ਪ੍ਰਧਾਨ ਬਣਨ ਤੋਂ ਬਾਅਦ ਹੋਲੀ ਹੋਲੀ ਦੇਵਗੌੜਾ ਸਰਕਾਰ ਪ੍ਰਤੀ ਕਾਗਰਸ ਦਾ ਰਵੱਈਆਂ ਸਖਤ ਹੁੰਦਾ ਰਿਹਾ ਅਤੇ ਅਖੀਰ 10 ਮਹੀਨੇ ਬਾਅਦ ਦੇਵਗੌੜਾ ਸਰਕਾਰ ਪ੍ਰਤੀ ਅਵਿਸ਼ਵਾਸ ਦਾ ਮਤਾ ਪਾਸ ਕਰਵਾ ਦਿੱਤਾ । ਇਸ ਤੋਂ ਪਹਿਲੇ ਲਗਾਤਾਰ ਨੇਤਾ ਬਦਲਣ ਦੀ ਸਿਫਾਰਸ਼ ਕਾਂਗਰਸ ਕਰਦੀ ਰਹੀ ਸੀ ਬਾਅਦ ਵਿਚ ਯੂਨਾਈਟਿਡ ਫਰੰਟ ਵਲੋਂ ਆਈ.ਕੇ . ਗੁਜਰਾਲ ਨੂੰ ਨੇਤਾ ਚੁਣਿਆ ਗਿਆ ਅਤੇ ਕਾਂਗਰਸ ਨੇ ਉਸ ਦਾ ਸੁਆਗਤ ਕੀਤਾ । ਪਰੰਤੂ ਉਹਨਾਂ ਦੀ ਸਰਕਾਰ ਨੂੰ ਵੀ ਕਾਂਗਰਸ ਨੇ ਧੋਖਾ ਦਿੱਤਾ ।ਉਨ੍ਹਾਂ ਦੀ ਸਰਕਾਰ ਕਾਂਗਰਸ ਦੇ ਸਹਾਰੇ ਅੱਠ ਮਹੀਨੇ ਹੀ ਚਲ ਸਕੀ ਅਤੇ ਆਖਿਰ ਰਜੀਵ ਗਾਂਧੀ ਹੱਤਿਆ ਕਾਂਡ ਦੀ ਜਾਂਚ ਕਰ ਰਹੇ (Jain Commission) ਦੀ ਰਿਪੋਰਟ ਆਉਣ ਤੇ ਕਾਂਗਰਸ ਨੇ DMK Party ਨੂੰ ਸਰਕਾਰ ਵਿਚੋਂ ਕੱਢਣ ਦਾ ਮਸਲਾ ਉਠਾਇਆ । ਯੂਨਾਈਟਿਡ ਫਰੰਟ ਦੁਆਰਾ ਇਸ ਨੂੰ ਸਵੀਕਾਰ ਨਾ ਕਰਨ ਉੱਤੇ ਕਾਂਗਰਸ ਨੇ ਸਮਰਥਨ ਵਾਪਿਸ ਲੈ ਲਿਆ ਅਤੇ ਗੁਜਰਾਲ ਸਰਕਾਰ ਗਿਰ ਗਈ ।

1998 ਦੀ ਚੋਣਾਂ ਬਾਅਦ ਲੋਕ ਸਭਾ ਵਿਚ ਸਪੱਸ਼ਟ ਬਹੁਮਤ ਨਾ ਹੋਣ ਅਤੇ ਬਹੁਤ ਸਾਰੀਆਂ ਪਾਰਟੀਆਂ ਦੀ ਮਿਲੀ ਜੁਲੀ ਕਮਜ਼ੋਰ ਸਰਕਾਰ ਹੋਣ ਕਾਰਣ ਹੀ ਕੁਲ 13 ਮਹੀਨੇ ਵਿਚ ਇਕ ਵਾਰੀ ਫਿਰ ਸਰਕਾਰ ਟੁੱਟਣ ਦਾ ਉਦਾਹਰਣ ਵਾਜਪਾਈ ਸਰਕਾਰ ਹੈ ਜੋ ਆਪਣੇ ਪੂਰੇ ਕਾਰਜ–ਕਾਲ ਵਿਚ ਆਪਸੀ ਮੱਤਭੇਦਾਂ ਨੂੰ ਦੂਰ ਕਰਨ ਅਤੇ ਅਪਣੇ ਸਹਿਯੋਗੀਆਂ ਨੂੰ ਮਨਾਉਣ ਵਿਚ ਜ਼ਿਆਦਾ ਮਸ਼ਰੂਫ਼ ਰਹੀ ਅਤੇ ਪ੍ਰਧਾਨ ਮੰਤਰੀ ਦੀ ਮਿਲੀ ਜੁਲੀ ਸਰਕਾਰ ਵਿਚ ਕਮਜ਼ੋਰ ਸਥਿਤੀ ਦਾ ਇਕ ਹੋਰ ਉਦਾਹਰਣ ਬਣੀ । ਭਾਵੇਂ 1999 ਦੀਆਂ ਚੋਣਾਂ ਤੋਂ ਬਾਦ ਵਾਜਪਾਈ ਸਰਕਾਰ ਦੀ ਸਥਿਤੀ ਪਹਿਲਾਂ ਨਾਲੋਂ ਚੰਗੀ ਨਹੀ ਪਰੁੰਤ 24 ਪਾਰਟੀਆਂ ਵਿਚ ਤਾਲਮੇਲ ਕਰਕੇ ਸਰਕਾਰ ਬਨਾਣਾ ਵਾਜਪਾਈ ਲਈ ਔਖਾ ਕੰਮ ਸੀ । ਤੇਲਗੂ ਦੇਸ਼ਮ ਪਾਰਟੀ ਦੇ ਚੰਦਰ ਬਾਬੂ ਨਾਇਡੂ ਜਾਂ ਤ੍ਰਿਣਮੂਲ ਕਾਂਗਰਸ (TMC) ਦੀ ਮਮਤਾ ਬੈਨਰਜੀ ਬਹੁਤ ਵਾਰ ਪ੍ਰਧਾਨ ਮੰਤਰੀ ਦੀ ਸਥਿਤੀ ਡਾਵਾਂਡੋਲ ਕਰਦੇ ਰਹਿੰਦੇ । 5 ਰਾਜ ਵਿਧਾਨ ਸਭਾਵਾਂ ਦੀਆਂ ਚੋਣਾਂ (ਜਿਸ ਵਿਚ ਪੱਛਮੀ ਬੰਗਾਲ ਵੀ ਸ਼ਾਮਿਲ ਸੀ) ਨੂੰ ਧਿਆਨ ਵਿਚ ਰੱਖਣੇ ਹੋਏ, ਚੋਣਾਂ ਤੋਂ ਪਹਿਲਾਂ ਹੀ ਮਮਤਾ ਬੈਨਰਜੀ ਨੇ ਵਾਜਪਾਈ ਸਰਕਾਰ ਨਾਲੋਂ ਨਾਤਾ ਤੋੜ ਲਿਆ ਸੀ । ਪਰੰਤੂ ਕੁਝ ਸਮਾਂ ਪਾਕੇ ਫਿਰ ਮਮਤਾ ਬੈਨਰਜੀ NDA ਵਿਚ ਵਿਚ ਸ਼ਾਮਿਲ ਹੋ ਗਈ । ਵਿਭਾਗ ਲੈਣ ਦੀ ਜਿੱਦ ਉਤੇ ਅੜੀ ਰਹੀ ।

ਸੋ ਪ੍ਰਧਾਨ ਮੰਤਰੀ ਤੇ ਦਲ ਦੇ ਆਪਸੀ ਸੰਬੰਧਾਂ ਦੀ ਚਰਚਾ ਦੇ ਸਿੱਟੇ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਜੇਕਰ ਦਲ ਦੀ ਪ੍ਰਧਾਨਗੀ ਅਤੇ ਸੰਸਦ ਦੀ ਲੀਡਰਸ਼ਿਪ ਇਕੋ ਵਿਅਕਤੀ ਕੋਲ ਹੋਵੇ ਤਾਂ ਉਸ ਦੀ ਸਥਿਤੀ ਕਾਫੀ ਮਜ਼ਬੂਤ ਤੇ ਪ੍ਰਭਾਵਸ਼ਾਲੀ ਹੁੰਦੀ ਹੈ, ਪਰ ਜੇਕਰ ਇਹ ਦੋਵੇਂ ਅਹੁਦੇ ਵੱਖ ਵੱਖ ਵਿਅਕਤੀਆਂ ਕੋਲ ਹੋਣ ਤਾਂ ਸੰਗਠਨ ਵਧੇਰੇ ਲੋਕਤੰਤਰੀ ਹੋ ਜਾਂਦਾ ਹੈ ਭਾਵੇਂ ਇਸ ਨਾਲ ਬਹੁਤ ਵਾਰੀ ਗੁੱਟ ਬੰਦੀ (Factionalism) ਵਿਚ ਵਾਧਾ ਵੀ ਹੁੰਦਾ ਹੈ । ਜਦੋਂ ਕਈ ਸਾਰੇ ਦਲਾਂ ਦੀ ਮਿਲੀ ਜੁਲੀ ਸਰਕਾਰ ਹੋਵੇ ਤੇ ਉਹ ਵੀ ਆਪਣੇ ਨਾਲੋਂ ਵੱਧ ਗਿਣਤੀ ਵਾਲੀ ਪਾਰਟੀ ਦੇ ਬਾਹਰੋਂ ਮਿਲੇ ਸਮਰਥਨ ਨਾਲ ਤਾਂ ਪ੍ਰਧਾਨ ਮੰਤਰੀ ਦੀ ਸਥਿਤੀ ਕਾਫੀ ਕਮਜ਼ੋਰ ਹੁੰਦੀ ਹੈ ਤੇ ਉਸ ਨੂੰ ਸਰਕਾਰ ਵਿਚ

ਸ਼ਾਮਿਲ ਤੇ ਸਰਕਾਰ ਨੂੰ ਬਾਹਰੋ ਸਮਰਥਨ ਦੇ ਰਹੇ ਦਲਾਂ ਨਾਲ ਕਈ ਪ੍ਰਕਾਰ ਦੇ ਸਮਝੌਤੇ ਕਰਨੇ ਪੈਂਦੇ ਹਨ। ਯੂਨਾਈਟਿਡ ਫਰੰਟ ਦੀ ਸਰਕਾਰ ਅਤੇ ਭਾਜਪਾ ਗਠਬੰਧਨ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਘੱਟ ਗਿਣਤੀ ਸਰਕਾਰ ਜਾਂ ਬਹੁਤ ਥੋੜੇ ਬਹੁਮਤ ਵਾਲੀ ਸਰਕਾਰ ਇਕ ਬਹੁਤ ਕਮਜ਼ੋਰ ਸਰਕਾਰ ਹੁੰਦੀ ਹੈ ਅਤੇ ਇਹੋ ਜਿਹੀ ਸਥਿਤੀ ਵਿਚ ਪ੍ਰਧਾਨ ਮੰਤਰੀ ਦੀ ਸਥਿਤੀ ਹੋਰ ਵੀ ਮਾੜੀ ਹੁੰਦੀ ਹੈ। ਭਾਵੇਂ ਯੂਨਾਈਟਿਡ ਫਰੰਟ ਦੀ ਸਰਕਾਰ ਦੇ ਸਮੇਂ ਵਿਚ ਪ੍ਰਧਾਨ ਮੰਤਰੀ ਦੀ ਸਥਿਤੀ ਹੋਰ ਵੀ ਮਾੜੀ ਰਹੀ ਹੈ। ਯੂਨਾਈਟਿਡ ਫਰੰਟ ਦੀ ਸਰਕਾਰ ਦੇ ਸਮੇਂ ਇਕ 'Steerling Committee' ਬਣਾਈ ਗਈ ਜੋ ਸਰਕਾਰ ਵਿਚ ਸ਼ਾਮਲ ਦਲਾਂ ਵਿਚ Co-ordination ਕਾਇਮ ਕਰਦੀ ਸੀ ਅਤੇ ਇਹ Common Minimum Programme ਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰਦੀ ਸੀ। ਫਿਰ ਵੀ ਬਾਹਰੋਂ ਸਮਰਥਨ ਦੇ ਰਹੀ ਵੱਡੀ ਪਾਰਟੀ (Congress) ਲਗਾਤਾਰ ਸਰਕਾਰ ਦੀ ਸਥਿਰਤਾ ਉਤੇ ਪ੍ਰਸ਼ਨ ਚਿੰਨ੍ਹ ਲਗਾਉਂਦੀ ਰਹੀ। ਉਦੋਂ ਇਹ ਗੱਲ ਆਮ ਕਹੀ ਜਾਂਦੀ ਸੀ ਕਿ ਕਿਉਂਕਿ ਵੱਡੀ ਪਾਰਟੀ ਸਰਕਾਰ ਵਿਚ ਨਹੀਂ ਇਹ ਇਸ ਕਰਕੇ ਹੈ। ਪਰੰਤੂ ਭਾਜਪਾ ਗਠਬੰਧਨ ਵਿਚ ਭਾਜਪਾ ਦੀਆਂ ਆਪਣੀ 180 ਸੀਟਾਂ ਸਨ। ਬਹੁਮਤ ਪਾਉਣ ਲਈ 18 ਪਾਰਟੀਆਂ ਦਾ ਗਠਜੋੜ ਬਣਿਆ ਜਿਸ ਵਿਚੰ ਕੁਝ ਚੋਣਾਂ ਤੋਂ ਪਹਿਲਾਂ ਦੇ ਗਠਜੋੜ ਸਨ, ਕੁਝ ਬਾਅਦ ਵਿਚ ਸ਼ਾਮਿਲ ਹੋਏ। ਗਠਜੋੜ ਦੁਆਰਾ ਇਕ (Co-ordination commitee) ਵੀ ਬਣਾਈ ਗਈ ਜੋ ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਹੇਠ ਸਮੇਂ ਸਮੇਂ ਤੇ ਮਿਲਦੀ ਸੀ ਅਤੇ ਗਠਜੋੜ ਦੇ ਸਾਰੇ ਦਲਾਂ ਦੇ ਲੀਡਰ ਉਸ ਵਿਚ ਸ਼ਾਮਿਲ ਹੁੰਦੇ ਸਨ। ਸਰਕਾਰ ਚਲਾਉਣ ਲਈ 'ਨਾਗ' NAG (National Agenda for Governance) ਵੀ ਬੜੇ ਜੋਸ਼ ਨਾਲ ਘੋਸ਼ਿਤ ਕੀਤਾ ਗਿਆ। ਪਰੰਤੂ ਇਸ ਸਭ ਦੇ ਬਾਵਜੂਦ ਸਰਕਾਰ ਦੀ ਸਥਿਰਤਾ ਹਮੇਸ਼ਾ ਖਤਰੇ ਵਿਚ ਰਹੀ। ਪਹਿਲਾਂ ਮੰਤਰੀ ਪਰਿਸ਼ਦ ਦੇ ਸੰਗਠਨ ਵਿਚ ਮਤਭੇਦ ਸਾਹਮਣੇ ਆਏ। ਫਿਰ ਵੱਖ ਵੱਖ ਰਾਜਾਂ ਵਿਚ ਗਠਜੋੜ ਦੇ ਮੈਂਬਰ ਦਲਾਂ ਦੁਆਰਾ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਗੱਲ ਉਠੀ। ਸਮਤਾ ਪਾਰਟੀ ਦੁਆਰਾ ਬਿਹਾਰ ਵਿਚ, ਜੈਲਲਿਤਾ ਦੀ AIADMK ਦੁਆਰਾ ਤਾਮਿਲਨਾਡੂ ਵਿਚ, ਮਮਤਾ ਬੈਨਰਜੀ ਦੀ Trinamul Congress ਦੁਆਰਾ ਪੱਛਮੀ ਬੰਗਾਲ ਵਿਚ ਧਾਰਾ 356 ਦੇ ਪ੍ਰਯੋਗ ਦੀ ਗੱਲ ਹੋਈ। AIADMK ਦੀ Supremo ਜੈਲਲਿਤਾ ਤਾਂ ਇਕ ਤੋਂ ਬਾਅਦ ਇਕ ਮਸਲੇ ਉਤੇ ਸਰਕਾਰ ਤੋਂ ਸਮਰਥਨ ਵਾਪਿਸ ਲੈਣ ਦੀ ਧਮਕੀ ਦਿੰਦੀ ਰਹੀ ਅਤੇ ਅੰਤ ਵਿਚ ਉਸ ਨੇ ਸਮਰਥਨ ਵਾਪਿਸ ਲੈ ਹੀ ਲਿੱਤਾ। ਅਕਾਲੀ ਦਲ ਵੀ ਉੱਤਰ ਪ੍ਰਦੇਸ਼ ਵਿਚ Udham Sing Nagar ਨੂੰ ਉਤਰਾਂਚਲ ਵਿਚ ਸ਼ਾਮਿਲ ਕਰਨ ਸੰਬੰਧੀ ਬਿਲ ਲਿਆਉਣ ਲਈ ਸਮਰਥਨ ਉਤੇ ਪੁਨਰ-ਵਿਚਾਰ ਦੀ ਗੱਲ ਕਰਦਾ ਰਿਹਾ। 1999 ਦੀਆਂ ਚੋਣਾਂ ਤੋਂ ਬਾਅਦ ਬਣੀ ਵਾਜਪਾਈ ਸਰਕਾਰ ਦੀ ਸਥਿਤੀ ਪਹਿਲਾਂ ਨਾਲੋਂ ਕੁਝ ਬੇਹਤਰ ਜ਼ਰੂਰ ਹੋਈ ਪਰੰਤੂ ਇਹ ਵੀ ਕੋਈ ਮਜਬੂਤ ਸਰਕਾਰ ਨਹੀ ਕਹੀ ਜਾ ਸਕਦੀ। ਹਾਂ ਪ੍ਰਧਾਨ ਮੰਤਰੀ ਵਾਜਪਾਈ ਦੀ ਸ਼ਖਸੀਅਤ ਅਤੇ ਉਹਨਾਂ ਦੀ ਲੀਡਰਸ਼ਿਪ ਦੀ ਵਿਆਪਕ ਪਧਰ ਉਤੇ ਸਵਕ੍ਰਿਤੀ ਕਾਰਣ ਗਠਜੋੜ੍ਹ ਸਰਕਾਰ ਨੂੰ ਉਹ ਸਫਲਤਾ ਨਾਲ ਚਲਾਂਦੇ ਰਹੇ। ਰੱਖਿਆ ਮਾਮਲਿਆਂ ਨਾਲ ਸੰਬੰਧਿਤ "ਤਹਲਕਾ ਕਾਂਡ" ਤੋਂ ਬਾਅਦ George Fernandis ਦਾ ਤਿਆਗ ਪੱਤਰ ਅਤੇ ਵਿਧਾਨਸਭਾ ਚੋਣਾਂ ਤੋਂ ਪਹਿਲਾਂ ਰੇਲ ਮੰਤਰੀ ਮਮਤਾ ਬੈਨਰਜੀ ਦਾ ਜਾਣਾ ਸਰਕਾਰ ਲਈ ਮੁਸ਼ਕਿਲਾਂ ਤਾਂ ਪੈਦਾ ਕਰਦੇ ਰਹੇ ਪਰੰਤੂ ਸਰਕਾਰ ਚਲਦੀ ਰਹੀ। ਪ੍ਰਧਾਨ ਮੰਤਰੀ ਵਾਜਪਾਈ ਅਤੇ ਪਾਕਿਸਤਾਨ ਦੇ ਰਾਸ਼ਟਰਪਤੀ ਜਨਰਲ ਮੁਸ਼ਰਫ ਦੀ ਆਗਰਾ-ਸਿਖਰ ਵਾਰਤਾ ਪਾਕਿਸਤਾਨ ਨਾਲ ਦੁਬਾਰਾ ਜੰਗ ਵਰਗੀ ਸਥਿਤੀ, ਜੰਮੂ ਕਸ਼ਮੀਰ ਵਿਚ ਆਤੰਕਵਾਦ, ਗੁਜਰਾਤ ਵਿਚ ਸੰਪਰਦਾਇਕ ਦੰਗੇ ਅਤੇ ਸੰਘ ਪਰਿਵਾਰ ਦੁਆਰਾ ਲਗਾਤਰ ਮਹੋਲ ਨੂੰ ਹੋਰ ਸੰਪਰਦਾਇਕ ਬਣਾਉਣ ਦੇ ਵੱਖ ਵੱਖ ਕਦਮ, ਰਾਮ ਮੰਦਿਰ ਦਾ ਨਿਰਮਾਣ ਇਹ ਬਹੁਤ ਸਾਰੇ ਮਸਲੇ ਹਨ ਜਿੰਨਾਂ ਬਾਰੇ ਭਾਰਤੀ ਜਨਤਾ ਪਾਰਟੀ ਅਤੇ ਸਰਕਾਰ (ਜੋ ਕਿ NDA ਸਰਕਾਰ) ਦੇ ਵਿਚਕਾਰ ਕਸ਼ਮਕਸ਼ ਪ੍ਰਧਾਨ ਮੰਤਰੀ ਲਈ ਕਈ ਤਰ੍ਹਾਂ ਦੀਆਂ ਚੁਣੌਤੀਆਂ ਪੇਸ਼ ਕਰਦੇ ਰਹੇ। ਵਿਸ਼ਵ ਹਿੰਦੂ ਪਰਿਸ਼ਦ (VHP) ਰਾਮ ਜਨਮ ਭੂਮੀ ਦੇ ਮਾਮਲੇ ਨੂੰ ਲੈ ਕੇ ਵਾਜਪਾਈ ਸਰਕਾਰ ਅਤੇ ਵਿਸ਼ੇਸ਼ ਰੂਪ ਨਾਲ ਪ੍ਰਧਾਨ ਮੰਤਰੀ ਵਾਜਪਾਈ ਦੀ ਸਿੱਧੀ ਆਲੋਚਨਾ ਕਰਦੇ ਰਹੇ ਵਾਜਪਾਈ ਸਰਕਾਰ ਅਤੇ ਵਿਸ਼ੇਸ਼ ਰੂਪ ਨਾਲ ਪ੍ਰਧਾਨ ਮੰਤਰੀ ਵਾਜਪਾਈ ਦੀ ਸਿੱਧੀ ਅਲੋਚਨਾ ਕਰਦੇ ਰਹੇ। ਇਥੋ ਤਕ ਕਿ (VHP) ਨੇਤਾ ਅਸ਼ੋਕ ਸਿੰਘਲ ਸਿੱਧੇ ਪ੍ਰਧਾਨ ਮੰਤਰੀ ਵਾਜਪਾਈ ਨੂੰ ਰਾਮ ਮੰਦਿਰ ਸੰਬੰਧੀ ਲੋਕ ਸਭਾ ਵਿੱਚ ਬਿੱਲ ਲੈ ਕੇ ਆਉਣ ਲਈ ਕਹਿੰਦੇ ਰਹੇ ਅਤੇ ਅਜਿਹਾ ਨਾ ਕਰਣ ਦੀ ਸੂਰਤ ਵਿਚ ਵਾਜਪਾਈ ਨੂੰ ਤਿਆਗ ਪੱਤਰ ਦੇਣ ਦੀ ਸਲਾਹ ਵੀ ਦੇਦੇ ਰਹੇ। ਪਰੰਤੂ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਸ ਤਰ੍ਹਾਂ ਦੀਆਂ ਗੱਲਾਂ ਕਰਕੇ

ਸ਼ਾਇਦ ਉਹ ਹਿੰਦੂ ਵੋਟਾਂ ਨੂੰ ਇਕ ਜੁੱਟ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਜੋ ਕਿ ਉਹਨਾਂ ਅਨੁਸਾਰ ਭਾਜਪਾ ਨੂੰ ਲਾਭ ਪਹੁੰਚਾ ਸਕਦੀ ਸੀ ਪ੍ਰਧਾਨ ਮੰਤਰੀ ਵਾਜਪਾਈ ਮਿਲੀ ਜੁਲੀ ਸਰਕਾਰ ਦੀ ਬਹੁਤ ਸਾਰੀਆਂ ਸੀਮਾਵਾਂ ਵਿਚ ਬੰਨੇ ਸੀ। ਭਾਵ ਘੱਟ ਗਿਣਤੀ ਸਰਕਾਰ ਦੇ ਪ੍ਰਧਾਨ ਮੰਤਰੀ ਦੀ ਸਥਿਤੀ ਇਹੋ ਜਿਹੀ ਕਠਪੁਤਲੀ ਵਾਂਗ ਹੈ ਜਿਸ ਦੀਆਂ ਡੋਰਾਂ ਕਈ ਦਲਾਂ ਦੇ ਹੱਥਾਂ ਵਿਚ ਹੁੰਦੀਆਂ ਹਨ। ਇਹੋ ਜਿਹੀ ਸਰਕਾਰ ਦੀ ਸਥਿਰਤਾ ਹੀ ਆਪਣੇ ਆਪ ਵਿਚ ਇਕ ਵੱਡਾ ਮਸਲਾ ਬਣ ਜਾਂਦਾ ਹੈ ਅਤੇ ਸਰਕਾਰ ਹੋਰ ਗੰਭੀਰ ਮੱਸਲਿਆਂ ਵੱਲ ਬਹੁਤ ਧਿਆਨ ਨਹੀ ਦੇ ਸਕਦੀ। ਇਹੋ ਜਿਹੀ ਸਰਕਾਰ ਵਿਚ ਪ੍ਰਧਾਨ ਮੰਤਰੀ ਦੀ ਸਥਿਤੀ ਬਹੁਤ ਕਮਜ਼ੋਰ ਹੁੰਦੀ ਹੈ।

2004 ਸਰਕਾਰ ਵੀ Coalition ਸਰਕਾਰ ਸੀ ਜਿਸ ਵਿਚ UPA ਨੇ ਸਰਕਾਰ ਬਣਾਈ ਸੀ ਜਿਸ ਵਿਚ ਕਾਂਗਰਸ ਦੀਆਂ ਆਪਣੀਆਂ 145 ਸੀਟਾਂ ਸਨ allies ਨੂੰ ਮਿਲਾਕੇ 217 ਹੋ ਗਈਆਂ। CPI(M) ਤੇ CPI ਬਾਹਰੋਂ Support ਕਰ ਰਹੇ ਸਨ। ਜਿਨ੍ਹਾਂ ਦੀਆਂ 61 ਸੀਟਾਂ ਸਨ ਸਰਕਾਰ CPM ਨਾਲ ਕੰਮ ਕਰਦੀ ਰਹੀ। ਪਰ CPI (M) ਤੇ CPI ਨੇ Nuclear deal ਦੇ issue ਤੇ support ਜੁਲਾਈ 2008 ਵਿਚ ਵਾਪਸ ਲਈ ਤੇ ਸਰਕਾਰ ਸਮਾਜਵਾਦੀ ਪਾਰਟੀ ਦੀ support ਕਰਕੇ ਬਚੀ ਨਹੀਂ ਤਾਂ no confidence ਵਿਚ ਹਾਰ ਹੀ ਜਾਂਦੀ। 2009 ਵਿਚ ਵੀ UPA ਨੇ ਸਰਕਾਰ ਬਣਾਈ ਜਿਸ ਵਿਚ ਕਾਂਗਰਸ ਦੀਆਂ 206 ਸੀਟਾਂ ਤੇ allies ਨੂੰ ਮਿਲਾਕੇ 262 ਹੋ ਗਈਆਂ।2014 ਦੀਆਂ ਲੋਕ ਸਭਾ ਚੋਣਾਂ ਵਿੱਚ ਪਾਰਟੀ 44 ਸੀਟਾਂ ਤੇ ਹੀ ਜਿੱਤ ਪ੍ਰਾਪਤ ਕਰ ਸਕੀ ਅਤੇ ਗਠਜੋੜ ਨੂੰ ਮਿਲਾ ਕੇ 59 ਸੀਟਾਂ ਪ੍ਰਾਪਤ ਕੀਤੀਆ। 2014 ਅਤੇ 2019 ਵਿਚ ਬੇਸਕ ਬੀ.ਜੀ.ਪੀ ਨੇ ਬਹੁਮਤ ਹਾਸਿਲ ਕੀਤਾ ਪ੍ਰੰਤੂ ਫਿਰ ਵੀ ਬੀ.ਜੇ.ਪੀ ਨੇ ਆਪਣੇ ਐਨ.ਡੀ.ਏ.ਦੀਆਂ ਭਾਈਵਾਲ ਪਾਰਟੀਆਂ ਨੂੰ ਮੰਤਰੀ ਮੰਡਲ ਵਿਚ ਬਣਦਾ ਸਥਾਨ ਦਿੱਤਾ।

2.5.8 ਨਿਚੋੜ:

ਅਨੁਛੇਦ 74 ਅਨੁਸਾਰ ਇਕ ਮੰਤਰੀ ਪਰਿਸ਼ਦ ਹੋਵੇਗੀ ਜਿਸਦਾ ਮੁੱਖੀ ਪ੍ਰਧਾਨ ਮੰਤਰੀ ਹੋਵੇਗਾ ਅਤੇ ਜਿਹੜੀ ਰਾਸ਼ਟਰਪਤੀ ਨੂੰ ਸਹਾਇਤਾ ਅਤੇ ਸਲਾਹ ਦੇਵੇਗੀ ਅਤੇ ਰਾਸ਼ਟਰਪਤੀ ਇਸ ਸਲਾਹ ਅਨੁਸਾਰ ਆਪਣੇ ਕਾਰਜ ਕਰੇ ਗਾ। ਅਨੁਛੇਦ 75 ਅਨੁਸਾਰ ਪ੍ਰਧਾਨ ਮੰਤਰੀ ਰਾਸ਼ਟਰਪਤੀ ਰਾਹੀ ਨਿਯੁਕਤ ਕੀਤਾ ਜਾਵੇਗਾ ਅਤੇ ਉਸਦੀ ਨਿਯੁਕਤੀ ਦੇ ਸਮੇਂ ਉਸਦਾ ਸੰਸਦ ਦੇ ਕਿਸੇ ਵੀ ਸਦਨ ਦਾ ਮੈਂਬਰ ਹੋਣਾ ਜ਼ਰੂਰੀ ਨਹੀਂ। ਛੇ ਮਹੀਨਿਆਂ ਦੇ ਅੰਦਰ ਮੈਂਬਰ ਨਹੀਂ ਬਣਦਾ ਤਾਂ ਅਸਤੀਫਾ ਦੇਣਾ ਪਵੇਗਾ। ਪ੍ਰਧਾਨ ਮੰਤਰੀ ਦੀ ਨਿਯੁਕਤੀ ਕਰਦੇ ਸਮੇਂ ਰਾਸ਼ਟਰਪਤੀ ਆਪਣੀ ਇੱਛਾ ਦੀ ਵਰਤੋਂ ਨਹੀਂ ਕਰਦਾ ਉਸਨੂੰ ਹੀ ਨਿਯੁਕਤ ਕਰਦਾ ਹੈ ਜੋ ਲੋਕ ਸਭਾ ਵਿਚ ਬਹੁਮਤ ਪ੍ਰਾਪਤ ਦਲ ਦਾ ਨੇਤਾ ਹੋਵੇ। ਰਾਸ਼ਟਰਪਤੀ ਨੇ ਯੁਨਾਈਟਿਡ ਫਰੰਟ ਦੇ ਸਰਕਾਰ ਬਣਾਉਣ ਦੇ ਦਾਅਵੇ ਨੂੰ ਮੰਨਣ ਤੋਂ ਪਹਿਲਾਂ ਸਦਨ ਵਿਚ ਸਭ ਤੋਂ ਵੱਡੀ ਪਾਰਟੀ ਭਾਜਪਾ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੱਤਾ ਅਤੇ ਉਸਨੇ ਸਦਨ ਵਿਚ ਅਵਿਸ਼ਵਾਸ ਮਤ ਪ੍ਰਾਪਤ ਕਰਨ ਤੋਂ ਬਾਅਦ ਹੀ ਯੂਨਾਈਟਿਡ ਫਰੰਟ ਨੂੰ ਸਰਕਾਰ ਬਣਾਉਣ ਦਾ ਅਵਸਰ ਦਿੱਤਾ। ਪ੍ਰਧਾਨ ਮੰਤਰੀ ਉਦੋਂ ਤੱਕ ਆਪਣੇ ਅਹੁਦੇ ਉਤੇ ਬਣਿਆ ਰਹਿ ਸਕਦਾ ਹੈ ਜਦੋਂ ਤੱਕ ਲੋਕ ਸਭਾ ਦਾ ਉਸ ਵਿਚ ਵਿਸ਼ਵਾਸ ਹੈ। ਜੋ ਸੱਤਾਧਾਰੀ ਦਲ ਉਤੇ ਪ੍ਰਧਾਨ ਮੰਤਰੀ ਦਾ ਪੂਰਨ ਅਧਿਕਾਰ ਹੈ। ਆਪਣੇ ਸਾਥੀਆਂ ਦੀ ਚੋਣ ਵਿਚ ਉਸਨੂੰ ਵਧੇਰੇ ਖੁਲ੍ਹ ਹੋਵੇਗੀ। ਜੋ ਮਿਲੀ ਜੁਲੀ ਸਰਕਾਰ ਹੈ ਤੇ ਆਪਣੇ ਸਹਿਯੋਗੀਆਂ ਦੀ ਚੋਣ ਵਿਚ ਪ੍ਰਧਾਨ ਮੰਤਰੀ ਦੀ ਖੁੱਲ੍ਹ ਪੂਰੀ ਤਰ੍ਹਾਂ ਸੀਮਿਤ ਹੋਵੇ ਗੀ ਕਿਉਂਕਿ ਅਜਿਹੀ ਸਥਿਤੀ ਵਿਚ ਮਿਲੀ ਜੁਲੀ ਸਰਕਾਰ ਵਿਚਲੇ ਵਿਭਿੰਨ ਦਲ ਆਪਣੇ ਪ੍ਰਤੀਨਿਧ ਚੁਨਣਗੇ ਅਤੇ ਇਸ ਤਰ੍ਹਾਂ ਉਨ੍ਹਾਂ ਦੀ ਚੋਣ ਵਿਚ ਪ੍ਰਧਾਨ ਮੰਤਰੀ ਦਾ ਬਿਲਕੁਲ ਦਖਲ ਨਹੀਂ ਹੋਵੇਗਾ। ਪ੍ਰਧਾਨ ਮੰਤਰੀ ਉਨ੍ਹਾਂ ਵਿਚਕਾਰ ਵਿਭਾਗਾਂ ਦੀ ਵੰਡ ਵੀ ਕਰਦਾ ਹੈ। ਆਪਣੇ ਦਲ ਵਿਚ ਪ੍ਰਧਾਨ ਮੰਤਰੀ ਦੀ ਸਥਿਤੀ ਇਸ ਹਾਲ ਨੂੰ ਨਿਰਧਾਰਿਤ ਕਰਦੀ ਹੈ ਕਿ ਇਸ ਮਾਮਲੇ ਵਿਚ ਉਸ ਨੂੰ ਪੂਰਣ ਖੁਲ੍ਹ ਹੋਵੇਗੀ ਕਿ ਨਹੀਂ। ਪ੍ਰਧਾਨ ਮੰਤਰੀ ਅਤੇ ਉਸਦੀ ਮੰਤਰੀ ਪਰਿਸ਼ਦ ਸਮੂਹਿਕ ਤੌਰ ਤੇ ਲੋਕ ਸਭਾ ਨੂੰ ਜਵਾਬਦੇਹ ਹੈ। ਲੋਕ ਸਭਾ ਨੂੰ ਭੰਗ ਕਰਨ ਦਾ ਰਾਸ਼ਟਰਪਤੀ ਦਾ ਅਧਿਕਾਰ ਵੀ ਆਮ ਤੌਰ ਤੇ ਪ੍ਰਧਾਨ ਮੰਤਰੀ ਦੀ ਸਿਫਾਰਸ ਤੇ ਹੀ ਵਰਤੋਂ ਵਿਚ ਆਉਂਦਾ ਹੈ।

12.9 ਸਵੈ ਅਭਿਆਸ ਲਈ ਪ੍ਰਸ਼ਨ

(i) ਪ੍ਰਧਾਨ ਮੰਤਰੀ ਦੀ ਨਿਯੁਕਤੀ ਕੌਣ ਕਰਦਾ ਹੈ।

(ii) ਮੰਤਰੀ ਪਰਿਸ਼ਦ ਕਿਵੇਂ ਤੇ ਕਿਸਦੇ ਦੁਆਰਾ ਬਣਾਈ ਜਾਂਦੀ ਹੈ।

(iii) ਮੰਤਰੀ ਪਰਿਸ਼ਦ ਤੇ ਕੈਬਨਿਟ ਵਿਚ ਕੀ ਫਰਕ ਹੈ।
(iv) ਮੰਤਰੀਆਂ ਦੀਆਂ ਨਿਯੁਕਤੀ ਤੇ ਬਰਖਾਸਤਗੀ ਕਿਵੇਂ ਹੁੰਦੀ ਹੈ।
(v) ਮੰਤਰੀਆਂ ਵਿਚ ਵਿਭਾਗਾਂ ਦੀ ਵੰਡ ਕੌਣ ਕਰਦਾ ਹੈ।
(vi) ਪ੍ਰਧਾਨ ਮੰਤਰੀ ਤੇ ਉਸਦਾ ਮੰਤਰੀ ਮੰਡਲ ਕਿਸ ਅੱਗੇ ਜਵਾਬਦੇਹ ਹਨ।

12.10. ਸੁਝਾਈਆਂ ਗਈਆਂ ਪੁਸਤਕਾਂ:

S.S. Nanda : Constitution of India (Pbi. Ed.)
M.P. Sharma : The Govt. of Indian Repubic Chapter 110

ਪਾਠ ਨੰ: 2.6 ਲੇਖਕ : ਪ੍ਰੋ. ਐਸ.ਐਸ.ਨੰਦਾ

ਸੁਪਰੀਮ ਕੋਰਟ ਅਤੇ ਨਿਆਂਇਕ ਪੁਨਰ ਨਿਰੀਖਣ

2.6.1 ਸਰਵ-ਉੱਚ ਅਦਾਲਤ ਦੀ ਮਹੱਤਤਾ ਤੇ ਭੂਮਿਕਾ
2.6.2 ਸਰਵ-ਉੱਚ ਅਦਾਲਤ ਦੀ ਰਚਨਾ
2.6.3 ਸਰਵ-ਉੱਚ ਅਦਾਲਤ ਦੇ ਜੱਜਾਂ ਤੇ ਮੁੱਖ ਜੱਜ ਦੀ ਨਿਯੁਕਤੀ
2.6.4 ਜੱਜਾਂ ਦੀਆਂ ਯੋਗਤਾਵਾਂ
2.6.5 ਅਹੁੱਦੇ ਦਾ ਕਾਰਜਕਾਲ
2.6.6 ਜੱਜਾਂ ਦੀ ਤਨਖਾਹ
2.6.7 ਰਿਟਾਇਰ ਹੋਣ ਮਗਰੋਂ ਵਕਾਲਤ ਤੇ ਪਾਬੰਦੀ
2.6.8 ਵੱਖਰਾ ਅਮਲਾ (Establishment)
2.6.9 ਸਰਵ-ਉੱਚ ਅਦਾਲਤ ਦੀਆਂ ਸ਼ਕਤੀਆਂ
2.6.10 ਅਪੀਲ ਲਈ ਵਿਸ਼ੇਸ ਆਗਿਆ
2.6.11 ਸਲਾਹਕਾਰੀ ਅਧਿਕਾਰ ਖੇਤਰ
2.6.12 ਆਪਣੇ ਫੈਸਲਿਆਂ ਬਾਰੇ ਪੁਨਰ ਵਿਚਾਰ ਕਰਨ ਦਾ ਅਧਿਕਾਰ
2.6.13 ਮੁਕੱਦਮੇ ਦੀ ਤਬਦੀਲੀ ਸੰਬੰਧੀ ਅਧਿਕਾਰ
2.6.14 ਅਭਿਲੇਖ ਅਦਾਲਤ
2.6.15 ਅਪੀਲੀ ਅਧਿਕਾਰ ਖੇਤਰ
2.6.16 ਨਿਆਇਕ ਉਪਬੰਧਾਂ ਉੱਤੇ2.62.6ਵੀ ਸੋਧ ਦਾ ਪ੍ਰਭਾਵ
2.6.17 ਨਿਆਇਕ ਪੁਨਰ ਨਿਰੀਖਣ
2.6.18 ਸਾਰੰਸ਼
2.6.19 ਸਵੈ-ਅਭਿਆਸ ਲਈ ਪ੍ਰਸ਼ਨ
2.6.20 ਸੁਝਾਈਆਂ ਗਈਆਂ ਪੁਸਤਕਾਂ

2.6.1 ਸਰਵ-ਉੱਚ ਅਦਾਲਤ ਦੀ ਮਹੱਤਤਾ ਤੇ ਭੂਮਿਕਾ:

ਪ੍ਰਸਿੱਧ ਅਮਰੀਕੀ ਵਿਦਵਾਨ ਰਾਲੇ (Rawle) ਦੀ ਧਾਰਣਾ ਹੈ ਕਿ ਰਾਜ ਵਿੱਚ ਨਿਆ ਪਾਲਿਕਾ ਜਾਂ ਇੱਕ ਅਜਿਹਾ ਵਿਭਾਗ ਹੋਣਾ ਜ਼ਰੂਰੀ ਹੈ ਜੋ ਅਧਿਕਾਰਾਂ ਦੀ ਸੁਰੱਖਿਆ ਕਰ ਸਕੇ, ਅਪਰਾਧੀਆਂ ਨੂੰ ਦੰਡ ਦੇ ਸਕੇ ਇਨਸਾਫ ਕਰ ਸਕੇ ਤੇ ਨਿਰਦੋਸ਼ਾਂ ਨੂੰ ਕਾਨੂੰਨੀ ਪੱਖ ਚੋਟ ਜਾਂ ਹਾਨੀ ਪਹੁੰਚਾਏ ਜਾਣ ਤੋਂ ਬਚਾ ਸਕੇ। ਰਾਲੇ ਦੀ ਇਹ ਟਿੱਪਣੀ ਪੂਰੀ ਤਰ੍ਹਾਂ ਸੱਚ ਹੈ ਕਿ ਕਿਉਂਕਿ ਇਸ ਸੁਯੋਗ ਨਿਆਇ ਵਿਭਾਗ ਦੀ ਅਣਹੋਂਦ ਵਿੱਚ ਕੋਈ ਵੀ ਸਰਕਾਰ ਆਪਣੇ ਮੰਤਵ ਦੀ ਪੂਰਤੀ ਵਿਚ ਕਾਮਯਾਬ ਨਹੀਂ ਹੋ ਸਕਦੀ ਅਤੇ ਇਹ ਵੀ ਸੱਚ ਹੈ ਕਿ ਇਕ ਨਿਆਂਇ ਪ੍ਰਣਾਲੀ ਦੀ ਅਣਹੋਦ ਵਿਚ ਲੋਕਤੰਤਰ ਦੀ ਤਾਨਾਹਸ਼ਾਹੀ ਦਾ ਬੋਲਬਾਲਾ ਹੋਵੇਗਾ। ਲਾਰਡ ਬਰਾਈਸ (Bryce) ਨੇ ਠੀਕ ਹੀ ਕਿਹਾ ਹੈ ਕਿ ਕਿਸੇ ਸ਼ਾਸਨ ਦੀ ਸਰੇਸ਼ਟਤਾ ਜਾਣਨ ਲਈ ਉਸ ਦੇ ਨਿਆਂਇ-ਪ੍ਰਣਾਲੀ ਨੂੰ ਕਿਸੇ ਰਾਜਨੀਤਿਕ ਪ੍ਰਣਾਲੀ ਦੇ ਮੁੱਖ ਆਧਾਰਾਂ ਵਿਚੋਂ ਇਕ ਗਿਣਿਆ ਜਾਂਦਾ ਹੈ ਸੰਘਾਤਮਕ ਰਾਜ-ਪ੍ਰਬੰਧ ਵਿਚ

ਨਿਆਂਪਾਲਿਕਾ ਦਾ ਸੰਗਠਨ ਹੋਰ ਵੀ ਲੋੜੀਂਦਾ ਹੈ । ਪ੍ਰੋ: ਡਾਇਸੀ ਅਨੁਸਾਰ(1) ਸੰਵਿਧਾਨ ਦੀ ਸਰਵ-ਉੱਚਤਾ (2) ਸਰਕਾਰ ਦੀਆਂ ਵਿਭਿੰਨ ਸ਼ਕਤੀਆਂ ਦੀ ਵਿਭਿੰਨ ਸੀਮਿਤ ਅਤੇ ਸੰਯੁਕਤ ਸੱਤਾ ਵਾਲੀਆਂ ਸੰਸਥਾਵਾਂ ਵਿੱਚ ਵੰਡ ਅਤੇ (3) ਅਦਾਲਤਾਂ ਦਾ ਸੰਵਿਧਾਨ ਦੀ ਵਿਆਖਿਆ ਕਰਨ ਦਾ ਅਧਿਕਾਰ ਕਿਸੇ ਸੰਘਾਤਮਕ ਸੰਵਿਧਾਨ ਦੇ ਪ੍ਰਮੁੱਖ ਲੱਛਣ ਹਨ । ਸ਼ਕਤੀਆਂ ਦੀ ਇਹ ਵੰਡ ਆਪਣੇ ਆਪ ਹੀ ਇਕ ਅਜਿਹੀ ਸੁਤੰਤਰ ਸੰਸਥਾ ਦੀ ਮੰਗ ਕਰਦੀ ਹੇ ਜੋ ਇਸੇ ਵੰਡ ਨੂੰ ਬਣਾਈ ਰੱਖੇ ਅਤੇ ਇਸ ਵੰਡ ਨਾਲ ਸੰਬੰਧਿਤ ਝਗੜਿਆਂ ਦਾ ਨਿਪਟਾਰਾ ਕਰੇ । ਇਹ ਕਾਰਜ ਕਿਸੇ ਨਿਆਂਇਕ ਸੰਸਥਾ ਨੂੰ ਹੀ ਸੌਂਪੇ ਜਾ ਸਕਦੇ ਹਨ ।

ਅਮਰੀਕਾ ਦੇ ਸੰਵਿਧਾਨ ਨੇ ਦੋ ਪ੍ਰਕਾਰ ਦੀਆਂ ਅਦਾਲਤਾਂ ਸਥਾਪਿਤ ਕੀਤੀਆਂ ਹਨ ਜੋ ਕਿ ਪ੍ਰਾਂਤਕ ਅਦਾਲਤਾਂ ਅਤੇ ਸੰਘੀ ਅਦਾਲਤਾਂ ਹਨ । ਸੰਘੀ ਅਦਾਲਤਾਂ ਦੀਆਂ ਅੱਗੇ ਤਿੰਨ ਕਿਸਮਾਂ ਹਨ : ਸਭ ਤੋ ਹੇਠਾਂ ਜ਼ਿਲ੍ਹਾ ਅਦਾਲਤਾਂ, ਇਹਨਾ ਉਪਰ ਅਪੀਲ ਲਈ ਸਰਕਟ ਅਦਾਲਤਾਂ ਅਤੇ ਸਭ ਤੋਂ ਉਪਰ ਸਰਵ-ਉੱਚ ਅਦਾਲਤਾਂ ਹਨ । ਪਰੰਤੂ ਅਮਰੀਕਾ ਵਾਂਗੂੰ ਭਾਰਤੀ ਸੰਵਿਧਾਨ ਵਿਚ ਅਦਾਲਤਾਂ ਅਤੇ ਸਭ ਤੋਂ ਉਪਰ ਸਰਵ-ਉੱਚ ਅਦਾਲਤਾਂ ਹਨ । ਪਰੰਤੂ ਅਮਰੀਕਾ ਵਾਂਗੂੰ ਭਾਰਤੀ ਸੰਵਿਧਾਨ ਵਿੱਚ ਅਦਾਲਤਾਂ ਦੀ ਦੂਹਰੀ ਪ੍ਰਣਾਲੀ ਦੀ ਵਿਵਥਾ ਨਹੀਂ ਹੈ । ਅਮਰੀਕਾ ਵਾਗੂੰ ਸੰਘੀ ਪ੍ਰਣਾਲੀ ਦੀ ਹੋਂਦ ਦੇ ਬਾਵਜੂਦ ਭਾਰਤੀ ਸੰਵਿਧਾਨ ਦੇ ਅੰਤਰਗਤ ਕੇਂਦਰ ਅਤੇ ਰਾਜਾਂ ਲਈ ਇਕਹਰੀ ਸੰਗਠਿਤ ਅਦਾਲਤਾਂ ਦੀ ਵਿਵਸਥਾ ਕੀਤੀ ਗਈ ਹੈ ਅਤੇ ਇਹ ਅਦਾਲਤਾਂ ਕੇਂਦਰੀ ਅਤੇ ਪ੍ਰਾਂਤਕ ਦੋਵੇਂ ਪ੍ਰਕਾਰ ਦੇ ਕਾਨੂੰਨਾਂ ਨਾਲ ਸੰਬੰਧਿਤ ਹਨ । ਸੰਵਿਧਾਨ ਦੀ ਧਾਰਾ 124 ਅਨੁਸਾਰ ਇਕ ਸਰਵ-ਉੱਚ ਅਦਾਲਤ ਦੀ ਵਿਵਸਥਾ ਹੈ ਜਿਹੜੀ ਕਿ ਸਮੁੱਚੇ ਨਿਆਂਇਕ ਸੰਗਠਨ ਵਿੱਚ ਸਰਵ-ਉੱਚ ਹੈ । ਸਰਵ-ਉੱਚ ਅਦਾਲਤ ਦੇ ਅਧੀਨ ਵਿਭਿੰਨ ਰਾਜਾਂ ਦੀਆਂ ਉੱਚ ਅਦਾਲਤਾਂ ਹਨ ਜਿਹਨਾਂ ਦੇ ਅੰਤਰਗਤ ਅਧੀਨ ਅਦਾਲਤਾਂ ਦੀ ਦਰਜਾਬੰਦੀ ਹੈ । ਸਰਵ-ਉੱਚ ਅਦਾਲਤ ਭਾਰਤ ਦੀ ਸਭ ਤੋਂ ਉੱਚੀ ਅਦਾਲਤ ਹੈ । ਪ੍ਰੀਵੀ ਕੌਂਸਿਲ ਅਧਿਕਾਰ ਖੇਤਰ ਖਤਮ ਹੋ ਗਿਆ । ਭਾਰਤ ਸਰਕਾਰ ਦੇ 1935 ਦੇ ਐਕਟ ਦੇ ਅੰਤਰਗਤ ਭਾਰਤ ਵਿੱਚ ਇਕ ਸੰਘੀ (Federal court) ਅਦਾਲਤ ਸਥਾਪਿਤ ਕੀਤੀ ਗਈ ਸੀ , 26 ਜਨਵਰੀ, 1950 ਨੂੰ ਭਾਰਤੀ ਗਣਤੰਤਰ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਪ੍ਰੀਵੀ ਕੌਂਸਿਲ ਦੇ ਅਧਿਕਾਰ ਖੇਤਰ ਦੀ ਮੋਕੂਫੀ ਤੋਂ ਫੌਰਨ ਬਾਅਦ ਭਾਰਤ ਦੀ ਸਰਵ-ਉੱਚ ਅਦਾਲਤ ਵਜੋਂ ਥੋੜੀ ਦੇਰ ਤਕ ਹੋਂਦ ਵਿੱਚ ਰਹੀ ਕਿਓਂਕਿ ਇਸ ਦੀ ਥਾਂ ਛੇਤੀ ਹੀ 26 ਜਨਵਰੀ, 1950 ਨੂੰ ਸਥਾਪਿਤ ਭਾਰਤੀ ਗਣਰਾਜ ਦੇ ਸੰਵਿਧਾਨ ਦੇ ਅੰਤਰਗਤ ਸਰਵ-ਉੱਚ ਅਦਾਲਤ ਨੇ ਲੈ ਲਈ ਹੈ ।

2.6.2 ਸਰਵ-ਉੱਚ ਅਦਾਲਤ ਦੀ ਰਚਨਾ: (Composition)

ਭਾਰਤੀ ਸੰਵਿਧਾਨ ਦੇ ਲਾਗੂ ਹੋਣ ਤੋਂ ਪਹਿਲਾਂ 1935 ਦੇ ਐਕਟ ਦੇ ਅੰਤਰਗਤ ਭਾਰਤ ਵਿੱਚ ਸੰਘੀ ਅਦਾਲਤ ਕਾਰਜਸ਼ੀਲ ਸੀ । ਨਵੇਂ ਸੰਵਿਧਾਨ ਦੇ ਅੰਤਰਗਤ ਇਹ ਦਰਜ ਕੀਤਾ ਗਿਆ ਕਿ ਇਸ ਸੰਵਿਧਾਨ ਦੇ ਲਾਗੂ ਹੋਣ ਤੋਂ ਫੌਰਨ ਪਹਿਲਾਂ ਸੰਘੀ ਅਦਾਲਤ ਦੇ ਜੱਜ ਸਰਵ-ਉੱਚ ਅਦਾਲਤ ਦੇ ਜੱਜ ਬਣ ਜਾਣਗੇ ਬਸ਼ਰਤੇ ਕਿ ਉਹ ਆਪ ਇਸ ਅਹੁਦੇ ਨੂੰ ਸੰਭਾਲਣਾ ਚਾਹੁਣ (ਧਾਰਾ 357 (1) । ਇਸ ਤਰ੍ਹਾ ਆਰੰਭ ਵਿਚ ਸਰਵ-ਉੱਚ ਅਦਾਲਤ ਦਾ ਗਠਨ ਇਕ ਮੁੱਖ ਜੱਜ ਦੀ ਗਿਣਤੀ ਅਤੇ ਸੱਤ ਜੱਜਾਂ ਨਾਲ ਹੋਇਆ । ਪਿਛੋ ਸੰਸਦੀ ਕਾਨੂੰਨ ਰਾਹੀਂ 1956 ਵਿਚ ਇਹਨਾਂ ਜੱਜਾਂ ਦੀ ਗਿਣਤੀ ਵਧਾ ਕੇ 10, 1960 ਵਿੱਚ 13 ਅਤੇ ਫਿਰ ਦਸੰਬਰ, 1977 ਵਿਚ ਵਧਾ ਕੇ 18, 1986 ਵਿਖ 25 ਅਤੇ 2009 ਵਿਚ ਗਿਣਤੀ ਵਧਾ ਕੇ 31 ਕਰ ਦਿੱਤੀ ਗਈ । ਇਸ ਤੋਂ ਇਲਾਵਾ ਭਾਰਤ ਦੇ ਮੁੱਖ ਜੱਜ ਕੋਲ ਇਹ ਅਧਿਕਾਰ ਹੈ ਕਿ ਉਹ ਰਾਸ਼ਟਰਪਤੀ ਦੀ ਅਗੇਤੀ ਰਜਾਮੰਦੀ ਨਾਲ ਸਰਵ-ਉੱਚ ਅਦਾਲਤ ਦੇ ਕਿਸੇ ਸੇ ਵਾ-ਮੁਕਤ ਜੱਜ ਨੂੰ ਆਰਜ਼ੀ ਤੌਰ ਤੇ ਸਰਵ-ਉੱਚ ਅਦਾਲਤ ਦੇ ਜੱਜ ਵਜੋਂ ਕੰਮ ਕਰਨ ਲਈ ਬੇਨਤੀ ਕਰ ਸਕਦਾ ਹੈ । ਇਸੇ ਤਰ੍ਹਾਂ ਜਦੋਂ ਕੋਰਮ ਪੂਰਾ ਨਾ ਹੁੰਦਾ ਹੋਵੇ, ਮੁੱਖ ਜੱਜ ਰਾਜ ਦੀ ਉੱਚ ਅਦਾਲਤ ਦੇ ਕਿਸੇ ਜੱਜ ਨੂੰ ਬੇਨਤੀ ਕਰ ਸਕਦਾ ਹੈ, ਭਾਵੇਂ ਸੰਵਿਧਾਨ ਵਿੱਚ ਸਰਵ-ਉੱਚ ਅਦਾਲਤ ਦੇ ਜੱਜਾਂ ਦੀ ਘੱਟ ਤੋਂ ਘੱਟ ਗਿਣਤੀ ਨਿਰਧਾਰਿਤ ਨਹੀਂ ਕੀਤੀ ਗਈ, ਫਿਰ ਵੀ ਧਾਰਾ 144 ਦਾ ਸਪੱਸ਼ਟ ਅਰਥ ਇਹ ਹੈ ਕਿ ਕਿਸੇ ਵੀ ਸੰਵਿਧਾਨਿਕ ਮਾਮਲੇ ਦੀ ਵਿਆਖਿਆ ਕਰਨ ਲੱਗਿਆ ਅਦਾਲਤ ਵਿੱਚ ਘੱਟੋ-ਘੱਟ ਪੰਜ ਜੱਜਾਂ ਦੀ ਲੋੜ ਹੈ ।

2.6.3 ਸਰਵ-ਉੱਚ ਅਦਾਲਤ ਦੀ ਜੱਜਾਂ ਦੀ ਨਿਯੁਕਤੀ ਤੇ ਮੁੱਖ ਜੱਜ ਦੀ ਨਿਯੁਕਤੀ

ਜੱਜਾਂ ਦੀ ਨਿਯੁਕਤੀ: ਸਰਵ-ਉੱਚ ਅਦਾਲਤ ਦੇ ਜੱਜਾਂ ਦੀ ਨਿਯੁਕਤੀ ਬਾਰੇ ਸੰਵਿਧਾਨ ਦੀ ਧਾਰਾ 124(2) ਵਿਚ ਇਹ ਦਰਜ ਹੈ ਕਿ ਸਰਵ-ਉੱਚ ਅਦਾਲਤ ਦੇ ਜੱਜਾਂ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਆਪਣੇ ਦਸਤਖਤਾਂ ਅਤੇ ਮੋਹਰ ਥੱਲੇ ਹੋਵੇਗੀ ਅਤੇ ਅਜਿਹੀ ਨਿਯੁਕਤੀ ਕਰਨ ਲੱਗਿਆਂ ਉਹ ਸਰਵ-ਉੱਚ ਅਦਾਲਤ ਜਾਂ ਉੱਚ ਅਦਾਲਤਾਂ ਦੇ ਅਜਿਹੇ ਜੱਜਾਂ ਦੀ ਸਲਾਹ ਲੈ ਸਕਦਾ ਹੈ ਜਿਨ੍ਹਾਂ ਦੀ ਸਲਾਹ ਨੂੰ ਉਹ ਇਸ ਮੰਤਵ ਲਈ ਉਚਿੱਤ ਸਮਝੇ। ਇਸ ਦਾ ਭਾਵ ਇਹ ਹੋਇਆ ਕਿ ਸਰਵ-ਉੱਚ ਅਦਾਲਤ ਦੇ ਮੁੱਖ ਜੱਜ ਦੀ ਨਿਯੁਕਤੀ ਰਾਸ਼ਟਰੀ ਸਰਵ-ਉੱਚ ਅਦਾਲਤ ਅਤੇ ਉੱਚ ਅਦਾਲਤ ਦੇ ਅਜਿਹੇ ਜੱਜਾਂ ਦੀ ਸਲਾਹ ਨਾਲ ਕਰਦਾ ਹੈ ਜਿਹਨਾਂ ਦੀ ਸਲਾਹ ਨੂੰ ਉਹ ਇਸ ਕਾਰਜ ਲਈ ਉਚਿਤ ਸਮਝਦਾ ਹੈ। ਪਰੰਤੂ ਸਰਵ-ਉੱਚ ਅਦਾਲਤ ਦੇ ਕਿਸੇ ਜੱਜ ਦੀ ਨਿਯੁਕਤੀ ਕਰਨ ਲੱਗਿਆਂ ਰਾਸ਼ਟਰਪਤੀ ਲਈ ਸਰਵ-ਉੱਚ ਅਦਾਲਤ ਦੇ ਮੁੱਖ ਜੱਜ ਦੀ ਸਲਾਹ ਲੈਣੀ ਲਾਜ਼ਮੀ ਹੈ ਕਿਉਂਕਿ ਅਨੁਛੇਦ 124 ਵਿਚ ਬੜੇ ਸਪੱਸ਼ਟ ਸ਼ਬਦਾਂ ਵਿੱਚ ਦਰਜ ਕੀਤਾ ਗਿਆ ਹੈ ਕਿ ਮੁੱਖ ਜੱਜ ਤੋਂ ਇਲਾਵਾ ਕਿਸੇ ਵੀ ਹੋਰ ਜੱਜ ਦੀ ਨਿਯੁਕਤੀ ਸਮੇ ਮੁੱਖ ਜੱਜ ਦੀ ਸਲਾਹ ਲਈ ਜਾਵੇਗੀ। ਮੁੱਖ ਜੱਜ ਅਤੇ ਜੱਜਾਂ ਦੀ ਨਿਯੁਕਤੀ ਸਬੰਧੀ ਸੰਵਿਧਾਨ ਵਿਚ ਇੱਕ ਪ੍ਰਤੱਖ ਨੁਕਸ ਸੀ । ਭਾਵੇਂ ਕਾਨੂੰਨ ਵਿੱਚ ਇਹ ਦਰਜ ਸੀ ਕਿ ਸਰਵ-ਉੱਚ ਅਦਾਲਤ ਦੇ ਜੱਜਾਂ ਅਤੇ ਅਦਾਲਤ ਦੇ ਜੱਜਾਂ ਦੀ ਨਿਯੁਕਤੀ ਸਮੇਂ ਭਾਰਤ ਦੇ ਮੁੱਖ ਜੱਜ ਦੀ ਸਲਾਹ ਜ਼ਰੂਰ ਲਈ ਜਾਵੇਗੀ ਪਰੰਤੂ ਕਿਧਰੇ ਵੀ ਇਹ ਦਰਜ ਨਹੀ ਸੀ ਕਿ ਮੁੱਖ ਜੱਜਾਂ ਰਾਹੀਂ ਦਿੱਤੀ ਗਈ ਸਲਾਹ ਨੂੰ ਸਵੀਕਾਰ ਕਰਨਾ ਰਾਸ਼ਟਰਪਤੀ ਲਈ ਲਾਜ਼ਮੀ ਹੈ ਕਿ ਨਹੀ। ਪਰੰਤੂ 1993 ਵਿਚ Supreme Court Advocate Vs. Union of India ਵਿੱਚ ਸਰਵ-ਉੱਚ ਅਦਾਲਤ ਦੇ 9 ਜੱਜਾਂ ਦੇ ਬੈਂਚ ਨੇ ਸਪਸ਼ਟ ਕੀਤਾ ਕਿ ਸਲਾਹ-ਮਸ਼ਵਰੇ ਦਾ ਅਰਥ ਆਮ ਤੌਰ ਤੇ ਰਜ਼ਾਮੰਦੀ ਹੋਵੈਗੀ। (Consultation would generally men concurrence)। ਅਨੁਛੇਦ 124(2) ਦੀ ਸ਼ਾਬਦਿਕ ਵਿਆਖਿਆ ਤੋਂ ਇਹ ਜਾਪਦਾ ਹੈ ਕਿ ਸਰਵ-ਉੱਚ ਅਦਾਲਤ ਦੇ ਜੱਜਾਂ ਦੀ ਨਿਯੁਕਤੀ ਦਾ ਸੰਬੰਧ ਰਾਸ਼ਟਰਪਤੀ ਦੀ ਅਖਤਿਆਰੀ ਸ਼ਕਤੀ ਨਾਲ ਹੈ ਅਤੇ ਇਹ ਉਪਬੰਧ ਕਿ ਅਜਿਹਾ ਕਰਨ ਲੱਗਿਆ ਉਹ ਸਰਵ-ਉੱਚ ਅਦਾਲਤਾਂ ਜਾਂ ਰਾਜਾਂ ਦੀਆਂ ਉੱਚ ਅਦਾਲਤਾਂ ਦੇ ਅਜਿਹੇ ਜੱਜਾਂ ਦੀ ਸਲਾਹ ਲਵੇ ਜਿਹਨਾਂ ਨੂੰ ਉਹ ਇਸ ਸਲਾਹ ਦੇ ਯੋਗ ਸਮਝਦਾ ਹੈ। ਪਰੰਤੂ 1998 ਵਿੱਚ ਰਾਸ਼ਟਰਪਤੀ ਦਆਰਾ ਇਸ ਸੰਬੰਧੀ ਸਪੱਸ਼ਟੀਕਰਨ ਮੰਗਿਆ ਅਤੇ ਸੁਪਰੀਮ ਕੋਰਟ ਦੇ ਸੰਵਿਧਾਨਿਕ ਬੈਂਚ ਨੇ ਅਕਤੂਬਰ 1998 ਵਿਚ ਫੈਸਲਾ ਦੇ ਕੇ ਸਥਿਤੀ ਸਪੱਸ਼ਟ ਕੀਤੀ । ਕੋਰਟ ਅਨੁਸਾਰ ਮੁੱਖ ਜੱਜ ਦੀ ਸਲਾਹ ਮੰਨਣੀ ਜ਼ਰੂਰੀ ਹੈ ਪਰੰਤੂ ਇਹ ਸਲਾਹ ਮੁੱਖ ਜੱਜ ਆਪਣੇ ਵਰਿਸ਼ਠ ਜੱਜਾਂ ਦੀ ਰਾਇ ਨਾਲ ਤਿਆਰ ਕਰੇਗਾ। ਇਸ ਤਰ੍ਹਾਂ ਹੁਣ ਸਾਫ ਹੈ ਕਿ ਜੱਜਾਂ ਦੀ ਨਿਯੁਕਤੀ ਬਾਰੇ ਕਾਰਜਪਾਲਿਕਾ ਮੁੱਖ ਜੱਜ ਦੀ ਸਲਾਹ ਨੂੰ ਅਣਦੇਖਿਆ ਨਹੀਂ ਕਰ ਸਕਦੀ। ਸਾਲ 2014 ਵਿਚ ਭਾਰਤੀ ਸੰਵਿਧਾਨ ਵਿਚ 99ਵੀ ਸੋਧ ਕੀਤੀ ਗਈ ਸੀ ਅਤੇ ਟ੍ਵਜਰਅ; ਝਚਦਜਫਜ਼; ਙਬਰਜਅਵਠਕਅਵ ਫਰਠਠਜਤ-ਤਜਰਅ (ਟਝਙ) ਬਣਾਇਆ ਗਿਆ ਜਿਸ ਵਿਚ ਇਹ ਵਿਵਸਥਾ ਸੀ ਕਿ ਜੱਜਾ ਕੀ ਨਿਯੁਕਤੀ ਇਸ ਕਮੀਸ਼ਨ ਦੁਆਰਾ ਕੀਤੀ ਜਾਵੇਗੀ। ਪ੍ਰੰਤੂ 2015 ਵਿਚ ਸੁਪਰੀਮ ਕੋਰਟ ਨੂੰ ਇਸ ਸੋਧ ਅਤੇ ਕਮੀਸ਼ਨ ਦੀ ਸਥਾਪਨਾ ਨੂੰ ਅਸਿੰਧਾਨਿਕ ਕਰਾਰ ਕਰਕੇ ਰੱਦ ਕਰ ਦਿੱਤਾ।

25 ਅਪ੍ਰੈਲ,1973 ਤਕ ਮੁੱਖ ਜੱਜ ਦੀ ਨਿਯੁਕਤੀ ਸੰਬੰਧੀ ਇਹ ਪ੍ਰਥਾ ਸੀ ਕਿ ਸੀਨੀਅਰਤਾ ਕ੍ਰਮ ਵਿੱਚ ਅਗਲੇ ਜੱਜ ਨੂੰ ਨਵਾਂ ਜੱਜ ਨਿਯੁਕਤ ਕੀਤਾ ਜਾਂਦਾ ਹੈ। ਪਰੰਤੂ ਇਹ ਪ੍ਰਥਾ ਉਦੋਂ ਟੁੱਟ ਗਈ ਜਦੋਂ ਤਿੰਨ ਸੀਨੀਅਰ ਜੱਜਾਂ ਸ਼ੈਲਟ (Sherlet), ਹੈਗੜੇ (Hegde) ਅਤੇ ਗਰੋਵਰ (Grover) ਨੂੰ ਛੱਡ ਕੇ ਜੱਜ ਏ. ਐਨ. ਰੇਅ (Ray) ਨੂੰ ਮੁੱਖ ਜੱਜ ਨਿਯੁਕਤ ਕੀਤਾ ਗਿਆ । ਇਸ ਨਿਯੁਕਤੀ ਨੇ ਇੱਕ ਜਨਤਕ ਵਾਦ-ਵਿਵਾਦ ਨੂੰ ਜਨਮ ਦਿੱਤਾ ਅਤੇ ਕੁਝ ਜਨਤਕ ਨੇਤਾਵਾਂ ਅਤੇ ਵਕੀਲਾਂ ਨੇ ਸਰਕਾਰ ਉਤੈ ਇਹ ਦੋਸ਼ ਲਗਾਇਆ ਕਿ ਉਸ ਨੇ ਨਿਆਂਪਾਲਿਕਾ ਦੀ ਸੁਤੰਤਰਤਾ ਦੀ ਉਲੰਘਣਾ ਕੀਤੀ ਹੈ। ਪਰੰਤੂ ਸਰਕਾਰ ਨੇ ਆਪਣੇ ਇਸ ਕਾਰਜ ਨੂੰ ਇਸ ਆਧਾਰ ਤੇ ਉਚਿਤ ਠਹਿਰਾਇਆ ਕਿ ਲਾਅ ਕਮਿਸ਼ਨ ਨੇ ਇਹ ਸਿਫਾਰਸ਼ ਕੀਤੀ ਹੇ ਕਿ ਮੁੱਖ ਜੱਜ ਦੀ ਨਿਯੁਕਤੀ ਲਈ ਕਈ ਵਿਸ਼ੇਸ਼ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਪੈਂਦਾ ਹੈ ਅਤੇ ਇਹ ਅਹੁਦਾ ਆਪਣੇ ਆਪ ਹੀ ਸਭ ਤੋਂ ਵਰਿਸ਼ਠ ਜੱਜ ਐਚ. ਆਰ. ਖੰਨਾ ਦੀ ਥਾਂ ਜਸਟਿਸ ਮਿਰਜ਼ਾ ਹਮੀਦੁੱਲਾ ਬੇਗ ਨੂੰ ਜੱਜ ਨਿਯੁਕਤ ਕੀਤਾ ਗਿਆ। ਉਸ ਸਮੇਂ ਦੇ ਕਾਨੂੰਨ ਮੰਤਰੀ ਐਚ.ਆਰ. ਗੋਖਲੇ ਨੇ 28 ਜਨਵਰੀ, 1977 ਨੂੰ ਇੱਕ ਬਿਆਨ ਦਿੱਤਾ ਕਿ ਜਸਟਿਸ ਦੀ ਮੁੱਖ ਜੱਜ ਵਜੋਂ

ਨਿਯੁਕਤੀ ਭਾਰਤ ਸਰਕਾਰ ਦੀ ਘੋਸ਼ਿਤ ਨੀਤੀ ਦੇ ਅਨੁਕੂਲ ਹੈ ਅਤੇ ਇਹ ਜਸਟਿਸ ਐਚ.ਆਰ. ਖੰਨਾ ਦੀ ਕੁਸ਼ਲਤਾ ਤੇ ਕੋਈ ਧੱਬਾ ਨਹੀਂ ।ਸ੍ਰੀ ਗੋਖਲੇ ਨੇ ਕਿਹਾ ਕਿ ਜਸਟਿਸ ਖੰਨਾ ਨੇ ਕੇਵਲ ਪੰਜ ਮਹੀਨਿਆਂ ਦੇ ਸਮੇਂ ਤਕ ਮੁੱਖ ਜੱਜ ਰਹਿਣਾ ਸੀ । ਜਦੋਂ ਕਿ ਇਸ ਦੇ ਮੁਕਾਬਲੇ ਤੇ ਜਸਟਿਸ ਬੇਗ 13 ਮਹੀਨਿਆਂ ਦੇ ਲੰਬੇ ਸਮੇਂ ਤਕ ਇਸ ਅਹੁਦੇ ਤੇ ਰਹਿਣਗੇ । ਸ੍ਰੀ ਗੋਖਲੇ ਨੇ ਇਹ ਵੀ ਕਿਹਾ ਕਿ ਸਰਕਾਰ ਦੀ ਇਹ ਧਾਰਨਾ ਹੈ ਕਿ ਮੁੱਖ ਜੱਜ ਦੇ ਉੱਚ ਪਦ ਤੇ ਇੰਨੇ ਥੋੜ੍ਹੇ ਸਮੇਂ ਲਈ ਨਿਯੁਕਤੀ ਨਹੀਂ ਕਰਨੀ ਚਾਹੀਦੀ । ਇੱਥੇ ਇਹ ਗੱਲ ਨੋਟ ਕਰਨੀ ਚਾਹੀਦੀ ਹੈ ਕਿ ਜਸਟਿਸ ਖੰਨਾ ਨੇ ਸਰਵ-ਉੱਚ ਅਦਾਲਤ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਅਤੇ ਉਹ ਵੀ ਬਿਨਾਂ ਕੋਈ ਕਾਰਣ ਦੱਸਿਆ ।

2.6.4 ਜੱਜਾਂ ਦੀਆਂਯੋਗਤਾਵਾਂ : ਅਮਰੀਕੀ ਸੰਵਿਧਾਨ ਦੇ ਅੰਤਰਗਤ ਜੇ ਸੈਨੇਟ ਇਸ ਨਿਯੁਕਤੀ ਦਾ ਵਿਰੋਧ ਨਹੀਂ ਕਰਦੀ ਹੈ ਤਾਂ ਅਮਰੀਕੀ ਰਾਸ਼ਟਰਪਤੀ ਕਿਸੇ ਵੀ ਵਿਅਕਤੀ ਨੂੰ ਸਰਵ-ਉੱਚ ਅਦਾਲਤ ਜਾਂ ਜੱਜ ਨਿਯੁਕਤ ਕਰ ਸਕਦਾ ਹੈ, ਪਰੰਤੂ ਸਾਡੇ ਸੰਵਿਧਾਨ ਅਨੁਸਾਰ ਜੱਜਾਂ ਦੀ ਨਿਯੁਕਤੀ ਕੇਵਲ ਰਾਸ਼ਟਰਪਤੀ ਦੀ ਮਰਜ਼ੀ ਤੇ ਨਿਰਭਰ ਨਹੀਂ ਕਰਦੀ । ਬਲਕਿ ਕਿਸੇ ਵਿਅਕਤੀ ਦੀ ਜੱਜ ਵਜੋਂ ਨਿਯੁਕਤੀ ਲਈ ਲੋੜੀਂਦੀਆ ਯੋਗਤਾਵਾ ਨਿਸ਼ਚਤ ਕਰਕੇ ਸੰਵਿਧਾਨ ਨੇ ਕੁਝ ਸੀਮਿਤ ਹੱਦ ਤਕ ਸਰਵ-ਉੱਚ ਅਦਾਲਤ ਦੇ ਜੱਜਾਂ ਦੀ ਨਿਯੁਕਤੀ ਵਿੱਚ ਰਾਜਨੀਤਿਕ ਕਾਰਨਾਂ ਦੀ ਪ੍ਰਮੁੱਖਤਾ ਵਿਰੁੱਧ ਸੁਰੱਖਿਆ ਪ੍ਰਦਾਨ ਕੀਤੀ ਹੈ । ਅਨੁਛੇਦ 124(3) ਵਿੱਚ ਇਹ ਦਰਜ ਹੈ ਕਿ ਕੋਈ ਵਿਅਕਤੀ ਸਰਵ-ਉੱਚ ਅਦਾਲਤ ਦੇ ਜੱਜ ਲਈ ਉਦੋਂ ਹੀ ਯੋਗ ਹੋਵੇਗਾ ਜਦੋਂ ਉਹ ਭਾਰਤ ਦਾ ਨਾਗਰਿਕ ਹੋਵੇ (ੳ) ਜਿਹੜਾ ਲਗਾਤਾਰ ਘੱਟੋ ਘੱਟ ਪੰਜ ਸਾਲ ਲਈ ਕਿਸੇ ਇਕ ਜਾਂ ਵਧੇਰੇ ਉੱਚ ਅਦਾਲਤਾਂ ਦਾ ਜੱਜ ਰਹਿ ਚੁਕਿਆ ਹੋਵੇ,(ਅ)ਕਿਸੇ ਇਕ ਤੋਂ ਵਧੇਰੇ ਉੱਚ-ਅਦਾਲਤਾਂ ਦਾ ਲਗਾਤਾਰ ਘੱਟੋ-ਘੱਟ 10 ਸਾਲ ਤਕ ਵਕੀਲ ਰਹਿ ਚੁਕਿਆ ਹੋਵੇ ਜਾਂ (ੲ) ਰਾਸ਼ਟਰਪਤੀ ਦੇ ਵਿਚਾਰ ਅਨੁਸਾਰ ਇੱਕ ਉੱਘਾ ਕਾਨੂੰਨਦਾਨ ਹੋਵੇ ।

2.6.5 ਅਹੁਦੇ ਦਾ ਕਾਰਜਕਾਲ: ਸਰਵ-ਉੱਚ ਅਦਾਲਤ ਦੇ ਜੱਜ ਲਈ ਘੱਟੋ ਘੱਟ ਉਮਰ ਤਾਂ ਨਿਸ਼ਚਿਤ ਨਹੀਂ ਕੀਤੀ ਪਰੰਤੂ ਅਨੁਛੇਦ 124 ਵਿਚ ਇਹ ਦਰਜ ਹੈ ਕਿ ਹਰ ਜੱਜ 65 ਸਾਲ ਤਕ ਦੀ ਉਮਰ ਤਕ ਇਸ ਅਹੁਦੇ ਤੇ ਰਹਿ ਸਕਦਾ ਹੈ ਇਸ ਉਮਰ ਤਕ ਪੁਜਣ ਤੋਂ ਪਹਿਲਾਂ ਕੋਈ ਜੱਜ ਆਪਣੀ ਇੱਛਾ ਅਨੁਸਾਰ ਅਸਤੀਫਾ ਦੇ ਸਕਦਾ ਹੈ । ਇਸ ਤੋਂ ਇਲਾਵਾ ਕਿਸੇ ਜੱਜ ਨੂੰ ਰਾਸ਼ਟਰਪਤੀ ਤੇ ਆਦੇਸ਼ ਅਨੁਸਾਰ ਵੀ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ ਬਸ਼ਰਤੇ ਕਿ ਸੰਸਦ ਦੇ ਦੋਵੇਂ ਸਦਨ ਇਸ ਆਸ਼ੇ ਦੀ ਸਿਫਾਰ਼ਸ ਕਰਨ । ਇਸ ਮੰਤਵ ਲਈ ਜ਼ਰੂਰੀ ਹੈ ਕਿ ਦੋਵੇਂ ਸਦਨ ਆਪੋ ਆਪਣੇ ਕੁਲ ਮੈਂਬਰਾਂ ਦੀ ਗਿਣਤੀ ਦੇ ਬਹੁਮਤ ਨਾਲ ਹਾਜ਼ਰ ਤੇ ਵੋਟ ਦੇਣ ਵਾਲਿਆਂ ਦੇ ਦੋ ਤਿਹਾਈ ਬਹੁਮਤ ਨਾਲ ਅਜਿਹਾ ਮਤਾ ਪਾਸ ਕਰਕੇ ਰਾਸ਼ਟਰਪਤੀ ਕੋਲ ਭੇਜਣ । ਦੋਹਾਂ ਸਦਨਾਂ ਵਲ ਵੱਖੋ ਵੱਖਰੇ ਤੌਰ ਤੇ ਅਜਿਹਾ ਮਤਾ ਪਾਸ ਕਰਨਾ ਜ਼ਰੂਰੀ ਹੈ । ਇੱਥੇ ਇਹ ਵੀ ਦੱਸ ਦੇਣਾ ਜ਼ਰੂਰੀ ਹੈ ਕਿ ਸਰਵ-ਉੱਚ ਅਦਾਲਤ ਦੇ ਜੱਜ ਕੇਵਲ ਉਦੋਂ ਤਕ ਆਪਣੇ ਅਹੁਦੇ ਤੇ ਬਣੇ ਰਹਿੰਦੇ ਹਨ ਜਦੋਂ ਤਕ ਉਹਨਾਂ ਦਾ ਵਿਹਾਰ ਚੰਗਾ ਹੋਵੇ ਨਾ ਕਿ ਉਦੋਂ ਤਕ ਜਦੋਂ ਤਕ ਕਿ ਰਾਸ਼ਟਰਪਤੀ ਚਾਹੇ ਜਿਵੇ ਕਿ ਅਸੈਨਿਕ ਸੇਵਾਵਾਂ ਦੇ ਅਹੁਦੇਦਾਰਾਂ ਦੇ ਪ੍ਰਸੰਗ ਵਿਚ ਹੈ । ਅਨੁਛੇਦ 124(4) ਵਿਚ ਸਪੱਸ਼ਟ ਦਰਜ ਹੈ ਕਿ ਜੱਜ ਨੂੰ ਪ੍ਰਮਾਣਿਤ ਬੁਰੇ ਵਿਵਹਾਰ ਅਤੇ ਅਯੋਗਤਾ ਕਰਕੇ ਹੀ ਹਟਾਇਆ ਜਾ ਸਕਦਾ ਹੈ । ਜੱਜਾਂ ਦੀ ਬਤਰਫੀ ਸੰਬੰਧੀ ਮੁਦਾਖਲਤ ਦੀ ਵਿਧੀ ਇਸ ਗੱਲ ਨੂੰ ਯਕੀਨੀ ਬਣਾਉਂਦੀ ਹੈ ਕਿ ਅਦਾਲਤ ਦੇ ਕੰਮ ਕਾਜ ਵਿੱਚ ਕੋਈ ਦਖਲ ਅੰਦਾਜ਼ੀ ਨਹੀਂ ਹੋਵੇਗੀ ਅਤੇ ਜੱਜਾਂ ਦਾ ਕਾਰਜਕਾਲ ਸੁਰਖਿਅਤ ਰਹੇਗਾ ।

2.6.6 ਜੱਜਾਂ ਦੀ ਤਨਖਾਹ : ਸਰਵ – ਉੱਚ ਅਦਾਲਤ ਦੇ ਜੱਜਾਂ ਦੀ ਤਨਖਾਹ ਸੰਵਿਧਾਨ ਰਾਹੀਂ ਨਿਸ਼ਚਿਤ ਕੀਤੀ ਜਾਂਦੀ ਹੈ । ਅਨੁਛੇਦ 125 (1) ਵਿਚ ਦਰਜ ਹੈ ਕਿ ਜੱਜਾਂ ਨੂੰ ਅਜਿਹੀ ਤਨਖਾਹ ਮਿਲੇਗੀ ਜੋ ਕਿ ਸੰਵਿਧਾਨ ਦੀ ਦੂਜੀ ਸੂਚੀ ਵਿੱਚ ਦਰਜ ਹੈ । ਸਰਵ–ਉੱਚ ਅਦਾਲਤ ਦੇ ਮੁੱਖ ਜੱਜ ਨੂੰ ਪਹਿਲਾਂ, 5,000 ਪ੍ਰਤੀ ਮਹੀਨਾ ਅਤੇ ਬਾਕੀ ਜੱਜਾਂ ਨੂੰ 4,000 ਰੁਪਏ ਪ੍ਰਤੀ ਮਹੀਨਾ ਤਨਖਾਹ ਮਿਲਦੀ ਸੀ ਪਰੰਤੂ 1986 ਵਿੱਚ ਸੰਵਿਧਾਨਕ ਸੋਧ ਪਾਸ ਕਰਕੇ ਇਸ ਨੂੰ ਵਧਾ ਦਿੱਤਾ ਗਿਆ ਅਤੇ ਇਕ ਮੁੱਖ ਜੱਜ ਨੂੰ 10,000 ਰੁਪਏ ਤੇ ਹੋਰ ਜੱਜਾਂ ਨੂੰ 9,000 ਰੁ: ਮਾਸਿਕ ਤਨਖਾਹ ਮਿਲਦੀ ਸੀ । ਜੁਲਾਈ, 1998 ਤੋਂ ਚੀਫ ਜਸਟਿਸ ਨੂੰ 33,000 ਅਤੇ ਅਦਰ ਜਸਟਿਸ ਨੂੰ 30,000 ਰੁਪਏ ਮਿਲਦੇ ਸਨ । ਪਰ 2008 ਦੇ Salaries & Conditions of service ਦੇ Bill ਰਾਹੀਂ ਹੁਣ ਮੁਖ ਜੱਜ

ਨੂੰ ਇਕ ਲੱਖ ਰੁਪਏ ਤੇ ਹੋਰ ਜੱਜਾਂ ਨੂੰ 90,000 ਰੁਪਏ ਮਿਲਣਗੇ । ਇਸ ਤੋਂ ਇਲਾਵਾ ਹਰ ਜੱਜ ਅਜਿਹੇ ਭੱਤਿਆਂ ਅਤੇ ਸਹੂਲਤਾਂ, ਛੁੱਟੀਆਂ ਅਤੇ ਪੈਨਸ਼ਨ ਭੱਤੇ, ਵਿਸ਼ੇਸ਼ ਅਧਿਕਾਰ ਆਦਿ ਵਿੱਚ ਕੋਈ ਵੀ ਅਜਿਹੀ ਤਬਦੀਲੀ ਨਹੀਂ ਕੀਤੀ ਜਾ ਸਕਦੀ ਜਿਹੜੀ ਉਸ ਦੇ ਹਿੱਤ ਵਿੱਚ ਨਾ ਹੋਵੇ, ਕੇਵਲ ਵਿੱਤੀ ਸੰਕਟ ਦੀ ਸਥਿਤੀ ਵਿੱਚ ਹੀ ਵਿੱਤੀ ਸੰਕਟ ਦੀ ਅਵਧੀ ਲਈ ਰਾਸ਼ਟਰਪਤੀ ਉਹਨਾਂ ਦੀ ਤਨਖਾਹ ਵਿੱਚ ਕਟੋਤੀ ਕਰ ਸਕਦਾ ਹੈ ।

2.6.7 ਰਿਟਾਇਰ ਹੋਣ ਮਗਰੋਂ ਵਕਾਲਤ ਤੇ ਪਾਬੰਦੀ : ਅਨੁਛੇਦ 124 ਦੀ ਧਾਰਾ 7 ਵਿੱਚ ਸਪਸ਼ਟ ਕੀਤਾ ਗਿਆ ਹੈ ਕਿ ਕੋਈ ਵੀ ਵਿਅਕਤੀ ਜੋ ਸਰਵ-ਉੱਚ ਅਦਾਲਤ ਦਾ ਜੱਜ ਰਿਹਾ ਹੈ ਉਹ ਭਾਰਤ ਦੀ ਕਿਸੇ ਵੀ ਅਦਾਲਤ ਵਿੱਚ ਜਾਂ ਕਿਸੇ ਵੀ ਹੋਰ ਸੱਤਾ ਦੇ ਸਾਹਮਣੇ ਵਕਾਲਤ ਨਹੀ ਕਰ ਸਕਦਾ । ਭਾਰਤ ਦੀ ਸਰਵ-ਉਚ ਅਦਾਲਤ ਦੇ ਜੱਜਾਂ ਦੇ ਵਕਾਰ ਨੂੰ ਬਣਾਈ ਰੱਖਣ ਲਈ ਨਿਆਂਪਾਲਿਕਾ ਦੀ ਸੁਤੰਤਰਤਾ ਨੂੰ ਯਕੀਨੀ ਬਣਾਉਣ ਵਿੱਚ ਇਸ ਉਪਬੰਧ ਦਾ ਮਹੱਤਵਪੂਰਨ ਸਥਾਨ ਹੈ, ਪਰੰਤੂ ਇਹ ਦੱਸਣਾ ਉਚਿਤ ਹੋਵੇਗਾ ਕਿ ਸਰਵ-ਉੱਚ ਅਦਾਲਤ ਦੇ ਕਿਸੇ ਸੇਵਾ-ਮੁਕਤ ਜੱਜ ਨੂੰ ਕਿਸੇ ਆਯੋਗ ਦਾ ਚੇਅਰਮੈਨ ਲਗਾਇਆ ਜਾ ਸਕਦਾ ਹੈ । ਜਿਹੀ ਨਿਯੁਕਤੀ ਉੱਤੇ ਕੋਈ ਸੰਵਿਧਾਨਕ ਰੋਕ ਨਹੀਂ ਹੈ । ਉਦਾਹਰਣ ਵਜੋਂ ਸਰਵ-ਉੱਚ ਅਦਾਲਤ ਦੇ ਭੂਤਪੂਰਵ ਜੱਜ ਜਸਟਿਸ ਸ਼ਾਹ ਨੂੰ ਆਪਾਤ ਸਥਿਤੀ ਦੌਰਾਨ ਹੋਈਆਂ ਵਧੀਕੀਆਂ ਦੀ ਜਾਂਚ ਕਰਨ ਲਈ ਇਕ ਮੈਂਬਰੀ ਆਯੋਗ ਨਿਯੁਕਤ ਕੀਤਾ ਗਿਆ ਸੀ । ਜਨਤਾ ਪਾਰਟੀ ਦੀ ਸਰਕਾਰ ਨੇ ਕਿਤਨੇ ਹੀ ਅਜਿਹੇ ਹੋਰ ਆਯੋਗ ਬਿਠਾਏ ਸਨ ਜਿਨ੍ਹਾਂ ਦੇ ਮੁੱਖੀ ਸਰਵ-ਉੱਚ ਅਦਾਲਤ ਦੇ ਸੇਵਾ-ਮੁਕਤ ਜੱਜ ਸਨ । ਇਸੇ ਤਰ੍ਹਾਂ ਜਸਟਿਸ ਆਰ.ਐਸ.ਸਰਕਾਰੀਆ ਨੂੰ ਕੇਂਦਰੀ ਅਤੇ ਰਾਜਾਂ ਦੇ ਸੰਬੰਧਾਂ ਦਾ ਜਾਇਜ਼ਾ ਲੈਣ ਲਈ ਨਿਯੁਕਤ ਕੀਤਾ ਗਿਆ ।

2.6.8 ਵੱਖਰਾ ਅਮਲਾ (Establishment) : ਭਾਰਤ ਦੀ ਸਰਵ-ਉੱਚ ਅਦਾਲਤ ਦਾ ਆਪਣਾ ਵੱਖਰਾ ਅਮਲਾ ਹੈ । ਇਸ ਦੇ ਅਧਿਕਾਰੀਆਂ ਦੀਆਂ ਨੌਕਰੀ ਦੀਆਂ ਸ਼ਰਤਾਂ ਸੰਸਦ ਰਾਹੀਂ ਕਾਨੂੰਨ ਪਾਸ ਕਰਕੇ ਅਤੇ ਭਾਰਤ ਦੇ ਮੁੱਖ ਜੱਜ ਰਾਹੀਂ ਬਣਾਏ ਨਿਯਮਾਂ ਅਨੁਸਾਰ ਨਿਰਧਾਰਤ ਕੀਤੀਆਂ ਜਾ ਸਕਦੀਆਂ ਹਨ । ਸਰਵ-ਉੱਚ ਅਦਾਲਤ ਦਾ ਸਾਰਾ ਪ੍ਰਸ਼ਾਸਨੀ ਖਰਚ, ਸਣੇ ਅਫਸਰਾਂ ਦੀਆਂ ਤਨਖਾਹਾਂ, ਭੱਤੇ, ਪੈਨਸ਼ਨ ਆਦਿ ਭਾਰਤ ਦੀ ਸੰਚਿਤ ਨਿਧੀ ਵਿਚੋਂ ਕੀਤਾ ਜਾਂਦਾ ਹੈ ਅਤੇ ਇਸ ਲਈ ਇਹ ਸੰਸਦ ਦੇ ਮਤਦਾਨ ਖੇਤਰ ਤੋਂ ਬਾਹਰ ਹੈ । ਸਰਵ-ਉੱਚ ਅਦਾਲਤ ਦਾ ਕਾਰਜ ਸਥਾਨ ਨਵੀਂ ਦਿੱਲੀ ਵਿੱਚ ਸਰਵ-ਉੱਚ ਅਦਾਲਤ ਦੀ ਇਮਾਰਤ ਹੈ । ਰਾਸ਼ਟਰਪਤੀ ਦੀ ਅਗੇਤੀ ਪ੍ਰਵਾਨਗੀ ਨਾਲ ਇਹ ਮੁੱਖ ਜੱਜ ਰਾਹੀਂ ਨਿਸ਼ਚਿਤ ਭਾਰਤ ਦੇ ਕਿਸੇ ਵੀ ਸਥਾਨ ਤੇ ਕੰਮ ਕਰ ਸਕਦੀ ਹੈ ।

2.6.9 ਸਰਵ-ਉੱਚ ਅਦਾਲਤ ਦੀਆਂ ਸ਼ਕਤੀਆਂ: ਸਰਵ-ਉੱਚ ਅਦਾਲਤ ਦਾ ਅਧਿਕਾਰ ਖੇਤਰ ਤਿੰਨ ਪ੍ਰਕਾਰ ਦਾ ਹੈ: (1) ਪ੍ਰਾਰੰਭਿਕ (2) ਅਪੀਲੀ ਅਤੇ (3) ਸਲਾਹ ਸਬੰਧੀ । ਸੰਵਿਧਾਨ ਦੇ ਅਨੁਛੇਦ 131 ਸਰਵ-ਉੱਚ ਅਦਾਲਤ ਦੇ ਪ੍ਰਾਰੰਭਿਕ ਅਧਿਕਾਰ ਖੇਤਰ ਬਾਰੇ ਦੱਸਿਆ ਗਿਆ ਹੈ । ਅਨੁਛੇਦ 131 ਦੇ ਅੰਤਰਗਤ ਸਰਵ-ਉੱਚ ਅਦਾਲਤ ਦੇ ਕਰਤੱਵ ਨਿਰੋਲ ਸੰਘੀ ਚਰਿੱਤਰ ਦੇ ਹਨ ਅਤੇ ਇਹ ਭਾਰਤ ਸਰਕਾਰ ਅਤੇ ਕਿਸੇ ਹੋਰ ਰਾਜ ਸਰਕਾਰ ਵਿੱਚ ਝਗੜੇ, ਭਾਰਤ ਸਰਕਾਰ ਤੇ ਕੋਈ ਹੋਰ ਰਾਜ ਇਕ ਪਾਸੇ ਅਤੇ ਕੋਈ ਹੋਰ ਇਕ ਰਾਜ ਜਾਂ ਵਧੇਰੇ ਰਾਜ ਦੂਜੇ ਪਾਸੇ ਜਾਂ ਦੋ ਜਾਂ ਵਧੇਰੇ ਰਾਜਾਂ ਵਿੱਚ ਝਗੜੇ ਤੱਕ ਸੀਮਿਤ ਹੈ । ਦੂਜੇ ਸ਼ਬਦਾਂ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਸਰਵ-ਉਚ ਅਦਾਲਤ ਦਾ ਪ੍ਰਾਰੰਭਿਕ ਅਧਿਕਾਰ ਖੇਤਰ ਭਾਰਤੀ ਸੰਘ ਦੀਆਂ ਵਿਭਿੰਨ ਇਕਾਈਆਂ ਦੇ ਝਗੜਿਆਂ ਤੱਕ ਸੀਮਿਤ ਹੈ । ਸਰਵ-ਉੱਚ ਅਦਾਲਤ ਦਾ ਪ੍ਰਾਰੰਭਿਕ ਅਧਿਕਾਰ ਖੇਤਰ ਨਵੇ ਕਲਾ ਹੈ ਜਿਸ ਦਾ ਇਹ ਭਾਵ ਹੈ ਕਿ ਭਾਰਤ ਦੀ ਹੋਰ ਕਿਸੇ ਵੀ ਅਦਾਲਤ ਕੋਲ ਇਹਨਾਂ ਝਗੜਿਆਂ ਨਾਲ ਨਜਿੱਠਣ ਦੀ ਸ਼ਕਤੀ ਨਹੀਂ । ਇਥੇ ਇਹ (ੳ) ਜਿਥੇ ਕਿ ਹਾਈ ਕੋਰਟ ਨੇ ਹੇਠਲੀ ਅਦਾਲਤ ਦੇ ਬਰੀ ਕਰਨ ਦੇ ਫੈਸਲੇ ਦੇ ਵਿਰੁੱਧ ਦੋਸ਼ੀ ਨੂੰ ਮੌਤ ਦੀ ਸਜ਼ਾ ਦਿੱਤੀ ਹੋਵੇ ਅਤੇ (ਅ) ਹਾਈ ਕੋਰਟ ਨੇ ਆਪਣੇ ਵਿਚਾਰ ਹਿਤ ਕਿਸੇ ਅਦਾਲਤ ਵਿਚੋਂ ਮੁਕਦਮਾ ਵਾਪਿਸ ਲੈ ਲਿਆ ਹੋਵੇ ਅਤੇ ਦੋਸ਼ੀ ਨੂੰ ਮੌਤ ਦੀ ਸਜ਼ਾ ਦਿੱਤੀ ਹੋਵੇ, ਨਾਲ ਸੰਬੰਧਿਤ ਮਾਮਲਿਆਂ ਵਿੱਚ ਸਰਵ-ਉੱਚ ਅਦਾਲਤ ਵਿੱਚ ਅਪੀਲ ਲੈ ਸਕਦੀ ਹੈ ।

ਇਹਨਾਂ ਦੋ ਸ਼੍ਰੇਣੀਆਂ ਵਿੱਚ, ਜਿਥੇ ਕਿ ਹਾਈਕੋਰਟ ਨੇ ਮੌਤ ਦੀ ਸਜ਼ਾ ਸੁਣਾਈ ਹੋਵੇ, ਸਰਵ-ਉੱਚ ਅਦਾਲਤ ਵਿੱਚ ਅਪੀਲ ਕਰਨ ਦਾ ਅਧਿਕਾਰ ਹੈ । ਇਹਨਾਂ ਦੋ ਸ਼੍ਰੇਣੀਆਂ ਤੋਂ ਇਲਾਵਾ ਕਿਸੇ ਵੀ ਅਜਿਹੀ ਫੌਜਦਾਰੀ ਮਾਮਲੇ ਵਿੱਚ ਸਰਵ-ਉੱਚ ਅਦਾਲਤ ਵਿੱਚ ਅਪੀਲ ਕੀਤੀ ਜਾ ਸਕਦੀ ਹੈ ਜਿਥੇ ਹਾਈਕੋਰਟ ਇਹ ਪ੍ਰਮਾਣਿਤ ਕਰੇ ਕਿ ਇਹ

ਸਰਵ ਉੱਚ ਅਦਾਲਤ ਦੇ ਵਿਚਾਰਨਯੋਗ ਹੈ । ਇਹਨਾਂ ਮਾਮਲਿਆਂ ਤੋਂ ਇਲਾਵਾ ਵੀ ਸੰਸਦ ਕੋਲ ਇਹ ਅਧਿਕਾਰ ਹੈ ਕਿ ਉਹ ਸਰਵ–ਉੱਚ ਅਦਾਲਤ ਨੂੰ ਫੌਜਦਾਰੀ ਮਾਮਲਿਆਂ ਸਬੰਧੀ ਅਪੀਲ ਸੁਣਨ ਦਾ ਅਧਿਕਾਰ ਦੇ ਸਕਦੀ ਹੈ । ਇਸ ਦੇ ਨਤੀਜੇ ਵਜੋਂ ਸੰਸਦ ਨੇ *1960* ਵਿੱਚ ਸਰਵ–ਉੱਚ ਅਦਾਲਤ (ਫੌਜਦਾਰੀ ਕੇਸਾਂ ਵਿੱਚ ਅਪੀਲੀ ਅਧਿਕਾਰ ਖੇਤਰ) ਐਕਟ ਪਾਸ ਕੀਤਾ ਇਸ ਐਕਟ ਨੇ ਸਰਵ–ਉੱਚ ਅਦਾਲਤ ਦੇ ਫੌਜਦਾਰੀ ਕੇਸਾਂ ਵਿੱਚ ਅਪੀਲੀ ਅਧਿਕਾਰ ਖੇਤਰ ਵਿਚ ਵਾਧਾ ਕਰ ਦਿੱਤਾ ਹੈ ਅਤੇ ਹੁਣ ਉਹਨਾਂ ਕੇਸਾਂ ਵਿਚ ਅਪੀਲ ਹੋ ਸਕਦੀ ਹੈ ਜਿਥੇ ਹਾਈਕੋਰਟ ਨੇ ਕਿਸੇ ਦੇ ਬਰੀ ਹੋਣ ਦੇ ਆਦੇਸ਼ ਨੂੰ ਰੱਦ ਕਰਕੇ ਉਸ ਨੂੰ *10* ਸਾਲਾਂ ਤੋਂ ਵੱਧ ਦੀ ਸਜ਼ਾ ਸੁਣਾਈ ਹੋਵੇ । ਇਹ ਗੱਲ ਅਜਿਹੇ ਕੇਸ ਤੇ ਲਾਗੂ ਹੁੰਦੀ ਹੈ ਜਿਹੜਾ ਕਿ ਹਾਈਕੋਰਟ ਨੇ ਆਪਣੇ ਵਿਚਾਰ ਹਿਤ ਕਿਸੇ ਹੇਠਲੀ ਅਦਾਲਤ ਵਿਚੋਂ ਲਿਆ ਹੋਵੇ ਅਤੇ ਉਸ ਵਿੱਚ ਅਜਿਹੀ ਸਜ਼ਾ ਸੁਣਾਈ ਹੋਵੇ ।

2.6.10 ਅਪੀਲ ਲਈ ਵਿਸ਼ੇਸ਼ ਆਗਿਆ : ਅਨੁਛੇਦ *136* ਅਨੁਸਾਰ ਸਰਵ–ਉੱਚ ਅਦਾਲਤ ਕਿਸੇ ਅਦਾਲਤ ਜਾਂ ਟ੍ਰਿਬਿਊਨਲ ਦੇ ਕਿਸੇ ਨਿਰਣੇ, ਡਿਗਰੀ, ਪਰਿਮਮਾਣ ਸਜ਼ਾ ਜਾਂ ਆਦੇਸ਼ ਸਬੰਧੀ ਸਰਵ–ਉੱਚ ਅਦਾਲਤ ਵਿੱਚ ਅਪੀਲ ਕਰਨ ਲਈ ਵਿਸ਼ੇਸ਼ ਆਗਿਆ ਦੇਣ ਦੀਆਂ ਵਿਸ਼ਾਲ ਅਖਤਿਆਰੀ ਸ਼ਕਤੀਆਂ ਰੱਖਦੀ ਹੈ । ਇਸ ਦਾ ਇਕੋ ਇਕ ਅਪਵਾਦ ਹੈ ਕਿ ਹਥਿਆਰਬੰਦ ਫੌਜਾਂ ਸਬੰਧੀ ਕਿਸੇ ਕਾਨੂੰਨ ਦੇ ਅੰਤਰਗਤ ਗਠਿਤ ਕਿਸੇ ਅਦਾਲਤ ਜਾਂ ਟ੍ਰਿਬਿਊਨਲ ਦੇ ਫੈਸਲਿਆਂ ਸਬੰਧੀ ਉਹ ਅਜਿਹਾ ਨਹੀਂ ਕਰ ਸਕਦੀ । ਅਨੁਛੇਦ *136* ਰਾਹੀਂ ਦਿੱਤੇ ਗਏ ਵਿਸ਼ੇਸ਼ ਜਾਂ ਅਵਿਸ਼ੇਸ਼ ਪ੍ਰਕਾਰ ਦੇ ਹਨ ਜਿਹੜੇ ਕਿ ਆਮ ਕਾਨੂੰਨ ਦੇ ਵਿਚਾਰ ਖੇਤਰ ਤੋਂ ਬਾਹਰ ਅਜਿਹੇ ਕੇਸਾਂ ਵਿਚ ਵਰਣਨਯੋਗ ਹਨ ਜਿਥੇ ਕਿ ਨਿਆਂਇ ਇਸ ਗੱਲ ਦੀ ਮੰਗ ਕਰਦਾ ਹੈ ਕਿ ਸਰਵ–ਉੱਚ ਅਦਾਲਤ ਇਸ ਮਾਮਲੇ ਵਿਚ ਦਖਲ ਦੇਵੇ ਫਿਰ ਵੀ ਸਰਵ–ਉੱਚ ਅਦਾਲਤ ਅਪੀਲ ਦੀ ਵਿਸ਼ੇਸ਼ ਆਗਿਆ ਉਦੋਂ ਤਕ ਨਹੀਂ ਦਿੰਦੀ ਜਦੋਂ ਤਕ ਕਿ ਇਸ ਰਾਹੀਂ ਭਾਰੂ ਨਿਰੀਖਣੀ ਅਧਿਕਾਰ ਖੇਤਰ ਦੇ ਪ੍ਰਯੋਗ ਕਰਨ ਦੀ ਮੰਗ ਕਰਨ ਵਾਲੇ ਕੋਈ ਵਿਸ਼ੇਸ਼ ਕਾਰਣ ਜਾਂ ਪਰਸਿਥਤੀਆਂ ਨਾ ਹੋਣ । ਅਨੁਛੇਦ *136* ਕਿਸੇ ਨੂੰ ਵੀ ਅਪੀਲ ਦਾ ਅਧਿਕਾਰ ਨਹੀਂ ਦਿੰਦਾ, ਇਹ ਕੇਵਲ ਸਰਵ–ਉੱਚ ਅਦਾਲਤ ਨੂੰ ਅਖਤਿਆਰ ਸ਼ਕਤੀਆਂ ਦਿੰਦਾ ਹੈ ਕਿ ਉਹ ਨਿਆਂਇ ਦੀ ਗਲਤ ਵਰਤੋਂ ਵਾਲੇ ਗੰਭੀਰ ਕੇਸਾਂ ਵਿੱਚ ਵਿਸ਼ੇਸ਼ ਆਗਿਆ ਦੇ ਸਕੇ ਨਿਆਂਇ ਦੀ ਗਲਤ ਵਰਤੋਂ ਰਾਹੀਂ ਸਥਾਪਤ ਪ੍ਰਕਿਾਵਾਂ ਨੂੰ ਨਾ ਅਪਨਾਉਣ ਤੋਂ ਵੀ ਹੋ ਸਕਦੀ ਹੈ । ਹਾਈ ਕੋਰਟ ਦੇ ਦੀਵਾਨੀ ਫੌਜਦਾਰੀ ਅਤੇ ਹੋਰ ਮਾਮਲਿਆਂ ਵਿੱਚ ਨਿਰਣਿਆਂ, ਡਿਗਰੀਆਂ ਨਿਰਧਾਰਣਾ ਅਤੇ ਸਜਾਵਾਂ ਤੋਂ ਇਲਾਵਾ ਸਰਵ–ਉੱਚ ਅਦਾਲਤ ਵਿਭਿੰਨ ਪ੍ਰਬੰਧਕੀ ਟ੍ਰਿਬਿਊਨਲਾਂ ਜਿਵੇਂ ਕਿ ਉਦਯੋਗਿਕ, ਇਵਜਾਨਾਂ ਟ੍ਰਿਬਿਊਨਲ ਆਦਿ ਦੇ ਨਿਰਣਿਆਂ ਅਤੇ ਫੈਸਲਿਆਂ ਸਬੰਧੀ ਵੀ ਅਪੀਲ ਦਾਖਲ ਕਰ ਸਕਦਾ ਹੈ ।

2.6.11 ਸਲਾਹਕਾਰੀ ਅਧਿਕਾਰ ਖੇਤਰ : ਅਨੁਛੇਦ *143* ਅਨੁਸਾਰ ਜੇ ਕਿਸੇ ਵੀ ਸਮੇਂ ਰਾਸ਼ਟਰਪਤੀ ਨੂੰ ਇਹ ਮਹਿਸੂਸ ਹੋਵੇ ਕਿ ਕੋਈ ਅਜਿਹਾ ਕਾਨੂੰਨੀ ਪ੍ਰਸ਼ਨ ਪੈਦਾ ਹੋ ਗਿਆ ਹੈ ਜਾਂ ਹੋਣ ਦੀ ਸੰਭਾਵਨਾ ਹੈ ਜਿਹੜੀ ਅਜਿਹੀ ਪ੍ਰਕ੍ਰਿਤੀ ਅਤੇ ਅਜਿਹੇ ਜਨਤਕ ਮਹੱਤਵ ਦਾ ਹੈ ਕਿ ਇਸ ਉਤੇ ਸਰਵ–ਉੱਚ ਅਦਾਲਤ ਦੀ ਫੌਰੀ ਰਾਇ ਲੈਣ ਦੀ ਜ਼ਰੂਰਤ ਹੈ ਤਾਂ ਰਾਸ਼ਟਰਪਤੀ ਅਜਿਹਾ ਮਾਮਲਾ ਸਰਵ–ਉੱਚ ਅਦਾਲਤ ਨੂੰ ਭੇਜ ਸਕਦੀ ਹੈ ਅਤੇ ਅਦਾਲਤ ਅਜਿਹੀ ਸੁਣਵਾਈ ਤੋਂ ਪਿਛੋਂ, ਜੋ ਉਸ ਨੂੰ ਉਚਿਤ ਲੱਗੇ, ਆਪਣੀ ਰਾਇ ਰਾਸ਼ਟਰਪਤੀ ਨੂੰ ਭੇਜ ਦਿੰਦੀ ਹੈ । ਇਸ ਦਾ ਅਰਥ ਇਹ ਹੈ ਕਿ ਅਮਰੀਕਾ ਦੀ ਸਰਵ–ਉੱਚ ਅਦਾਲਤ ਬ੍ਰਿਟੇਨ ਦੇ ਹਾਊਸ ਆਫ ਲਾਰਡਜ਼ ਤੇ ਅਸਟਰੇਲੀਅਨ ਹਾਈਕੋਰਟ ਤੋ ਂ ਉਲਟ ਸਾਡੀ ਸਰਵ–ਉਚ ਅਦਾਲਤ ਕੋਲ ਸਲਾਹਕਾਰੀ ਅਧਿਕਾਰ ਖੇਤਰ ਵੀ ਹੈ । ਇਥੇ ਇਹ ਵੀ ਦੱਸਿਆ ਜਾ ਸਕਦਾ ਹੈ ਕਿ ਅਮਰੀਕਾ ਦੇ ਕੁਝ ਰਾਜਾਂ ਦੀਆਂ ਅਦਾਲਤਾਂ ਅਤੇ ਕੈਨੇਡਾ ਦੀ ਸਰਵ–ਉੱਚ ਅਦਾਲਤ ਕੋਲ ਅਜਿਹਾ ਅਧਿਕਾਰ ਖੇਤਰ ਹੈ । ਸਲਾਹਕਾਰੀ ਅਧਿਕਾਰ ਖੇਤਰ ਦਾ ਅਰਥ ਹੈ ਕਿ ਜੇ ਰਾਸ਼ਟਰਪਤੀ ਇਹ ਅਨੁਭਵ ਕਰੇ ਕਿ ਕੋਈ ਕਾਨੂੰਨੀ ਪ੍ਰਸ਼ਨ ਅਜਿਹੀ ਪ੍ਰਾਕ੍ਰਿਤੀ ਅਤੇ ਲੋਕ ਅਹਿਮੀਅਤ ਦਾ ਹੈ ਕਿ ਉਸ ਸੰਬੰਧੀ ਸਰਵ–ਉੱਚ ਅਦਾਲਤ ਦੀ ਰਾਇ ਲੈਣਾ ਜ਼ਰੂਰੀ ਹੈ ਤਾਂ ਉਹ ਅਜਿਹਾ ਮਸਲਾ ਸਰਵ–ਉੱਚ ਅਦਾਲਤ ਨੂੰ ਉਸ ਦੀ ਸਲਾਹ ਲਈ ਭੇਜ ਸਕਦਾ ਹੈ । ਇਹ ਸਰਵ–ਉੱਚ ਅਦਾਲਤ ਦੇ ਨਿਆਇ ਨਿਰਣੇ ਕਰਨ ਤੋਂ ਇਸ ਦ੍ਰਿਸ਼ਟੀ ਤੋਂ ਵੱਖਰਾ ਹੈ ਕਿ ਇਸ ਸਥਿਤੀ ਵਿੱਚ ਦੋ ਧਿਰਾਂ ਵਿਚਕਾਰ ਕੋਈ ਮੁਕੱਦਮਾ ਨਹੀਂ ਹੁੰਦਾ ਅਤੇ

ਅਜਿਹੀ ਸਥਿਤੀ ਵਿਚ ਸਰਵ–ਉੱਚ ਅਦਾਲਤ ਰਾਹੀਂ ਦਿੱਤੀ ਗਈ ਰਾਇ ਨੂੰ ਮੰਨਣਾ ਉਸ ਲਈ ਆਪ ਵੀ ਜ਼ਰੂਰੀ ਨਹੀਂ ਹੁੰਦਾ ਅਤੇ ਇਸ ਤੋਂ ਇਲਾਵਾ ਇਸ ਰਾਇ ਨੂੰ ਸਰਵ–ਉੱਚ ਅਦਾਲਤ ਦੇ ਫੈਸਲੇ ਵਜੋਂ ਨਹੀਂ ਮੰਨਿਆ ਜਾ ਸਕਦਾ। ਦੂਜੇ ਸ਼ਬਦਾਂ ਵਿੱਚ ਇਸ ਪੱਖੋਂ ਅਦਾਲਤ ਨੂੰ ਸੌਂਪੇ ਗਏ ਅਧਿਕਾਰ ਸਰਵ–ਉੱਚ ਅਦਾਲਤ ਦੇ ਉਪਚਾਰਕ ਰੂਪ ਵਿੱਚ ਕਿਸੇ ਮੁਕੱਦਮੇ ਨੂੰ ਸੁਣਨ ਦੇ ਅਧਿਕਾਰ ਨਹੀਂ ਹਨ ਪਰੰਤੂ ਰਸ਼ਟਰਪਤੀ ਰਾਹੀਂ ਕਿਸੇ ਲੋਕ ਮਹੱਤਵ ਦੇ ਪ੍ਰਸ਼ਨ ਤੇ ਆਪਣੀ ਰਾਇ ਦੇਣ ਦੀ ਇਖਤਿਆਰੀ ਸ਼ਕਤੀ ਹੈ ਕਿਉਂਕਿ ਸਰਵ–ਉੱਚ ਅਦਾਲਤ ਰਾਹੀਂ ਇੰਜ ਦਿੱਤੀ ਗਈ ਰਾਇ ਨਿਆਇਕ ਘੋਸ਼ਣਾ ਨਹੀਂ ਹੈ, ਇਸ ਲਈ ਸਪੱਸ਼ਟ ਹੈ ਕਿ *143* ਅਨੁਛੇਦ ਦੇ ਅੰਤਰਗਤ ਇੰਜ ਦਿੱਤੀ ਗਈ ਨਿਆਇਕ ਘੋਸ਼ਣਾ ਨਹੀਂ ਹੈ, ਕਿਉਂਕਿ ਇਸ ਅਨੁਛੇਦ ਅਨੁਸਾਰ ਸਰਵ–ਉੱਚ ਅਦਾਲਤ ਰਾਹੀਂ ਦਿੱਤੀ ਗਈ ਰਾਇ ਸਲਾਹਕਾਰੀ ਹੈ ਅਤੇ ਸਰਕਾਰ ਇਸ ਮਾਮਲੇ ਵਿੱਚ ਕੋਈ ਕਾਰਵਾਈ ਕਰਨ ਲੱਗਿਆਂ ਇਸ ਨੂੰ ਧਿਆਨ ਵਿੱਚ ਰੱਖ ਸਕਦੀ ਹੈ ਪਰੰਤੂ ਸਰਕਾਰ ਲਈ ਸਰਵ–ਉੱਚ ਅਦਾਲਤ ਦੀ ਰਾਇ ਅਨੁਸਾਰ ਕਾਰਜ ਕਰਨਾ ਆਵੱਸ਼ਕ ਨਹੀਂ।

2.6.12 ਆਪਣੇ ਫੈਸਲਿਆਂ ਬਾਰੇ ਪੁਨਰ ਵਿਚਾਰ ਕਰਨ ਦਾ ਅਧਿਕਾਰ: ਭਾਰਤੀ ਸੰਵਿਧਾਨ ਦੇ ਅਨੁਛੇਦ *137* ਅਨੁਸਾਰ, ਸਰਵ–ਉੱਚ ਅਦਾਲਤ ਕੋਲ ਇਹ ਅਧਿਕਾਰ ਹੈ ਕਿ ਉਹ ਆਪਣੇ ਨਿਰਣਿਆਂ ਅਤੇ ਆਦੇਸ਼ਾਂ ਬਾਰੇ ਪੁਨਰ ਵਿਚਾਰ ਕਰ ਸਕਦੀ ਹੈ ਜਾਂ ਇਹਨਾਂ ਨੂੰ ਦੋਹਰਾ ਸਕਦੀ ਹੈ। ਬੰਗਾਲ ਇਮੀਓਸਿਟੀ ਅਤੇ ਕੰਪਨੀ ਲਿਮਟਿਡ ਬਨਾਮ ਬਿਹਾਰ ਰਾਜ ਦੇ ਸੰਬੰਧ ਵਿੱਚ ਸਰਵ–ਉੱਚ ਅਦਾਲਤ ਨੇ ਇਹ ਨਿਰਣਾ ਦਿੱਤਾ ਕਿ ਭਾਰਤੀ ਸੰਵਿਧਾਨ ਵਿੱਚ ਕੁਝ ਵੀ ਅਜਿਹਾ ਨਹੀਂ ਹੈ ਜਿਹੜਾ ਸਰਵ–ਉੱਚ ਅਦਾਲਤ ਨੂੰ ਆਪਣੇ ਪਹਿਲੇ ਨਿਰਣੇ ਤੋਂ ਵਿਰੋਧੀ ਨਿਰਣਾ ਕਰਨ ਤੋਂ ਰੋਕ ਸਕੇ ਜੇ ਉਸਨੂੰ ਇਹ ਯਕੀਨ ਹੋ ਜਾਵੇ ਕਿ ਉਸ ਨੇ ਗਲਤੀ ਕੀਤੀ ਹੈ ਅਤੇ ਇਸ ਦਾ ਜਨ ਹਿਤ ਉਪਰ ਵਿਨਾਸ਼ਕਾਰੀ ਪ੍ਰਭਾਵ ਪੈ ਸਕਦਾ ਹੈ। ਪੱਛਮੀ ਬੰਗਾਲ ਬਨਾਮ ਕਲੱਕਤਾ ਨਿਗਮ ਦੇ ਮੁਕੱਦਮੇ ਵਿੱਚ ਸਰਵ–ਉੱਚ ਅਦਾਲਤ ਨੇ ਇਹ ਨਿਰਣਾ ਦਿੱਤਾ ਹੈ ਕਿ ਜਿਹੜੇ ਸੰਵਿਧਾਨਿਕ ਮਸਲਿਆਂ ਦਾ ਦੇਸ਼ ਦੀ ਨੀਤੀ ਉੱਤੇ ਪ੍ਰਭਾਵ ਪੈਂਦਾ ਹੈ, ਕਾਨੂੰਨ ਦੀਆਂ ਹੋਰਨਾਂ ਸ਼ਾਖਾਵਾਂ ਦੇ ਮੁਕਾਬਲੇ ਇਹਨਾਂ ਵਿਚ ਉਸ ਨੂੰ ਫਰਾਖਦਿਲੀ ਨਾਲ ਆਪਣੇ ਨਿਰਣਿਆਂ ਨੂੰ ਠੀਕ ਕਰ ਲੈਣਾ ਚਾਹੀਦਾ ਹੈ ਕਿਉਂਕਿ ਅਜਿਹਾ ਕਰਨਾ ਜਨਹਿਤ ਲਈ ਹਾਨੀਕਾਰਕ ਹੋ ਸਕਦਾ ਹੈ। ਜਿਥੇ ਨਿਰੰਤਰਤਾ ਅਤੇ ਸਥਿਰਤਾ ਕਾਨੂੰਨ ਦੇ ਰਾਜ ਦੀ ਸਥਾਪਨਾ ਲਈ ਜ਼ਰੂਰੀ ਹੈ ਉਥੇ ਵਿਚਲਣ ਤੋਂ ਝਿਜਕ ਇਸ ਦੇ ਵਿਕਾਸ ਵਿੱਚ ਵਾਧਾ ਉਤਪੰਨ ਕਰ ਦੇਵੇਗਾ। ਇਸ ਤਰ੍ਹਾਂ ਸਪੱਸ਼ਟ ਹੈ ਕਿ ਅਨੁਛੇਦ *141* ਅਨੁਸਾਰ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਹੈ ਸਰਵ–ਉੱਚ ਅਦਾਲਤ ਰਾਹੀਂ ਘੋਸ਼ਿਤ ਕਾਨੂੰਨੀ ਭਾਰਤੀ ਸੀਮਾ ਦੀਆਂ ਸਾਰੀਆਂ ਅਦਾਲਤਾਂ ਲਈ ਮੰਨਣਾ ਲਾਜ਼ਮੀ ਹੋਵੇਗਾ, ਪਰ ਇਸ ਦਾ ਭਾਵ ਸਰਵ–ਉੱਚ ਅਦਾਲਤ ਤੋਂ ਬਗੈਰ ਬਾਕੀ ਅਦਾਲਤਾਂ ਲਈ ਹੈ।

2.6.13 ਮੁਕੱਦਮੇ ਦੀ ਤਬਦੀਲੀ ਸੰਬਧੀ ਅਧਿਕਾਰ : ਸੰਵਿਧਾਨ ਦੀ *42*ਵੀਂ ਸੋਧ ਵਿਚ ਇਕ ਨਵਾਂ ਅਨੁਛੇਦ *139* A ਸ਼ਾਮਿਲ ਕੀਤਾ ਹੈ। ਇਸ ਨਵੇਂ ਅਨੁਛੇਦ ਅਨੁਸਾਰ, ਜੇ ਭਾਰਤ ਦੇ ਅਟਾਰਨੀ–ਜਨਰਲ ਦੀ ਬੇਨਤੀ ਤੇ, ਸਰਵ–ਉੱਚ ਅਦਾਲਤ ਇਸ ਪ੍ਰਤਿ ਸੰਤੁਸ਼ਟ ਹੋ ਜਾਂਦੀ ਹੈ ਕਿ ਉਸ ਦੇ ਸਨਮੁਖ ਅਤੇ ਇਕ ਜਾਂ ਵਧੇਰੇ ਹਾਈਕੋਰਟ ਦੇ ਸਨਮੁੱਖ ਇਕੋ ਜਾਂ ਕਾਫੀ ਹੱਦ ਤੱਕ ਇਕੋ ਜਿਹੇ ਕਾਨੂੰਨ ਨੁਕਤਿਆਂ ਨਾਲ ਸਬੰਧਿਤ ਹਨ ਅਤੇ ਇਹਨਾਂ ਨੁਕਤਿਆਂ ਨੂੰ ਹਾਈਕੋਰਟ ਤੋਂ ਵਾਪਿਸ ਲੈ ਸਕਦੀ ਹੈ ਅਤੇ ਆਪ ਹੀ ਸਾਰੇ ਕੇਸਾਂ ਦਾ ਨਿਪਟਾਰਾ ਕਰ ਸਕਦੀ ਹੈ। ਸਰਵ–ਉੱਚ ਅਦਾਲਤ ਜੇ ਇਨਸਾਫ ਦੀ ਖਾਤਰ ਜ਼ਰੂਰੀ ਸਮਝੇ ਤਾਂ ਕਿਸੇ ਵੀ ਹਾਈਕੋਰਟ ਦੇ ਵਿਚਾਰ ਅਧੀਨ ਮੁੱਕਦਮੇ ਨੂੰ ਕਿਸੇ ਹੋਰ ਹਾਈਕੋਰਟ ਵਿੱਚ ਤਬਦੀਲ ਕਰ ਸਕਦੀ ਹੈ। ਖਾਸ ਮੁੱਕਦਮਿਆਂ ਦੀ ਤਬਦੀਲੀ ਦੇ ਇਸ ਅਧਿਕਾਰ ਨੂੰ ਸਰਵ–ਉੱਚ ਅਦਾਲਤ ਦੇ ਵਕਾਰ ਅਤੇ ਪ੍ਰਭਾਵ ਵਿੱਚ ਵਾਧਾ ਕਰ ਦਿੱਤਾ ਹੈ।

2.6.14 ਅਭਿਲੇਖ ਅਦਾਲਤ : ਸੰਵਿਧਾਨ ਦੇ ਅਨੁਛੇਦ *129* ਅਨੁਸਾਰ ਸਰਵ–ਉੱਚ ਅਦਾਲਤ ਇਕ ਅਭਿਲੇਖ ਅਦਾਲਤ ਦੱਸਣਾ ਉਚਿਤ ਹੋਵੇਗਾ ਕਿ ਉਪਰੋਕਤ ਕੇਸਾਂ ਵਿੱਚ ਸਰਵ–ਉੱਚ ਅਦਾਲਤ ਦਾ ਇਹ ਅਧਿਕਾਰ ਖੇਤਰ ਨਿਮਨਲਿਖਤ ਯੋਗਤਾਵਾਂ ਅਤੇ ਸੀਮਾਵਾਂ ਦੇ ਪ੍ਰਸੰਗ ਵਿਚ ਹੀ ਸੰਭਵ ਹੈ।

(i) ਝਗੜਾ ਅਜਿਹਾ ਹੋਣਾ ਚਾਹੀਦਾ ਹੈ ਜਿਸ ਦਾ ਸੰਬੰਧ ਕਾਨੂੰਨੀ ਅਧਿਕਾਰਾਂ ਦੀ ਹੋਂਦ ਜਾਂ ਸੀਮਾ ਨਾਲ ਹੋਵੇ।

ਸਧਾਰਣ ਸ਼ਬਦਾਂ ਵਿਚ ਝਗੜਾ ਕਾਨੂੰਨੀ ਪ੍ਰਕ੍ਰਿਤੀ ਦਾ ਹੋਵੇ ਅਤੇ ਰਾਜਨੀਤਿਕ ਨਾ ਹੋਵੇ ।

(ii) ਸਰਵ–ਉੱਚ ਅਦਾਲਤ ਦੇ ਪ੍ਰਾਰੰਭਿਕ ਅਧਿਕਾਰ ਖੇਤਰ ਵਿਚ ਉਹ ਝਗੜੇ ਨਹੀਂ ਆਉਂਦੇ ਜਿਹੜੇ ਕਿਸੇ ਸੰਧੀ ਸਮਝੌਤੇ, ਇਕਰਾਰ, ਸਨਦ ਜਾਂ ਅਜਿਹੀਆਂ ਹੋਰ ਗੱਲਾਂ ਨਾਲ ਸੰਬੰਧਿਤ ਹਨ ਜਿਹੜੀਆਂ ਕਿ ਸੰਵਿਧਾਨ ਦੇ ਲਾਗੂ ਹੋਣ ਤੋਂ ਪਹਿਲਾਂ ਲਾਗੂ ਹੋ ਚੁੱਕੀਆਂ ਸਨ ਅਤੇ ਜੋ ਸੰਵਿਧਾਨ ਦੇ ਲਾਗੂ ਹੋਣ ਤੋਂ ਪਿਛੋਂ ਜਾਰੀ ਰਹਿਣਗੀਆਂ ਜਾਂ ਜਿਹਨਾਂ ਵਿੱਚ ਇਹ ਕਿਹਾ ਗਿਆ ਹੋਵੇ ਕਿ ਸੰਵਿਧਾਨ ਦਾ ਅਧਿਕਾਰ ਖੇਤਰ ਇਹਨਾਂ ਝਗੜਿਆਂ ਤੇ ਲਾਗੂ ਨਹੀਂ ਹੋਵੇਗਾ ।

(iii) ਸੰਵਿਧਾਨ ਦੇ ਅਨੁਛੇਦ 262 ਅਨੁਸਾਰ ਸੰਸਦ ਕਾਨੂੰਨ ਬਣਾ ਕੇ ਸਰਵ–ਉੱਚ ਅਦਾਲਤ ਦੇ ਅਧਿਕਾਰ ਖੇਤਰ ਵਿਚੋਂ ਕਿਸੇ ਵੀ ਅੰਤਰ–ਰਾਜੀ ਦਰਿਆਈ–ਘਾਟੀ ਦੇ ਪਾਣੀਆਂ ਦੀ ਵਰਤੋਂ, ਵੰਡ ਅਤੇ ਨਿਯੰਤਰਣ ਸਬੰਧੀ ਝਗੜਿਆਂ ਜਾਂ ਸ਼ਿਕਾਇਤਾਂ ਤੋਂ ਬਾਹਰ ਕੱਢ ਸਕਦੀ ਹੈ ।

(iv) ਸੰਵਿਧਾਨ ਦੇ ਅਨੁਛੇਦ 280 ਅਨੁਸਾਰ ਵਿੱਤ ਕਮਿਸ਼ਨ ਦੇ ਅਧੀਨ ਮਸਲੇ ਵੀ ਸਰਵ–ਉੱਚ ਅਦਾਲਤ ਦੇ ਅਧਿਕਾਰ ਖੇਤਰ ਤੋਂ ਬਾਹਰ ਹੋਣਗੇ ।

ਸੰਵਿਧਾਨ ਦਾ ਅਨੁਛੇਦ 32 ਇਹ ਯਕੀਨੀ ਬਣਾਉਂਦਾ ਹੈ ਕਿ ਸੰਵਿਧਾਨ ਦੇ ਭਾਗ iii ਵਿੱਚ ਦਿੱਤੇ ਗਏ ਅਧਿਕਾਰਾਂ ਨੂੰ ਲਾਗੂ ਕਰਵਾਉਣ ਲਈ ਉਚਿਤ ਵਿਧੀ ਅਨੁਸਾਰ ਸਰਵ–ਉੱਚ ਅਦਾਲਤ ਵਿੱਚ ਜਾਣ ਦਾ ਅਧਿਕਾਰ ਹੈ । ਇਹ ਵੀ ਨਿਸ਼ਚਿਤ ਕੀਤਾ ਗਿਆ ਹੈ ਕਿ ਸਰਵ–ਉੱਚ ਅਦਾਲਤ ਨੂੰ ਸੰਵਿਧਾਨ ਦੇ ਭਾਗ iii ਵਿੱਚ ਦਿੱਤੇ ਗਏ ਅਧਿਕਾਰਾਂ ਨੂੰ ਲਾਗੂ ਕਰਵਾਉਣ ਲਈ ਨਿਰਦੇਸ਼ਨ ਜਾਂ ਆਦੇਸ਼ ਜਾਂ ਰਿਟ ਕਰਨ ਦਾ ਅਧਿਕਾਰ ਹੈ । ਅਨੁਛੇਦ 32 ਦੇ ਅੰਤਰਗਤ ਸਰਵ–ਉੱਚ ਅਦਾਲਤ ਰਾਹੀਂ ਮੌਲਿਕ ਅਧਿਕਾਰਾਂ ਨੂੰ ਲਾਗੂ ਕਰਵਾਉਣ ਸੰਬੰਧੀ ਸੰਵਿਧਾਨਕ ਰਿਟ ਲਾਗੂ ਕਰਨ ਦੇ ਅਧਿਕਾਰ ਨੂੰ ਕਦੇ ਕਦੇ ਕਾਨੂੰਨ ਸ਼ਾਸਤਰੀ ਸਰਵ–ਉੱਚ ਅਦਾਲਤ ਦੇ ਪ੍ਰਾਰੰਭਿਕ ਅਧਿਕਾਰ ਖੇਤਰ ਦੇ ਅੰਤਰਗਤ ਮੰਨਦੇ ਹਨ । ਬਿਨਾਂ ਸ਼ੱਕ ਇਹ ਅਧਿਕਾਰ ਖੇਤਰ ਇਸ ਪੱਖੋਂ ਪ੍ਰਾਰੰਭਿਕ ਹੀ ਹੈ ਕਿ ਪੀੜਤ ਧਿਰ ਨੂੰ ਕਿਸੇ ਹਾਈਕੋਰਟ ਰਾਹੀਂ ਆਉਣ ਦੀ ਥਾਂ ਸਰਵ–ਉੱਚ ਅਦਾਲਤ ਵਿਚ ਸਿਧੀ ਅਰਜ਼ੀ ਦੇਣ ਦਾ ਅਧਿਕਾਰ ਹੈ । ਪਰੰਤੂ ਇਸ ਅਧਿਕਾਰ ਖੇਤਰ ਦੇ ਅਨੁਛੇਦ 131 ਦੇ ਅੰਤਰਗਤ ਅਧਿਕਾਰ ਖੇਤਰ ਨਾਲ ਕੋਈ ਸਮਾਨਤਾ ਨਹੀਂ ਕਿਉਂਕਿ ਅਨੁਛੇਦ 32 ਦੇ ਅੰਤਰਗਤ ਝਗੜੇ ਸੰਘ ਦੀਆਂ ਵਿਭਿੰਨ ਇਕਾਈਆਂ ਵਿਚਕਾਰ ਨਹੀਂ ਬਲਕਿ ਵਿਸ਼ੇਸ਼ ਵਿਅਕਤੀ ਅਤੇ ਸਰਕਾਰ ਜਾਂ ਉਸ ਦੇ ਵਿਭਾਗਾਂ ਵਿਚਕਾਰ ਹੁੰਦੇ ਹਨ । ਇਥੇ ਇਹ ਦੱਸਣਾ ਵੀ ਉਚਿਤ ਹੋਵੇਗਾ ਕਿ ਸੰਵਿਧਾਨ ਦੀ 42ਵੀਂ ਸੋਧ ਰਾਹੀਂ ਰਾਜ ਕਾਨੂੰਨ ਦੀ ਉਚਿਤਾਤ ਜਿਸ ਵਿਚ ਕੇਂਦਰੀ ਕਾਨੂੰਨ ਦੀ ਉਚਿਤਤਾ ਦਾ ਸੰਬੰਧ ਨਹੀਂ ਹੈ, ਨੂੰ ਸਰਵ–ਉੱਚ ਅਦਾਲਤ ਦੇ ਅਧਿਕਾਰ ਖੇਤਰ ਵਿਚੋਂ ਕੱਢ ਦਿੱਤਾ ਸੀ । ਇਸ ਦਾ ਅਰਥ ਇਹ ਹੋਇਆ ਕਿ ਮੌਲਿਕ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਰਾਜ–ਕਾਨੂੰਨ ਨੂੰ ਸਿੱਧਾ ਹੀ ਉੱਚ–ਅਦਾਲਤ ਵਿਚ ਚੈਲੰਜ ਨਹੀਂ ਕੀਤਾ ਜਾ ਸਕਦਾ ਪਰ ਸੰਵਿਧਾਨ ਦੀ 43ਵੀਂ ਸੋਧ ਰਾਹੀਂ ਅਨੁਛੇਦ 32 ਏ ਨੂੰ ਸੰਵਿਧਾਨ ਵਿਚੋਂ ਕੱਢ ਦਿੱਤਾ ਗਿਆ ਹੈ ਅਤੇ ਇਸ ਤਰ੍ਹਾਂ ਇਕ ਵਾਰੀ ਫਿਰ ਯਥਾ ਸਥਿਤੀ ਕਾਇਮ ਕਰ ਦਿੱਤੀ ਗਈ ਹੈ । ਇਸ ਦਾ ਅਰਥ ਇਹ ਹੈ ਕਿ ਹੁਣ ਸਰਵ–ਉੱਚ ਅਦਾਲਤ ਰਾਜ ਕਾਨੂੰਨ ਦੀ ਸੰਵਿਧਾਨਿਕ ਉਚਿੱਤਤਾ ਸੰਬੰਧੀ ਵੀ ਨਿਰਣਾ ਲੈ ਸਕਦੀ ਹੈ ।

2.6.15 ਅਪੀਲੀ ਅਧਿਕਾਰ ਖੇਤਰ : ਸਰਵ–ਉੱਚ ਅਦਾਲਤ ਦਾ ਅਪੀਲੀ ਅਧਿਕਾਰ ਖੇਤਰ ਨਿਮਨਲਿਖਤ ਚਾਰ ਸ਼ਰੇਣੀਆਂ ਤੇ ਲਾਗੂ ਹੁੰਦਾ ਹੈ ।

(i) ਅਜਿਹੇ ਕੇਸਾਂ ਦੇ ਨਿਪਟਾਰੇ ਲਈ ਜਿਥੇ ਸੰਵਿਧਾਨ ਦੇ ਕਿਸੇ ਕਾਨੂੰਨ ਦੀ ਵਿਆਖਿਆ ਦੀ ਲੋੜ ਹੋਵੇ (ਅਨੁਛੇਦ 132)

(ii) ਦੀਵਾਨੀ ਮੁਕੱਦਮੇ (ਅਨੁਛੇਦ 135)

(iii) ਫੌਜਦਾਰੀ ਮੁਕੱਦਮੇ (ਅਨੁਛੇਦ 134)

(iv) ਭਾਰਤ ਵਿੱਚ ਕਿਸੇ ਵੀ ਅਦਾਲਤ ਜਾਂ ਟ੍ਰਿਬਿਊਨਲ ਦੇ ਨਿਰਣਯ, ਆਦੇਸ਼ ਆਦਿ ਵਿਰੁੱਧ ਅਪੀਲ ਕਰਨ ਦੀ ਆਗਿਆ ਦਾ ਅਧਿਕਾਰ (ਅਨੁਛੇਦ 136)

(i) **ਸੰਵਿਧਾਨਿਕ ਮਾਮਲਿਆਂ ਵਿੱਚ ਅਪੀਲ**: ਸਰਵ–ਉੱਚ ਅਦਾਲਤ ਦਾ ਦੀਵਾਨੀ, ਫੌਜਦਾਰੀ ਜਾਂ ਹੋਰ

ਅਜਿਹੇ ਮਾਮਲਿਆਂ ਵਿੱਚ ਅਪੀਲੀ ਖੇਤਰ ਹੈ, ਇਹਨਾਂ ਵਿੱਚ ਸੰਵਿਧਾਨ ਦੇ ਕਿਸੇ ਉਪਬੰਧ ਦੀ ਵਿਆਖਿਆ ਦਾ ਪ੍ਰਸ਼ਨ ਉਠਾਇਆ ਗਿਆ ਹੋਵੇ । ਅਜਿਹੀ ਅਪੀਲ ਸਰਵ-ਉੱਚ ਅਦਾਲਤ ਦੇ ਸਨਮੁੱਖ ਉਦੋਂ ਆਉਂਦੀ ਹੈ ਜੇ ਹਾਈਕੋਰਟ ਇਹ ਪ੍ਰਮਾਣ ਪੱਤਰ ਦੇਵੇ ਕਿ ਇਸ ਕੇਸ ਵਿੱਚ ਸੰਵਿਧਾਨ ਦੀ ਵਿਆਖਿਆ ਦਾ ਪ੍ਰਸ਼ਨ ਜੁੜਿਆ ਹੋਇਆ ਹੈ ਪਰ ਜਦੋਂ ਕਿ ਹਾਈਕੋਰਟ ਅਜਿਹਾ ਪ੍ਰਮਾਣ-ਪੱਤਰ ਜਾਰੀ ਕਰਨ ਤੋਂ ਪਹਿਲਾਂ ਹਾਈਕੋਰਟ ਨੂੰ ਪੂਰੀ ਤਰ੍ਹਾਂ ਸੰਤੁਸ਼ਟ ਹੋਣਾ ਚਾਹੀਦਾ ਹੈ ਕਿ ਕੇਸ ਵਿੱਚ ਉਠਾਇਆ ਗਿਆ ਕਾਨੂੰਨ ਸਬੰਧੀ ਪ੍ਰਸ਼ਨ ਸੰਵਿਧਾਨ ਦੀ ਵਿਆਖਿਆ ਨਾਲ ਸੰਬੰਧਿਤ ਹੈ ।

(ii) ਦੀਵਾਨੀ ਮੁਕੱਦਮਿਆਂ ਵਿਚ ਅਪੀਲ : ਇਕ ਦੀਵਾਨੀ ਮੁਕੱਦਮੇ ਦਾ ਸੰਬੰਧ ਸੰਪਤੀ, ਵਿਆਜ, ਮੁਆਇਜੇ ਦੀਆਂ ਜ਼ਿੰਮੇਵਾਰੀਆਂ ਆਦਿ ਕਰਾਉਣ ਨਾਲ ਸੰਬੰਧਿਤ ਵਿਅਕਤੀਗਤ ਅਧਿਕਾਰਾਂ ਨਾਲ ਹੁੰਦਾ ਹੈ । ਕੋਡ ਆਫ਼ ਸਿਵਿਲ ਪਰੋਸੀਜ਼ਰ (Code of Civil Procedures) ਦੀ ਧਾਰਾ 8 ਅਨੁਸਾਰ ਦੀਵਾਨੀ ਝਗੜਿਆਂ ਦਾ ਸੰਬੰਧ ਸੰਪਤੀ ਦੇ ਅਧਿਕਾਰ ਜਾਂ ਅਹੁਦੇ ਦੇ ਪ੍ਰਸ਼ਨ ਨਾਲ ਸੰਬੰਧਿਤ ਹੁੰਦਾ ਹੈ । ਅਪੀਲ ਵਿਭਿੰਨ ਉੱਚ ਅਦਾਲਤ ਵਿੱਚ ਹੋ ਸਕਦੀ ਹੈ । 1972 ਵਿੱਚ ਸੰਵਿਧਾਨ ਦੀ 30ਵੀਂ ਸੋਧ ਦੀ ਪ੍ਰਵਾਨਗੀ ਤੋਂ ਪਹਿਲਾਂ ਅਨੁਛੇਦ 133 ਦੇ ਉਪਬੰਧਾਂ ਅਨੁਸਾਰ ਸਰਵ-ਉੱਚ ਅਦਾਲਤ ਹਾਈਕੋਰਟ ਦੇ ਨਿਰਣਯ, ਡਿਗਰੀ ਜਾਂ ਅੰਤਿਮ ਆਦੇਸ਼ ਬਾਰੇ ਅਪੀਲ ਤਾਂ ਹੀ ਹੋ ਸਕਦੀ ਸੀ ਜੇ ਹਾਈਕੋਰਟ ਇਹ ਪ੍ਰਮਾਣ ਪੱਤਰ ਦੇਵੇ ਕਿ (ੳ) ਝਗੜੇ ਦੀ ਵਸਤੂ ਦੀ ਕੀਮਤ ਪਹਿਲੀ ਅਦਾਲਤ ਅਤੇ ਅਪੀਲੀ ਅਦਾਲਤ ਦੋਹਾਂ ਵਿੱਚ 20,000 ਰੁਪਏ ਜਾਂ ਇਸ ਤੋਂ ਵੱਧ ਹੈ, ਜਾਂ (ਅ) ਨਿਰਣਾ, ਡਿਗਰੀ ਜਾਂ ਅੰਤਿਮ ਆਦੇਸ਼ ਅਨੁਸਾਰ 20,000 ਰੁਪਏ ਜਾਂ ਇਸ ਤੋਂ ਵੱਧ ਸੰਪਤੀ ਦੇ ਸੰਬੰਧ ਵਿਚ ਕਲੇਮ ਨੂੰ ਪ੍ਰਭਾਵਿਤ ਕਰਦਾ ਹੈ । ਇਸ ਤੋਂ ਘੱਟ ਕੀਮਤ ਦੇ ਮਾਮਲੇ ਵਿਚ ਸਰਵ-ਉੱਚ ਅਦਾਲਤ ਵਿੱਚ ਅਪੀਲ ਤਾਂ ਹੋ ਸਕਦੀ ਸੀ ਜੇਕਰ ਸੰਬੰਧਿਤ ਉੱਚ ਅਦਾਲਤ ਮੁਕੱਦਮੇ ਸਬੰਧੀ ਇਹ ਪ੍ਰਮਾਣ ਪੱਤਰ ਦੇਵੇ ਕਿ ਇਹ ਮੁਕੱਦਮਾ ਸਰਵ-ਉੱਚ ਅਦਾਲਤ ਵਿਚ ਅਪੀਲ ਦਰਜ ਦੇ ਯੋਗ ਹੈ । ਪ੍ਰੰਤੂ ਹੁਣ ਸੰਵਿਧਾਨ ਦੀ 30ਵੀਂ ਸੋਧ, 1972 ਰਾਹੀ ਇਹ ਉਪਬੰਧ ਸੋਧੇ ਗਏ ਹਨ । ਇਸ ਸੋਧ ਨੇ 133 ਅਨੁਛੇਦ ਵਿਚ ਇਕ ਨਵੀਂ ਧਾਰਾ (1) ਜੋੜ ਦਿੱਤੀ ਹੈ । ਸੋਧਿਕ ਧਾਰਾ ਅਨੁਸਾਰ ਇਕ ਦੀਵਾਨੀ ਅਪੀਲ ਸਰਵ-ਉੱਚ ਅਦਾਲਤ ਨੂੰ ਪੇਸ਼ ਕੀਤੀ ਜਾ ਸਕਦੀ ਹੈ ਜੇ ਸੰਬੰਧਿਤ ਹੈ ਅਤੇ (ਅ) ਇਸ ਦੇ ਵਿਚਾਰ ਅਨੁਸਾਰ ਪ੍ਰਸ਼ਨ ਦਾ ਸਰਵ-ਉੱਚ ਅਦਾਲਤ ਰਾਹੀਂ ਹੀ ਨਿਰਣਾ ਹੋਣਾ ਚਾਹੀਦਾ ਹੈ । ਤੀਹਵੀਂ ਸੋਧ ਨੇ ਇਸ ਤਰ੍ਹਾਂ ਉਹਨਾਂ ਕੇਸਾਂ ਦੇ ਮਹੱਤਵ ਨੂੰ ਸਵੀਕਾਰ ਕੀਤਾ ਹੈ ਜਿਹੜੇ ਕਾਨੂੰਨ ਦੀ ਕਿਸੇ ਵਿਆਖਿਆ ਨਾਲ ਸੰਬੰਧਿਤ ਹਨ ਅਤੇ ਇਸ ਤਰ੍ਹਾਂ ਅਪੀਲ ਲਈ ਮੁੱਲ ਦੀ ਸ਼ਰਤ ਨੂੰ ਅਸਵੀਕਾਰ ਕਰ ਦਿੱਤਾ ਹੈ । ਇਹ ਹੋਰ ਵੀ ਠੀਕ ਕਿਉਂਕਿ ਕੇਵਲ ਮੁੱਲ ਹੀ ਅਪੀਲ ਲਈ ਜ਼ਿੰਮੇਵਾਰੀ ਅਤੇ ਤਾਰਕਿਕ ਪੈਮਾਨਾ ਨਹੀਂ ਬਣਾਇਆ ਜਾ ਸਕਦਾ । ਕਾਨੂੰਨ ਦੇ ਮਹੱਤਵਪੂਰਨ ਪ੍ਰਸ਼ਨ ਤਾਂ ਘੱਟ ਮੁੱਲ ਦੇ ਮੁੱਕਦਮਿਆਂ ਵਿਚ ਵੀ ਉਤਪੰਨ ਹੋ ਸਕਦੇ ਹਨ ਅਤੇ ਉਹਨਾਂ ਨੂੰ ਕੇਵਲ ਘੱਟ ਮੁੱਲ ਦੇ ਅਧਾਰ ਤੇ ਦੇਸ਼ ਦੀ ਸਰਵ-ਉੱਚ ਅਦਾਲਤ ਵਿੱਚ ਜਾਣ ਤੋਂ ਰੋਕਣਾ ਉਹਨਾਂ ਨੂੰ ਨਿਆਇ ਦੀ ਪ੍ਰਾਪਤੀ ਤੋਂ ਰੋਕਣਾ ਹੈ । ਦੀਵਾਨੀ ਮੁੱਕਦਮਿਆਂ ਵਿੱਚ ਅਨੁਛੇਦ 136 ਦੇ ਅੰਤਰਗਤ ਅਦਾਲਤ ਦੀ ਵਿਸ਼ੇਸ਼ ਪ੍ਰਵਾਨਗੀ ਨਾਲ ਵੀ ਸਰਵ-ਉੱਚ ਅਦਾਲਤ ਵਿੱਚ ਅਪੀਲ ਕੀਤੀ ਜਾ ਸਕਦੀ ਹੈ ।

(iii) ਫੌਜਦਾਰੀ ਕੇਸਾਂ ਵਿੱਚ ਅਪੀਲ : ਵਰਤਮਾਨ ਸੰਵਿਧਾਨ ਦੇ ਲਾਗੂ ਹੋਣ ਤੋਂ ਪਹਿਲਾਂ ਫੌਜਦਾਰੀ ਮੁਕੱਦਮਿਆਂ ਵਿਚ ਹਾਈਕੋਰਟ ਤੋਂ ਅੱਗੇ ਅਪੀਲ ਸੁਣਨ ਵਾਲੀ ਕੋਈ ਅਦਾਲਤ ਨਹੀਂ ਸੀ । ਅਪੀਲ ਕੇਵਲ ਸੀਮਿਤ ਖੇਤਰਾਂ ਵਿੱਚ ਹੈ ਅਤੇ ਉਹ ਵੀ ਵਿਸ਼ੇਸ਼ ਪ੍ਰਵਾਨਗੀ ਨਾਲ ਹੀ ਹੁੰਦੀ ਹੈ । ਫੌਜਦਾਰੀ ਮਾਮਲਿਆਂ ਬਾਰੇ ਹਾਈਕੋਰਟ ਦੇ ਨਿਰਣਯ ਦੇ ਅੰਤਮ ਆਦੇਸ਼ ਸੰਬੰਧੀ ਅਪੀਲ ਵਿਸ਼ਿਸ਼ਟ ਸ਼ਰੇਣੀ ਹੋਵੇਗੀ ਅਤੇ ਇਸ ਕੋਲ ਆਪਣੇ ਅਪਮਾਨ ਲਈ ਸਜ਼ਾ ਦੇਣ ਦੇ ਅਧਿਕਾਰ ਸਮੇਤ ਅਜਿਹੀ ਅਦਾਲਤ ਦੇ ਸਾਰੇ ਅਧਿਕਾਰ ਹੋਣਗੇ । ਇਸ ਤਾ ਮਤਲਬ ਇਹ ਹੋਇਆ ਕਿ ਇਹ ਅਜਿਹੀ ਅਦਾਲਤ ਹੈ ਜਿਸ ਕੋਲੋਂ ਆਪਣਾ ਅਪਮਾਨ ਕਰਨ ਵਾਲੇ ਵਿਅਕਤੀ ਨੂੰ ਜੁਰਮਾਨਾ ਅਤੇ ਕੈਦ ਕਰਨ ਦਾ ਅਧਿਕਾਰ ਹੈ ਅਤੇ ਉਸ ਦੀ ਕਾਰਵਾਈ ਨੂੰ ਅੱਗੋਂ ਲਈ ਪ੍ਰਮਾਣ ਵਜੋਂ ਰਿਕਾਰਡ ਕੀਤਾ ਜਾਂਦਾ ਹੈ । ਅਜਿਹੀ ਅਦਾਲਤ ਦੇ ਰਿਕਾਰਡਾਂ ਨੂੰ ਸਾਂਭਿਆ ਜਾਂਦਾ ਹੈ ਕਿਉਂਕਿ ਇਹਨਾਂ ਦਾ ਪ੍ਰਮਾਣਕ ਮੁੱਖ ਹੁੰਦਾ ਹੈ ਅਤੇ ਉਹਨਾਂ ਵਿੱਚ

ਜੋ ਵੀ ਦਰਜ ਹੁੰਦਾ ਹੈ ਉਸ ਦਾ ਇਹ ਫੈਸਲਾ ਪ੍ਰਮਾਣ ਹੈ ।

(iv) **ਸਰਵ–ਉੱਚ ਅਦਾਲਤ ਦੇ ਫੈਸਲੇ ਸੰਬੰਧੀ ਨਿਯਮ** ਅਨੁਛੇਦ *145* ਦੇ ਅੰਤਰਗਤ ਸਰਵ–ਉੱਚ ਅਦਾਲਤ ਕੋਲ ਆਪਣੀ ਕਾਰਵਾਈ ਨੂੰ ਨਿਯੰਤਰਿਤ ਕਰਨ ਸਬੰਧੀ ਨਿਯਮ ਬਣਾਉਣ ਦਾ ਅਧਿਕਾਰ ਵੀ ਹੈ । ਸੰਸਦ ਦੀ ਵਿਧਾਨਕਾਰੀ ਸ਼ਕਤੀ ਅਤੇ ਸਰਵ–ਉੱਚ ਅਦਾਲਤ ਰਾਹੀਂ ਬਣਾਏ ਕੋਈ ਵੀ ਨਿਯਮ ਸੰਸਦ ਰਾਹੀਂ ਨਿਰਮਿਤ ਕਾਨੂੰਨਾਂ ਦੇ ਪ੍ਰਸੰਗ ਵਿਚ ਹੀ ਲਾਗੂ ਕੀਤੇ ਜਾ ਸਕਦੇ ਹਨ । ਨਿਰਧਾਰਿਤ ਨਿਯਮਾਂ ਅਨੁਸਾਰ ਇਕ ਮੁਕੱਦਮੇ ਨੂੰ ਸੁਣਨ ਤੋਂ ਪਿੱਛੋਂ ਅਦਾਲਤ ਜਾਂ ਤਾਂ ਖੁਲ੍ਹੀ ਅਦਾਲਤ ਵੱਿਚ ਉਸ ਸਮੇਂ ਹੀ ਆਪਣਾ ਨਿਰਣਾ ਸੁਣਾ ਦਿੰਦੀ ਹੈ ਅਤੇ ਜਾਂ ਕੋਈ ਹੋਰ ਤਰੀਕੇ ਮੁਕਰਰ ਕਰਕੇ ਅਤੇ ਸੰਬੰਧਿਤ ਧਿਰਾਂ ਨੂੰ ਉਚਿਤ ਸੂਚਨਾ ਦੇ ਕੇ ਨਿਰਣਾ ਸੁਣਾ ਸਕਦੀ ਹੈ ।ਅਦਾਲਤ ਵਿੱਚ ਸਮਿਲਿਤ ਜੱਜਾਂ ਦੇ ਬਹੁਮਤ ਰਾਹੀਂ ਨਿਰਣੇ ਤੇ ਪੁਜਿਆ ਜਾਂਦਾ ਹੈ ਅਤੇ ਇਹਨਾਂ ਵਿਚੋਂ ਕੋਈ ਵੀ ਜੱਜ ਨਿਰਣਾ ਪੜ੍ਹ ਕੇ ਸੁਣਾ ਸਕਦਾ ਹੈ । ਜਿਹੜਾ ਜੱਜ ਬਹੁਮਤ ਨਾਲ ਸਹਿਮਤ ਨਾ ਹੋਵੇ ਉਹ ਆਪਣਾ ਵਿਰੋਧੀ ਪੱਖ ਨੋਟ ਕਰਾ ਸਕਦਾ ਹੈ ।

2.6.16 ਨਿਆਇਕ ਉਪਬੰਧਾਂ ਉਤੇ *44*ਵੀਂ ਸੋਧ ਦਾ ਪ੍ਰਭਾਵ

ਸੰਵਿਧਾਨ ਦੀ *44*ਵੀਂ ਸੋਧ ਨੇ ਸਾਡੇ ਦੇਸ਼ ਦੇ ਨਿਆਂਇਕ ਢਾਂਚੇ ਵਿੱਚ ਮਹੱਤਵਪੂਰਣ ਪਰਿਵਰਤਨ ਲਿਆਂਦਾ ਹੈ ਅਤੇ ਇਸ ਨੇ ਅਜਿਹੀਆਂ ਕੁਝ ਅਸਪਸ਼ਟਤਾਵਾਂ ਨੂੰ ਦੂਰ ਕੀਤਾ ਹੈ ਜਿਹੜੀਆਂ ਕਿ ਸੰਵਿਧਾਨ ਦੀ *42*ਵੀਂ ਸੋਧ ਨਾਲ ਉਤਪੰਨ ਹੋਈਆਂ ਸਨ । ਅਸੀਂ ਇਹਨਾਂ ਪਰਿਵਰਤਨਾਂ ਨੂੰ ਸੰਖੇਪੀ ਵਿਚ ਹੇਠ ਲਿਖੇ ਅਨੁਸਾਰ ਪੇਸ਼ ਕਰ ਸਕਦੇ ਹਾਂ:

(i) ਹਾਈਕੋਰਟਾਂ ਲਈ ਹੁਣ ਇਹ ਜ਼ਰੂਰੀ ਹੈ ਕਿ ਉਹ ਆਪਣਾ ਨਿਰਣਾ ਦੇਣ ਤੋਂ ਫੌਰਨ ਬਾਅਦ ਹੀ ਸਰਵ–ਉੱਚ ਅਦਾਲਤ ਵਿੱਚ ਅਪੀਲ ਕਰਨ ਸਬੰਧੀ ਪ੍ਰਮਾਣ ਪੱਤਰ ਜਾਰੀ ਕਰਨ । ਇਸ ਸੰਬੰਧੀ ਕਿਸੇ ਵੀ ਧਿਰ ਵਜੋਂ ਜ਼ਬਾਨੀ ਬੇਨਤੀ ਕਰਨ ਤੇ ਵਿਚਾਰਿਆ ਜਾ ਸਕਦਾ ਹੈ ਅਤੇ ਜੇ ਹਾਈਕੋਰਟ ਠੀਕ ਸਮਝੇ ਤਾਂ ਆਪਣੇ ਆਪ ਵੀ ਅਜਿਹਾ ਕਰ ਸਕਦੀ ਹੈ ।

(ii) ਅਨੁਛੇਦ *132* ਵਿਚ ਸੋਧ ਹੋਣ ਤੋਂ ਪਿਛੋਂ ਅਨੁਛੇਦ *132* ਦੇ ਸਰਵ–ਉੱਚ ਅਦਾਲਤ ਰਾਹੀਂ ਉਹਨਾਂ ਕੇਸਾਂ ਵਿੱਚ ਜਿਹਨਾਂ ਵਿੱਚ ਹਾਈਕੋਰਟ ਨੇ ਪ੍ਰਮਾਣ ਪੱਤਰ ਜਾਰੀ ਕਰਨ ਤੋਂ ਇਨਕਾਰ ਕਰ ਦਿੱਤਾ ਹੋਵੇ ਅਪੀਲ ਕਰਨ ਦੀ ਵਿਸ਼ੇਸ਼ ਇਜਾਜ਼ਤ ਦੇਣ ਦਾ ਅਧਿਕਾਰ ਕੱਢ ਦਿੱਤਾ ਗਿਆ ਹੈ । ਸਰਵ–ਉੱਚ ਅਦਾਲਤ ਨੂੰ ਅਪੀਲ ਕਰਨ ਦੀ ਵਿਸ਼ੇਸ਼ ਇਜਾਜ਼ਤ ਦੇਣ ਦਾ ਅਧਿਕਾਰ ਕੱਢ ਦਿੱਤਾ ਗਿਆ ਹੈ । ਸਰਵ–ਉੱਚ ਅਦਾਲਤ ਨੂੰ ਅਪੀਲ ਕਰਨ ਦੀ ਵਿਸ਼ੇਸ਼ ਇਜਾਜ਼ਤ ਦੇ ਮਾਮਲੇ ਕੇਵਲ ਸੰਵਿਧਾਨ ਦੇ ਅਨੁਛੇਦ *136* ਰਾਹੀਂ ਹੀ ਨਿਯੰਤਰਿਤ ਕੀਤੇ ਜਾਣਗੇ ।

(iii) *42*ਵੀਂ ਸੋਧ ਰਾਹੀਂ ਕੀਤੇ ਗਏ ਅਨੁਛੇਦ *139* A ਤੋਂ ਹੁਣ ਸੱਪਸ਼ਟ ਹੋ ਗਿਆ ਹੈ ਕਿ ਉਹ ਕੋਈ ਧਿਰ ਨੂੰ ਇਕ ਮੁਕੱਦਮੇ ਜਾਂ ਇਕੋ ਪ੍ਰਾਕ੍ਰਿਤੀ ਦੇ ਮੁਕੱਦਮਿਆਂ ਵਿੱਚ ਸਰਵ–ਉੱਚ ਅਦਾਲਤ ਅੱਗੇ ਅਪੀਲ ਕਰਨ ਦੇ ਯੋਗ ਬਣਾਉਂਦਾ ਹੈ । ਇਸ ਤੋਂ ਪਹਿਲਾਂ ਇਹ ਸਥਿਤੀ ਸੀ ਕਿ ਸਰਵ–ਉੱਚ ਅਦਾਲਤ ਕੇਵਲ ਅਟਾਰਨੀ ਜਨਰਲ ਦੀ ਅਰਜ਼ੀ ਤੇ ਹੀ ਕਾਰਜ ਕਰ ਸਕਦਾ ਸੀ ।

(iv) ਹਾਈ ਕੋਰਟਾਂ ਦਾ ਰਿਟ ਅਧਿਕਾਰ ਖੇਤਰ (ਅਨੁਛੇਦ *226*) ਇਕ ਸੁਧਾਰ ਰਾਹੀਂ ਪੁਨਰ ਸਥਾਪਿਤ ਹੋ ਗਿਆ ਹੈ । ਸੁਧਰੇ ਰੂਪ ਵਿੱਚ ਇਹ ਅਨੁਛੇਦ ਹੁਣ ਦੱਸਦਾ ਹੈ ਕਿ ਉਹਨਾਂ ਮੁੱਕਦਮਿਆਂ ਵਿੱਚ ਜਿਹਨਾਂ ਵਿੱਚ ਅੰਤਿਮ ਆਦੇਸ਼ ਇਕ ਤਰਫ ਹੋਵੇ ਜਾਂ ਇਕ ਯਾਚਨਾ ਸਬੰਧੀ ਕਾਰਵਾਈ (ਇਸ ਅਨੁਛੇਦ ਦੇ ਅੰਤਰਗਤ) ਵਿੱਚ ਜਿਸ ਧਿਰ ਅਧੀਨ ਆਦੇਸ਼ ਦਿੱਤਾ ਗਿਆ ਹੋਵੇ ਹਾਈਕੋਰਟ ਅੱਗੇ ਅਜਿਹਾ ਆਦੇਸ਼ ਨੂੰ ਦੂਰ ਕਰਨ ਲਇ ਅਰਜ਼ੀ ਦੇ ਸਕਦੀ ਹੈ ਅਤੇ ਸੰਬੰਧਿਤ ਧਿਰ ਨੂੰ ਅਜਿਹੀ ਅਰਜ਼ੀ ਦੀ ਨਕਲ ਦਿੰਦੀ ਹੈ । ਹੁਣ ਇਹ ਉਪਬੰਧ ਕੀਤਾ ਗਿਆ ਹੈ ਕਿ ਜੇ ਹਾਈਕੋਰਟ ਅਜਿਹੀ ਅਰਜ਼ੀ ਨੂੰ ਉਸ ਦੀ ਪ੍ਰਾਪਤੀ ਤੋਂ ਦੋ ਹਫਤਿਆਂ ਦੇ ਅੰਦਰ ਅੰਦਰ ਸੁਣਨ ਤੋਂ ਅਸਫਲ ਰਹਿੰਦੀ ਹੈ ਜਾਂ ਜਿਸ ਧਿਰ ਵਿਰੁੱਧ ਇਹ ਕੀਤੀ ਗਈ ਹੈ, ਉਸ ਨੂੰ ਇਸ ਦੀ ਨਕਲ ਨਹੀਂ ਮਿਲਦੀ, ਇਹਨਾਂ ਵਿਚੋਂ ਜੋ ਗੱਲ ਵੀ ਪਿੱਛੋਂ ਹੋਵੇ, ਅੰਤਿਮ ਆਦੇਸ਼ ਨੂੰ ਰੱਦ ਸਮਝਿਆ ਜਾਵੇ । ਜੇ ਦੋ ਹਫਤਿਆਂ ਦੇ ਸਮੇਂ ਦੀ ਸਮਾਪਤੀ ਦੇ ਆਖਰੀ ਦਿਨ ਹਾਈਕੋਰਟ ਬੰਦ ਹੋਵੇ ਤਾਂ ਇਹ ਅੰਤਿਮ ਆਦੇਸ਼ ਤਾਂ ਹੀ ਰੱਦ ਹੋਇਆ ਮੰਨਿਆ ਜਾਵੇਗਾ, ਜੇ ਕਰ ਅਗਲੇ ਦਿਨ ਹਾਈਕੋਰਟ ਦੇ ਉਠਣ ਤੋਂ ਪਹਿਲਾਂ ਇਸ ਅਰਜ਼ੀ ਤੇ ਸੁਣਵਾਈ ਨਹੀਂ ਹੁੰਦੀ । ਉਪਰੋਕਤ ਸਾਰੇ ਵੇਰਵੇ ਤੋਂ ਸਪਸ਼ਟ ਹੈ ਕਿ ਭਾਰਤੀ ਸੁਪਰੀਮ ਕੋਰਟ ਕੋਲ ਵਿਆਪਕ ਅਧਿਕਾਰ ਖੇਤਰ ਹੈ । ਸੰਘੀ ਢਾਂਚੇ ਨੂੰ ਧਿਆਨ ਵਿੱਚ ਰੱਖਦੇ ਹੋਏ ਸੁਪਰੀਮ ਕੋਰਟ ਕੋਲ ਵਿਆਪਕ ਅਧਿਕਾਰ ਖੇਤਰ ਹੈ । ਸੰਘੀ ਢਾਂਚੇ

ਨੂੰ ਧਿਆਨ ਵਿੱਚ ਰੱਖਦੇ ਹੋਏ ਸੁਪਰੀਮ ਕੋਰਟ ਨੂੰ ਉਸਦਾ ਰੱਖਿਅਕ ਬਣਾਇਆ ਗਿਆ। ਕਾਫੀ ਹੱਦ ਤੱਕ ਸੁਪਰੀਮ ਕੋਰਟ ਨੂੰ ਸੁਤੰਤਰ ਬਣਾਇਆ ਗਿਆ ਹੈ ਭਾਵੇਂ ਸਮੇਂ ਸਮੇਂ ਤੇ ਇਹੋ ਜਿਹੀ ਆਲੋਚਨਾ ਹੁੰਦੀ ਰਹੀ ਹੈ ਕਿ ਕਈ ਵਾਰੀ ਜੱਜਾਂ ਦੀ ਨਿਯੁਕਤੀ ਸਮੇਂ ਨਿਆਂ ਪਾਲਿਕਾ ਦੀ ਸੁਤੰਤਰਤਾ ਨੂੰ ਧੱਕਾ ਪਹੁੰਚਾਉਣ ਵਾਲੇ ਕਦਮ ਚੁੱਕੇ ਗਏ ਹਨ ਪਰੰਤੂ ਫਿਰ ਵੀ ਇਹ ਕਹਿਣਾ ਉਚਿਤ ਹੈ ਕਿ ਸੁਪਰੀਮ ਕੋਰਟ ਨੇ ਆਪਣੀ ਸੁਤੰਤਰ ਭੂਮਿਕਾ ਕਾਫੀ ਸਫਲਤਾ ਨਾਲ ਨਿਭਾਈ ਹੈ। ਸਾਡਾ ਸੁਪਰੀਮ ਕੋਰਟ ਨਿਸ਼ਚੇ ਹੀ ਸੰਘ ਦਾ ਰਖਿਅਕ, ਨਾਗਰਿਕਾਂ, ਦੀ ਸੁਤੰਰਤਾਵਾਂ ਦਾ ਰਖਿਅਕ ਅਤੇ ਸੰਵਿਧਾਨ ਦਾ ਰਖਿਅਕ ਹੈ। ਨਿਆਇਕ ਪੁਨਰ ਨਿਰੀਖਣ ਦਾ ਪ੍ਰਯੋਗ ਸੁਪਰੀਮ ਕੋਰਟ ਸੰਵਿਧਾਨ ਦੀ ਸਰਵ-ਉੱਚਤਾ ਨੂੰ ਕਾਇਮ ਕਰ ਸਕਦਾ ਹੈ।

2.6.16 ਨਿਆਂਇਕ ਪੁਨਰ ਨਿਰੀਖਣ (Judicial Review)

ਭਾਰਤ ਦੀ ਸਰਵ-ਉੱਚ ਅਦਾਲਤ ਭਾਰਤੀ ਸੰਵਿਧਾਨ ਦੀ ਰੱਖਿਅਕ ਅਤੇ ਅੰਤਿਮ ਵਿਆਖਿਆਕਾਰ ਹੈ। ਭਾਰਤ ਵਿੱਚ ਨਾ ਸੰਸਦ ਸਰਵ-ਉੱਚ ਹੈ ਨਾ ਰਾਸ਼ਟਰਪਤੀ ਅਤੇ ਨਾ ਹੀ ਨਿਆਂਪਾਲਿਕਾ ਬਲਕਿ ਸੰਵਿਧਾਨ ਸਰਵ-ਉੱਚ ਹੈ। ਸੰਵਿਧਾਨ ਦੀ ਸਰਵ-ਉੱਚਤਾ ਨੂੰ ਬਣਾਈ ਰੱਖਣ ਦੀ ਜ਼ਿੰਮੇਵਾਰੀ ਸੁਤੰਤਰ ਅਤੇ ਨਿਰਪੱਖ ਨਿਆਂਪਾਲਿਕਾ ਨੂੰ ਸੌਂਪੀ ਗਈ ਹੈ।

ਕਾਨੂੰਨ ਦੀ ਵਿਆਖਿਆ ਕਰਨ ਅਤੇ ਇਸ ਦੀ ਸਰਵ-ਉੱਚਤਾ ਬਣਾਈ ਰੱਖਣ ਅਦਾਲਤ ਦਾ ਅਧਿਕਾਰ ਕਿਸੇ ਵੀ ਅਜਿਹੇ ਸੰਵਿਧਾਨ ਵਿਚ ਨਿਹਿਤ ਹੁੰਦਾ ਹੈ ਜਿਹੜਾ ਕਿ ਸਰਕਾਰ ਨੂੰ ਸੀਮਿਤ ਅਧਿਕਾਰ ਦਿੰਦਾ ਹੈ। ਮੈਡੀਸ਼ਨ (Medison) ਨੇ ਠੀਕ ਹੀ ਕਿਹਾ ਹੈ ਕਿ ਇਕ ਸੀਮਿਤ ਸੰਵਿਧਾਨ ਨੂੰ, ਜਿਹੜਾ ਕਿ ਵਿਧਾਨਕਾਰੀ ਸੱਤਾ ਪ੍ਰਤੀ ਵਿਸ਼ੇਸ਼ ਵਿਸ਼ਵਾਸ ਰੱਖਦਾ ਹੈ, ਕੇਵਲ ਇਨਸਾਫ ਦੀਆਂ ਅਦਾਲਤਾਂ ਤੋਂ ਇਲਾਵਾ ਕਿਸੇ ਵੀ ਹੋਰ ਰੂਪ ਵਿੱਚ ਨਹੀਂ ਸਾਂਭਿਆ ਜਾ ਸਕਦਾ, ਜਿਸ ਦਾ ਕਰਤੱਵ ਸੰਵਿਧਾਨ ਦੇ ਘੋਸ਼ਿਤ ਮਨੋਰਥ ਤੋਂ ਉਲਟ ਕਿਸੇ ਵੀ ਕਾਰਵਾਈ ਨੂੰ ਰੱਦ ਕਰਨਾ ਹੈ। ਇਸ ਤੋਂ ਬਗੈਰ ਵਿਸ਼ੇਸ਼ ਅਧਿਕਾਰਾਂ ਅਤੇ ਸਹੂਲਤਾਂ ਸੰਬੰਧੀ ਰਾਖਵਾਂ ਕਾਨੂੰਨ ਕੋਈ ਵੀ ਅਰਥ ਨਹੀਂ ਰੱਖਦਾ। ਨਿਆਂਪਾਲਿਕਾ ਦੇ ਦੁਆਰਾ ਸੰਵਿਧਾਨ ਦੀ ਸਰਵ-ਉੱਚਿਤਾ ਨੂੰ ਬਣਾਏ ਰੱਖਣ ਲਈ, ਵਿਧਾਨਪਾਲਿਕਾ ਦੇ ਬਣਾਏ ਕਾਨੂੰਨਾਂ ਜਾਂ ਕਾਰਜਪਾਲਿਕਾ ਦੇ ਦੁਆਰਾ ਦਿੱਤੇ ਗਏ ਆਦੇਸ਼ਾਂ ਦਾ ਨਿਰੀਖਣ ਕਰਨ ਦਾ ਅਧਿਕਾਰ ਹੀ ਨਿਆਂਇਕ ਪੁਨਰ-ਨਿਰੀਖਣ ਕਹਿਲਾਉਂਦਾ ਹੈ। ਨਿਆਂਇਕ ਪੁਨਰ ਨਿਰੀਖਣ ਦਾ ਸਿਧਾਂਤ ਅਮਰੀਕਾ ਦੇ ਸੰਵਿਧਾਨ ਅਤੇ ਵਿਵਸਥਾ ਦੀ ਦੇਣ ਹੈ। ਸੰਯੁਕਤ ਰਾਜ ਅਮਰੀਕਾ ਵਿਚ ਵੀ ਸੰਵਿਧਾਨ ਸਪੱਸ਼ਟ ਰੂਪ ਵਿੱਚ ਇਸ ਦੀ ਵਿਵਸਥਾ ਨਹੀਂ ਕਰਦਾ ਪਰੰਤੂ ਉਥੇ ਸਰਵ-ਉੱਚ ਅਦਾਲਤ ਸੰਵਿਧਾਨ ਦਾ ਰੱਖਿਅਕ ਅਤੇ ਅੰਤਿਮ ਵਿਆਖਿਆਕਾਰ ਹੁੰਦਾ ਹੈ। ਅਮਰੀਕਾ ਦੀ ਸਰਵ-ਉੱਚ ਕੋਰਟ (Supreme Court) ਦੇ ਦੁਆਰਾ ਪਹਿਲੀ ਵਾਰ 1803 ਵਿੱਚ ਜਸਟਿਸ ਮਾਰਸ਼ਲ ਨੇ ਮਾਰਬੈਰੀ ਬਨਾਮ ਮੈਡੀਸ਼ਨ ਦੇ ਕੇਸ ਵਿਚ ਇਸ ਅਧਿਕਾਰ ਦੀ ਵਰਤੋਂ ਕੀਤੀ। ਉਸ ਤੋਂ ਬਾਅਦ ਲਗਾਤਾਰ ਨਿਆਂਇਕ ਪੁਨਰ ਨਿਰੀਖਣ ਦਾ ਸਿਧਾਂਤ ਅਮਰੀਕਾ ਵਿਚ ਅਪਨਾਇਆ ਜਾਂਦਾ ਰਿਹਾ ਹੈ ਅਤੇ ਸੁਪਰੀਮ ਕੋਰਟ ਦੇ ਦੁਆਰਾ ਕਾਂਗਰਸ ਦੇ ਪਾਸ ਕੀਤੇ ਕਾਨੂੰਨ ਇਸ ਅਧਾਰ ਉੱਤੇ ਰੱਦ ਕਰ ਦਿੱਤੇ ਜਾਂਦੇ ਹਨ ਕਿ ਗੈਰ ਸੰਵਿਧਾਨਿਕ ਹਨ। ਭਾਰਤ ਵਿਚ ਵੀ ਸੁਪਰੀਮ ਕੋਰਟ ਅਤੇ ਹਾਈਕੋਰਟ ਉਹਨਾਂ ਕਾਨੂੰਨਾਂ ਨੂੰ ਗੈਰ ਸੰਵਿਧਾਨਿਕ ਘੋਸ਼ਿਤ ਕਰ ਸਕਦੇ ਹਨ ਜਿਹੜੇ ਸੰਵਿਧਾਨ ਦੀ ਕਿਸੇ ਧਾਰਾ ਨਾਲ ਮੇਲ ਨਹੀਂ ਖਾਂਦੇ। ਦਸੰਬਰ, 1976 ਵਿਚ ਸੰਵਿਧਾਨ ਦੀ 42ਵੀਂ ਸੋਧ ਦੀ ਸਵੀਕ੍ਰਿਤੀ ਤੋਂ ਪਹਿਲਾਂ ਭਾਰਤੀ ਸੰਵਿਧਾਨ ਸਰਵ-ਉੱਚ ਅਦਾਲਤ ਨੂੰ ਨਿਆਂਇਕ ਪੁਨਰ-ਵਿਚਾਰ ਦਾ ਅਧਿਕਾਰ ਨਹੀਂ ਸੀ, ਦਿੰਦਾ। ਇਸ ਤੋਂ ਇਲਾਵਾ ਅਮਰੀਕੀ ਸੰਵਿਧਾਨ ਤੋਂ ਉਲਟ ਭਾਰਤੀ ਸੰਵਿਧਾਨ ਵਿੱਚ ਕੁਝ ਵੀ ਅਜਿਹਾ ਨਹੀਂ ਸੀ, ਜਿਹੜਾ ਸੰਵਿਧਾਨ ਨੂੰ ਦੇਸ਼ ਦਾ ਸਰਵ ਉੱਚ ਕਾਨੂੰਨ ਘੋਸ਼ਿਤ ਕਰੇ। ਇਸ ਦੇ ਬਾਵਜੂਦ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਭਾਰਤੀ ਸੰਵਿਧਾਨ ਦੇਸ਼ ਦਾ ਸਰਵ ਉੱਚ ਕਾਨੂੰਨ ਸੀ ਅਤੇ ਹੁਣ ਵੀ ਹੈ ਅਤੇ ਕਿਉਂਕਿ ਭਾਰਤ ਇਕ ਸੰਘ ਹੈ ਅਤੇ ਸੰਘੀ ਨੀਤੀ ਨਿਰਧਾਰਿਤ ਅਤੇ ਸੀਮਾਬੱਧ ਖੇਤਰ ਵਿਚ ਕਾਰਜ ਕਰਦੀ ਹੈ। ਭਾਰਤ ਦਾ ਸੰਵਿਧਾਨ ਸਰਕਾਰ ਦੇ ਵਿਭਿੰਨ ਅੰਗਾਂ ਦੀਆਂ ਸ਼ਕਤੀਆਂ ਉਤੇ ਨਿਸ਼ਚਿਤ ਨਿਯੰਤਰਣ ਰੱਖਦਾ ਹੈ ਤੇ ਇਹ ਗੱਲ ਪੂਰੀ ਤਰ੍ਹਾਂ ਉਲੰਘਣਾ ਹੈ। ਬਿਨਾਂ ਸ਼ੱਕ ਇਹ ਅਦਾਲਤਾਂ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ ਕਿ ਉਹ ਇਹ ਨਿਰਧਾਰਿਤ ਕਰਨ ਕਿ ਸੰਵਿਧਾਨਿਕ ਸੀਮਾਵਾਂ ਦੀ ਉਲੰਘਣਾ ਹੋਈ ਹੈ ਕਿ ਨਹੀਂ। ਸਰਵ-ਉੱਚ ਅਦਾਲਤ ਤੇ

ਜਸਟਿਸ ਦਾਸ ਨੇ ਏ.ਕੇ.ਗੋਪਾਲਨ ਬਨਾਮ ਮਦਰਾਸ ਦੇ ਰਾਜ ਦੇ ਮੁਕੱਦਮੇ ਵਿੱਚ ਇਹ ਨਿਰਣਾ ਦਿੱਤਾ ਸੀ ਕਿ ਸਾਡਾ ਸੰਸਦ ਅਤੇ ਵਿਧਾਨ ਸਭਾਵਾਂ ਨੂੰ ਆਪੋ ਆਪਣੇ ਖੇਤਰਾਂ ਵਿੱਚ ਸਰਵ–ਉੱਚ ਰਖਦਿਆਂ ਹੋਇਆ ਵੀ ਸਾਡੇ ਸੰਵਿਧਾਨ ਨੇ ਆਪਣੇ ਕੁਝ ਅਨੁਛੇਦਾਂ ਰਾਹੀਂ ਵਿਧਾਨ ਸਭਾਵਾਂ ਦੀਆਂ ਕੁਝ ਖਾਸ ਨਿਸ਼ਚਿਤ ਸੀਮਾਵਾਂ ਨਿਰਧਾਰਿਤ ਕੀਤੀਆਂ ਹਨ । ਫਿਰ ਵੀ ਯਾਦ ਰੱਖਣ ਯੋਗ ਨੁਕਤਾ ਇਹ ਹੈ ਕਿ ਜਿਥੋਂ ਤੱਕ ਵਿਧਾਨਕਾਰੀ ਸ਼ਕਤੀ ਦਾ ਸਬੰਧ ਹੈ, ਅਦਾਲਤ ਨੂੰ ਕਿਸੇ ਸ਼ਿਕਾਇਤ ਤੇ ਮਿਲਣ ਉਤੇ, ਅਵੱਸ਼ ਹੀ ਛਾਣਬੀਣ ਕਰਕੇ ਪਤਾ ਲਗਾਣਾ ਚਾਹੀਦਾ ਹੈ ਕਿ ਇਹਨਾਂ ਸੀਮਾਵਾਂ ਦੀ ਉਲੰਘਣਾ ਹੋਈ ਹੈ ਕਿ ਨਹੀਂ ਅਤੇ ਜੇ ਕੋਈ ਅਜਿਹੀ ਉਲੰਘਣਾ ਹੋਈ ਹੈ ਤਾਂ ਅਦਾਲਤ ਨਿਧੜਕ ਅਜਿਹੇ ਨਿਯਮ ਨੂੰ ਗੈਰ–ਸੰਵਿਧਾਨਿਕ ਘੋਸ਼ਿਤ ਕਰ ਦੇਵੇਗੀ ਕਿਉਂਕਿ ਅਦਾਲਤ ਸੰਵਿਧਾਨ ਦੀ ਰੱਖਿਆ ਕਰਨ ਲਈ ਵਚਨਬੱਧ ਹੈ । ਵਿਧਾਨਕਾਰੀ ਸ਼ਕਤੀਆਂ ਦੀਆਂ ਸੀਮਾਵਾਂ ਤੋਂ ਬਾਹਰ ਸਾਡੀ ਸੰਸਦ ਅਤੇ ਵਿਧਾਨਕ ਪਾਲਿਕਾ ਆਪੋ ਆਪਣੇ ਖੇਤਰਾਂ ਵਿੱਚ ਸਰਵ ਉੱਚ ਹਨ ਅਤੇ ਅਦਾਲਤ ਕੋਲ ਕੋਈ ਅਧਿਕਾਰ ਨਹੀਂ ਕਿ ਉਚਿਤ ਵਿਧਾਨਕਾਰੀ ਸੰਸਥਾਵਾਂ ਦੀ ਨੀਤੀ ਬਾਰੇ ਸਿਆਣਪ ਜਾਂ ਉਹਨਾਂ ਰਾਹੀਂ ਘੜੇ ਗਏ ਨਿਯਮ ਬਾਰੇ ਕਿੰਤੂ ਕਰ ਸਕੇ । ਇੰਗਲੈਂਡ ਦੇ ਸੰਵਿਧਾਨ ਤੋਂ ਉਲਟ ਸਾਡਾ ਸੰਵਿਧਾਨ ਵਿਧਾਨਕ ਸੱਤਾ ਉੱਤੇ ਅਦਾਲਤ ਦੀ ਸਰਵ–ਉੱਚਤਾ ਨੂੰ ਸਵੀਕਾਰ ਕਰਦਾ ਹੈ ਪਰੰਤੂ ਇਹ ਸਰਵ–ਉੱਚਤਾ ਬੜੀ ਸੀਮਿਤ ਹੈ ਕਿਉਂਕਿ ਇਸ ਦਾ ਸਬੰਧ ਉਸ ਖੇਤਰ ਨਾਲ ਹੈ, ਜਿਥੇ ਸੰਵਿਧਾਨਕ ਰਾਹੀਂ ਹੀ ਵਿਧਾਨਕਾਰੀ ਸ਼ਕਤੀਆਂ ਨੂੰ ਸੀਮਿਤ ਕੀਤਾ ਗਿਆ ਹੋਵੇ ।

ਭਾਰਤ ਦਾ ਸੰਵਿਧਾਨ ਵਿਧਾਨ ਸਭਾਵਾਂ ਦੀਆਂ ਸ਼ਕਤੀਆਂ ਤੇ ਦੋ ਤਰ੍ਹਾਂ ਦੀਆਂ ਪਾਬੰਦੀਆਂ ਲਗਾਉਂਦਾ ਹੈ ਭਾਰਤੀ ਵਿਧਾਨ ਸਭਾਵਾਂ ਉੱਤੇ ਇਹ ਦੋ ਤਰ੍ਹਾਂ ਦੀਆਂ ਸੀਮਾਵਾਂ ਹੀ ਨਿਆਂਇਕ ਪੁਨਰ–ਵਿਚਾਰ ਦੇ ਅਧਿਕਾਰ ਦਾ ਮੂਲ ਸੋਮਾ ਹਨ ।

(i) ਵਿਧਾਨਕ ਯੋਗਤਾ : ਭਾਰਤ, ਇਕ ਸੰਘੀ ਨੀਤੀ ਹੋਣ ਕਰਕੇ, ਦੋਹਰੀ ਸਰਕਾਰ ਰੱਖਦਾ ਹੈ ਜਿਸ ਵਿਚ ਹਰ ਸਰਕਾਰ ਲਈ ਵਿਧਾਨਿਕ ਯੋਗਤਾ ਦਾ ਇਕ ਵਿਸ਼ੇਸ਼ ਖੇਤਰ ਨਿਸ਼ਚਿਤ ਕੀਤਾ ਗਿਆ ਹੈ । ਅਨੁਛੇਦ 246 ਵਿਚ ਕੇਂਦਰ ਅਤੇ ਰਾਜਾਂ ਵਿੱਚ ਵਿਧਾਨਿਕ ਸ਼ਕਤੀਆਂ ਦੀ ਵੰਡ ਬਾਰੇ ਦਰਜ ਹੈ । ਇਸ ਯੋਜਨਾ ਦੇ ਅੰਤਰਗਤ ਤਿੰਨ ਸੂਚੀਆਂ (1) ਕੇਂਦਰੀ ਸੂਚੀ (2) ਰਾਜ ਸੂਚੀ ਤੇ (3) ਸਮਵਰਤੀ ਸੂਚੀ ਤਿਆਰ ਕੀਤੀਆਂ ਗਈਆਂ ਹਨ ਤਾਂ ਕਿ ਕੇਂਦਰ ਤੇ ਰਾਜ ਵਿਧਾਨ ਸਭਾਵਾਂ ਵਿਧਾਨ ਬਣਾ ਸਕਣ । ਅਨੁਛੇਦ 246 ਵਿਚ ਇਹ ਦਰਜ ਕੀਤਾ ਗਿਆ ਹੈ ਕੇਂਦਰੀ ਸੂਚੀ ਨਾਲ ਸੰਬੰਧਿਤ ਮਾਮਲਿਆਂ ਬਾਰੇ ਕਾਨੂੰਨ ਬਣਾਉਣ ਦਾ ਏਕਾਧਿਕਾਰ ਕੇਂਦਰੀ ਸੰਸਦ ਕੋਲ ਹੈ ਅਤੇ ਰਾਜ ਸੂਚੀ ਨਾਲ ਸੰਬੰਧਿਤ ਮਾਮਲਿਆਂ ਬਾਰੇ ਕਾਨੂੰਨ ਬਣਾਉਣ ਦਾ ਏਕਾਧਿਕਾਰ ਰਾਜ ਵਿਧਾਨ ਸਭਾਵਾਂ ਕੋਲ ਇਹ ਸੱਪਸ਼ਟ ਤੌਰ ਤੇ ਉਸ ਦੀ ਵਿਧਾਨ ਯੋਗਤਾ ਦੀ ਉਲੰਘਣਾ ਹੋਵੇਗੀ । ਇਥੇ ਹੀ ਅਦਾਲਤ ਦੀ ਭੂਮਿਕਾ ਸ਼ੁਰੂ ਹੁੰਦੀ ਹੈ ਅਤੇ ਭਾਰਤ ਦੀ ਸਰਵ–ਉੱਚ ਅਦਾਲਤ ਕੋਲ ਵਿਧਾਨਿਕ ਯੋਗਤਾ ਦੀ ਜ਼ਿਆਦਤੀ ਦੇ ਅਧਾਰ ਤੇ ਇਹ ਕਾਨੂੰਨਾਂ ਦੀ ਉਚਿਤਤਾ ਬਾਰੇ ਨਿਰਣਾ ਕਰਨ ਦਾ ਅਧਿਕਾਰ ਹੈ ਅਤੇ ਉਚਿਤ ਅਦਾਲਤ ਸੰਵਿਧਾਨ ਦੀ ਉਲੰਘਣਾ ਦੇ ਅਧਾਰ ਤੇ ਅਜਿਹੇ ਨਿਯਮਾਂ ਨੂੰ ਰੱਦ ਕਰ ਸਕਦੀ ਹੈ ।

(ii) ਮੌਲਿਕ ਅਧਿਕਾਰਾਂ ਦੀ ਉਲੰਘਣਾ : ਸੰਵਿਧਾਨ ਦਾ ਅਨੁਛੇਦ 13 ਭਾਰਤ ਵਿੱਚ ਵਿਧਾਨ ਮੰਡਲਾਂ ਦੇ ਅਧਿਕਾਰਾਂ ਤੇ ਕਈ ਪਾਬੰਦੀਆਂ ਲਗਾਉਂਦਾ ਹੈ । ਇਸ ਅਨੁਛੇਦ ਅਨੁਸਾਰ ਰਾਜ ਕੋਈ ਵੀ ਅਜਿਹਾ ਕਾਨੂੰਨ ਨਹੀ ਘੜੇਗਾ ਜਿਹੜਾ ਕਿ ਇਸ ਹਿੱਸੇ ਰਾਹੀਂ ਦਿੱਤੇ ਗਏ ਅਧਿਕਾਰਾਂ ਨੂੰ ਖੋਹ ਲਵੇ ਜਾਂ ਘੱਟ ਕਰੇ ਅਤੇ ਇਸ ਦੀ ਉਲੰਘਣਾ ਵਿਚ ਘੜੇ ਗਏ ਕਾਨੂੰਨ ਰੱਦ ਘੋਸ਼ਿਤ ਕੀਤੇ ਜਾਣਗੇ । ਇਸ ਦਾ ਭਾਵ ਹੈ ਜੇਕਰ ਕਿਸੇ ਵਿਧਾਨਕਾਰੀ ਸੱਤਾ ਰਾਹੀਂ ਕੋਈ ਅਜਿਹਾ ਕਾਨੂੰਨ ਬਣਾਇਆ ਜਾਂਦਾ ਹੈ ਜਿਹੜਾ ਮੌਲਿਕ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ ਤਾਂ ਉਚਿਤ ਅਦਾਲਤ ਉਸ ਕਾਨੂੰਨ ਦੇ ਉਲੰਘਣਾ ਕਰਨ ਵਾਲੇ ਹਿੱਸੇ ਨੂੰ ਰੱਦ ਕਰ ਸਕਦੀ ਹੈ । ਇਥੇ ਇਹ ਨੋਟ ਕਰਨਾ ਚਾਹੀਦਾ ਹੇ ਕਿ ਮੌਲਿਕ ਅਧਿਕਾਰਾਂ ਵਿਚ ਸੋਧ ਤਾਂ ਸੰਸਦ ਕਰ ਸਕਦੀ ਹੈ ਪਰੰਤੂ ਕੋਈ ਇਹੋ ਜਿਹੇ ਕਾਨੂੰਨ ਨਹੀਂ ਬਣਾ ਸਕਦੀ ਜੋ ਮੌਲਿਕ ਅਧਿਕਾਰਾਂ ਨਾਲ ਮੇਲ ਨਾ ਖਾਂਦਾ ਹੋਵੇ । ਅਰਥਾਤ ਸੰਵਿਧਾਨ ਰਾਹੀਂ ਦਿੱਤੇ ਗਏ ਮੌਲਿਕ ਅਧਿਕਾਰ ਨਿਰਪੇਖ ਨਹੀਂ ਹਨ । ਕੁਝ ਹਾਲਤਾਂ ਵਿਚ ਸੰਵਿਧਾਨ ਨੇ ਆਪ ਹੀ ਪਾਬੰਦੀਆਂ ਲਗਾਈਆਂ ਹਨ ਅਤੇ ਨਾਲ ਹੀ ਸੰਸਦ ਨੂੰ ਇਹ ਅਧਿਕਾਰ ਦਿੱਤਾ ਹੈ ਕਿ ਉਹ ਕਾਨੂੰਨ ਰਾਹੀਂ ਤਰਕਸੰਗਤ ਪਾਬੰਦੀਆਂ ਲਗਾ ਸਕੇ । ਇਸ ਪ੍ਰਸੰਗ ਵਿਚ ਸਰਵ–ਉੱਚ ਅਦਾਲਤ ਦਾ ਇਹ ਕਰਤੱਵ ਬਣ ਜਾਂਦਾ ਹੈ ਕਿ ਉਹ ਵੇਖੇ ਕਿ ਸੰਸਦ ਰਾਹੀਂ ਲਗਾਈਆਂ ਗਈਆਂ ਪਾਬੰਦੀਆਂ ਤਰਕਸੰਗਤ ਹਨ ਕਿ ਨਹੀ ।

ਨਿਆਂਇਕ ਪੁਨਰ-ਵਿਚਾਰ ਦੇ ਹੋਰ ਸੋਮੇ : ਕੇਂਦਰ ਅਤੇ ਰਾਜਾਂ ਵਿਚ ਸਕਤੀਆਂ ਦੀ ਵੰਡ ਅਤੇ ਭਾਰਤੀ ਸੰਵਿਧਾਨ ਵਿਚ ਮੌਲਿਕ ਅਧਿਕਾਰਾਂ ਦੀ ਵਿਵਸਥਾਂ ਤੋ ਇਲਾਵਾਂ ਨਿਆਂਇਕ ਪੁਨਰ-ਵਿਚਾਰ ਅਜਿਹੇ ਸੰਵਿਧਾਨਕ ਉਪਬੰਧਾਂ ਰਾਹੀ ਵੀ ਸੰਭਵ ਹੈ ਜਿਹੜਾ ਕਿ ਕੇਂਦਰ ਅਤੇ ਰਾਜ ਜਾਂ ਰਾਜਾਂ ਦੇ ਪਰਸਪਰ ਮੁਕੱਦਮਿਆਂ ਸਬੰਧੀ ਸਰਵ-ਉੱਚ ਅਦਾਲਤ ਦਾ ਅਧਿਕਾਰ ਖੇਤਰ ਹੈ । ਸੰਵਿਧਾਨ ਦੀ ਵਿਆਖਿਆ ਨਾਲ ਸੰਬੰਧਤ ਮਾਮਲਿਆਂ ਵਿਚ ਸਰਵ-ਉੱਚ ਅਦਾਲਤ ਅੰਤਿਮ ਅਦਾਲਤ ਹੈ ਨਿਆਂਇਕ ਪੁਨਰ-ਵਿਚਾਰ ਦੇ ਅਧਿਕਾਰ ਸੰਬੰਧੀ ਵੀ ਇਹ ਗੱਲ ਲਾਗੂ ਹੁੰਦੀ ਹੈ । ਅਨੁਛੇਦ 32 ਮੋਲਿਕ ਅਧਿਕਾਰਾਂ ਨੂੰ ਲਾਗੂ ਕਰਨ ਸੰਬੰਧੀ ਉਚਿਤ ਕਾਰਵਾਈ ਰਾਹੀਂ ਸਰਵ-ਉੱਚ ਅਦਾਲਤ ਵਿਚ ਜ਼ਿੰਦਗੀ ਦੇ ਅਧਿਕਾਰ ਨੂੰ ਯਕੀਨੀ ਬਣਾਇਆ ਹੈ । ਸਰਵ-ਉੱਚ ਅਦਾਲਤ ਵਿਚ ਜ਼ਿੰਦਗੀ ਦਾ ਅਧਿਕਾਰ ਆਪਣੇ ਆਪ ਵਿਚ ਹੀ ਇਕ ਮੌਲਿਕ ਅਧਿਕਾਰ ਹੈ ।

ਇਸ ਲਈ ਨਿਆਂਇਕ ਪੁਨਰ-ਵਿਚਾਰ ਭਾਰਤੀ ਸੰਵਿਧਾਨ ਪ੍ਰਣਾਲੀ ਦਾ ਇਕ ਅਵਸ਼ਕ ਹਿੱਸਾ ਹੈ ਅਤੇ ਸੰਵਿਧਾਨ ਨੂੰ ਬਣਾਉਣ ਵਾਲਿਆਂ ਨੇ ਆਪਦੀ ਇਛਾਵਾਂ ਨੂੰ ਛਪਾ ਕੇ ਨਹੀਂ ਰੱਖਿਆ ਜਦੋਂ ਉਹਨਾਂ ਨੇ ਸੰਵਿਧਾਨਕ ਸਭਾ ਵਿਚ ਸਰਵ-ਓੱਚ ਅਦਾਲਤ ਨੂੰ ਸੰਵਿਧਾਨ ਦਾ ਰੱਖਿਅਕ, ਲੋਕਤੰਤਰ ਦਾ ਰਖਵਾਲਾ, ਸੁੰਤਰਤਾ ਦਾ ਆਲੰਬਰਦਾਰ ਆਦਿ ਆਖਿਆ । ਕਿਸੇ ਵੀ ਹਰ ਅਧਿਕਾਰੀ ਨੂੰ ਇਥੋਂ ਤਕ ਕਿ ਰਾਟਰਪਤੀ ਨੂੰ ਵੀ ਅਜਿਹੀ ਸੋਹ ਨਹੀਂ ਚੁਕਾਈ ਜਾਂਦੀ ਜਿਹੋ ਜਿਹੀ ਕਿ ਨਿਆਂ ਪਾਲਿਕਾ ਨੂੰ ਚੁਕਾਈ ਜਾਂਦੀ ਹੈ ਅਤੇ ਵਿਧਾਨ ਪਾਲਿਕਾ ਅਤੇ ਕਾਰਜਪਾਲਿਕਾ ਦੇ ਹਮਲਿਆਂ ਤੋਂ ਰੱਖਿਆ ਕਰਨਾ ਨਿਆਂਇਪਾਲਿਕਾ ਦਾ ਪਵਿੱਤਰ ਫਰਜ਼ ਹੈ । ਸੰਵਿਧਾਨ ਦੀ 42ਵੀਂ ਸੋਧ ਨੇ ਪ੍ਰਤੱਖ ਤੋਰ ਤੇ ਨਿਆਂਇਕ ਪੁਨਰ-ਵਿਚਾਰ ਦਾ ਅਧਿਕਾਰ ਸਰਵ-ਉੱਚ ਅਦਾਲਤ ਨੂੰ ਦਿੱਤਾ ਅਤੇ ਇਸ ਲਈ ਸੰਵਿਧਾਨ ਵਿਚ ਇਕ ਨਵਾਂ ਅਨੁਛੇਦ 131 (A)ਸ਼ਾਮਿਲ ਕੀਤਾ ਜਿਸ ਅਨੁਸਾਰ ਸੰਵਿਧਾਨ ਦੇ ਕਿਸੇ ਹੋਰ ਉਪਬੰਧ ਦੇ ਬਾਵਜੂਦ ਬਾਕੀ ਸਾਰੀਆਂ ਅਦਾਲਤਾਂ ਦੀ ਥਾਂ, ਸਰਵ-ਉੱਚ ਅਦਾਲਤ ਕੋਲ ਕਿਸੇ ਵੀ ਕੇਂਦਰੀ ਕਾਨੂੰਨ ਦੀ ਸੰਵਿਧਾਨਿਕ ਉਚਿਤਤਾ ਨੂੰ ਨਿਰਧਾਰਿਤ ਕਰਨ ਦਾ ਅਧਿਕਾਰ ਹੈ । ਇਸ ਅਨੁਛੇਦ ਰਾਹੀਂ ਕੇਂਦਰ ਕਾਨੂੰਨ ਦੀ ਉਚਿਤਤਾ ਦਾ ਫੈਸਲਾ ਕਰਨ ਦੇ ਅਧਿਕਾਰ ਤੋਂ ਹਾਈਕੋਰਟਾਂ ਨੂੰ ਵਾਂਝਿਆ ਕਰ ਦਿੱਤਾ ਗਿਆ ਸੀ ਪਰੰਤੂ 43ਵੀਂ ਸੋਧ ਰਾਹੀਂ ਇਸ ਅਨੁਛੇਦ ਨੂੰ ਸੰਵਿਧਾਨ ਵਿਚੋਂ ਕੱਢ ਦਿੱਤਾ ਗਿਆ ਹੈ ਅਤੇ ਹੁਣ ਰਾਜ ਕਾਨੂੰਨਾਂ ਦੇ ਨਾਲ ਨਾਲ ਹਾਈ ਕੋਰਟ ਕੇਂਦਰੀ ਕਾਨੂੰਨਾਂ ਦੀ ਵੀ ਸੰਵਿਧਾਨਕ ਓਚਿਤਤਾ ਬਾਰੇ ਨਿਰਣਾ ਦੇਣ ਦਾ ਅਧਿਕਾਰ ਰੱਖਦੇ ਹਨ ।

ਇਥੇ ਇਹ ਦੱਸਣਾ ਉਚਿਤ ਹੋਵੇਗਾ ਕਿ ਨਿਆਂਇਕ ਪੁਨਰ-ਵਿਚਾਰ ਸੰਬੰਧੀ ਭਾਰਤ ਵਿਚ ਸਰਵ-ਉੱਚ ਅਦਾਲਤ ਦੇ ਅਧਿਕਾਰ ਅਮਰੀਕਾ ਅਤੇ ਸੁਪਰੀਮ ਕੋਰਟ ਵਾਂਗੂੰ ਵਿਆਪਕ ਨਹੀਂ । ਅਸਲ ਵਿਚ ਭਾਰਤ ਦੇ ਸੰਵਿਧਾਨ ਵਿਚ ਉਚਿਤ ਕਾਨੂੰਨੀ ਪ੍ਰਕ੍ਰਿਆ (due process of law) ਦੀ ਕੋਈ ਧਾਰਾ ਨਹੀ । ਇਸੇ ਲਈ ਅਮਰੀਕਾ ਸੁਪਰੀਮ ਕੋਰਟ ਵਾਂਗੂੰ ਭਾਰਤ ਦੀ ਸਰਵ-ਉੱਚ ਅਦਾਲਤ ਇਨਸਾਫ ਅਤੇ ਸਮਾਨਤਾ ਦਾ ਆਪਣਾ ਸੰਕਲਪ ਨਹੀਂ ਬਣ ਸਕਦੀ । ਇਸ ਕੋਲ ਕਿਸੇ ਉਚਿਤ ਵਿਧਾਨ ਸਭਾ ਰਾਹੀਂ ਘੜੇ ਗਏ ਕਾਨੂੰਨ ਦੀ ਸਿਆਣਪ ਜਾਂ ਨੀਤੀ ਬਾਰੇ ਕਿੰਤੂ ਕਰਨ ਦਾ ਅਧਿਕਾਰ ਨਹੀਂ । ਇਹ ਕਿਸ ਕਾਨੂੰਨ ਨੂੰ ਇਸ ਬਿਆਨ ਦੇ ਆਧਾਰ ਉੱਤੇ ਗੈਰ ਸੰਵਿਧਾਨਿਕ ਘੋਸ਼ਿਤ ਨਹੀਂ ਕਰ ਸਕਦੀ ਕਿ ਇਹ ਇਨਸਾਫ ਰਹਿਤ ਹੈ ਅਤੇ ਇਸ ਦੇ ਉਪਬੰਧ ਦਮਨਕਾਰੀ ਹਨ ਜਾਂ ਇਹ ਨਾਗਰਿਕਾਂ ਦੇ ਪ੍ਰਾਕ੍ਰਿਤਿਕ ਅਤੇ ਰਾਜਨੀਤਿਕ ਅਧਿਕਾਰਾਂ ਦੀ ਉਲੰਘਣਾ ਕਰਦੀ ਹੈ । ਜਦੋਂ ਤੱਕ ਕਿ ਅਜਿਹੀ ਬੇ-ਇਨਸਾਫੀ ਤੇ ਰੋਕ ਲੱਗੀ ਹੋਵੇ ਜਾਂ ਅਜਿਹੇ ਅਧਿਕਾਰ ਸੰਵਿਧਾਨ ਰਾਹੀਂ ਦਿੱਤੇ ਗਏ ਹੋਣ । ਭਾਰਤ ਵਿਚ ਉਚਿਤ ਕਾਨੂੰਨੀ ਪ੍ਰਕ੍ਰਿਆ ਦੀ ਥਾਂ ਕਾਨੂੰਨ ਦੇ ਦੁਆਰਾ ਸਥਾਪਿਤ ਪਕ੍ਰਿਆ (Procedure established by law) ਦੀ ਵਿਵਸਥਾ ਹੈ ।

ਨਿਆਂਇਕ ਪੁਨਰ-ਵਿਚਾਰ ਦੇ ਪ੍ਰਯੋਗ ਸੰਬੰਧੀ ਅੱਜ ਕੱਲ ਪ੍ਰਗਤੀਸ਼ੀਲ ਵਿਆਖਿਆ ਦੇ ਸਿਧਾਂਤ ਨੂੰ ਵਿਸਤ੍ਰਿਤ ਪ੍ਰਮੁੱਖਤਾ ਮਿਲ ਰਹੀ ਹੈ ਇਕ ਮਹੱਤਵਪੂਰਣ ਪ੍ਰਸ਼ਨ ਬਾਰੇ ਗਰਮਾ ਗਰਮ ਬਹਿਸ ਹੁੰਦੀ ਰਹੀ ਹੈ ਕਿ ਕੀ ਸੰਵਿਧਾਨ ਦੇ ਉਪਬੰਧਾਂ ਨੂੰ ਉਹਨਾਂ ਪਰਿਸਥਿਤੀਆਂ ਵਿਚ ਸਮਝਣਾ ਚਾਹੀਦਾ ਹੈ ਜਿਹਨਾਂ ਵਿਚ ਕਿ ਸੰਵਿਧਾਨ ਬਣਾਇਆ ਸੀ ਜਾਂ ਇਹਨਾਂ ਨੂੰ ਸਮੇਂ ਸਮੇਂ ਸਿਰ ਨਵੀਂ ਰੂਪ ਰੇਖਾ ਦੇਣੀ ਚਾਹੀਦੀ ਹੈ ਤਾਂ ਕਿ ਲੋਕਾਂ ਦੀਆਂ ਸਮਾਜਕ ਅਤੇ ਆਰਥਿਕ ਜ਼ਿੰਦਗੀ ਦੇ ਵਿਕਾਸ ਤੋਂ ਉਤਪੰਨ ਹੋਈਆਂ ਨਵੀਆਂ ਰੁਚੀਆਂ ਨੂੰ ਇਸ ਵਿਚ ਸ਼ਾਮਿਲ ਕੀਤਾ ਜਾ ਸਕੇ

। ਭਾਰਤ ਵਿਚ ਸਰਵ-ਉੱਚ ਅਦਾਲਤ ਦੇ ਕਈ ਫੈਸਲਿਆਂ ਨੇ ਦੇਸ਼ ਦੇ ਸਮਾਜਵਾਦੀ ਟੀਚਿਆਂ ਵਲ ਵਾਧੇ ਵਿਚ ਰੋਕ ਪਾਈ ਹੈ । ਉਦਾਹਰਣ ਵਜੋਂ ਬੈਂਕਾਂ ਦੇ ਕੌਮੀਕਰਨ ਸੰਬੰਧੀ ਕੇਸ ਵਿਚ ਸਰਵ-ਉੱਚ ਅਦਾਲਤ ਨੇ *1970* ਵਿਚ ਇਹ ਉਚਿਤ ਠਹਿਰਾਇਆ ਕਿ ਜਿਹੜਾ ਕਾਨੂੰਨ ਲੋਕ ਭਲਾਈ ਲਈ ਜਾਇਦਾਦ ਨੂੰ ਹਾਸ਼ਿਲ ਕਰਨ, ਕਬਜ਼ਾ ਕਰਨ ਅਤੇ ਉਸ ਨੂੰ ਵੇਚਣ ਲਈ ਸੁੰਤਤਰਤਾ ਨੂੰ ਯਕੀਨੀ ਬਣਾਉਂਦਾ ਹੈ । ਸਰਵ-ਉੱਚ ਅਦਾਲਤ ਨੇ ਇਹ ਵੀ ਨਿਰਣਾ ਦਿੱਤਾ ਕਿ ਸੰਵਿਧਾਨ ਮੁਆਵਜ਼ੇ ਦਾ ਅਧਿਕਾਰ ਵੀ ਦਿੰਦਾ ਹੈ ਅਤੇ ਇਹ ਹਾਸਲ ਕੀਤੀ ਸੰਪਤੀ ਦੇ ਬਰਾਬਰ ਦੇ ਰੂਪ ਵਿਚ ਹੋਣਾ ਚਹੀਦਾ ਹੈ । ਇਹਨਾਂ ਆਧਾਰਾਂ ਦੇ ਸਰਵ-ਉੱਚ ਅਦਾਲਤ ਨੇ ਬੈਂਕਾਂ ਦੇ ਕੌਮੀਕਰਣ ਸੰਬੰਧੀ ਆਦੇਸ਼ਾਂ ਨੂੰ ਰੱਦ ਕਰ ਦਿੱਤਾ । ਭਾਵੇਂ ਰਾਜ ਸੱਤਾ ਅਤੇ ਵਿਸ਼ੇਸ਼ ਅਧਿਕਾਰਾਂ ਨੂੰ ਖਤਮ ਕਰਨ ਸੰਬੰਧੀ ਰਾਸ਼ਟਰਪਤੀ ਦੇ ਆਦੇਸ਼ ਨੂੰ ਸਰਵ-ਉੱਚ ਅਦਾਲਤ ਨੇ ਰੱਦ ਕਰ ਦਿੱਤਾ । ਇਸ ਤੋਂ ਇਲਾਵੇ, ਪਹਿਲਾਂ *1967* ਵਿਚ ਗੋਲਕ ਨਾਥ ਕੇਸ ਵਿਚ ਵੀ ਸਰਵ-ਉੱਚ ਅਦਾਲਤ ਨੇ ਬੜੇ ਥੋੜੇ ਬਹੁਮਤ ਨਾਲ ਆਪਣਾ ਫੈਸਲਾ ਦਿੱਤਾ ਸੀ ਜਿਸ ਅਨੁਸਾਰ ਸੰਸਦ ਸੰਵਿਧਾਨ ਦੇ ਸਾਰੇ ਹਿੱਸਿਆਂ (ਭਾਗ ਤੀਜਾ ਸਮੇਤ ਜਿਸ ਦਾ ਸੰਬੰਧ ਮੌਲਿਕ ਅਧਿਕਾਰਾਂ ਨਾਲ ਹੈ) ਵਿਚ ਪਰਿਵਰਤਨ ਕਰਨ ਦਾ ਅਧਿਕਾਰ ਰੱਖਦੀ ਸੀ । ਇਸ ਫੈਸਲੇ ਦਾ ਇਹ ਨਤੀਜਾ ਨਿਕਲਿਆਂ ਕਿ ਇਹ ਮੰਨਿਆ ਗਿਆ ਕਿ ਸੰਸਦ ਕੋਲ ਬੁਨਿਆਦੀ ਅਧਿਕਾਰਾਂ ਨੂੰ ਖੋਹਣ ਜਾਂ ਘੱਟ ਕਰਨ ਦਾ ਕੋਈ ਅਧਿਕਾਰ ਨਹੀਂ ਭਾਵੇਂ ਰਾਜ ਦੀ ਨੀਤੀ ਦੇ ਨਿਰਦੇਸ਼ ਸਿਧਾਂਤ ਨੂੰ ਲਾਗੂ ਕਰਨ ਅਤੇ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਦਰਜ ਮਨੋਰਥਾਂ ਦੀ ਪ੍ਰਾਪਤੀ ਲਈ ਅਜਿਹਾ ਕਰਨਾ ਜ਼ਰੂਰੀ ਵੀ ਕਿਉਂ ਨਾ ਹੋਵੇ ।

ਇਹਨਾਂ ਸਾਰੀਆਂ ਘਟਨਾਵਾਂ ਨੇ ਸਰਵ-ਉੱਚ ਅਦਾਲਤ ਦੇ ਨਿਆਇਕ ਪੁਨਰ-ਨਿਰੀਖਣ ਦੇ ਅਧਿਕਾਰ ਸੰਬੰਧੀ ਗਰਮਾ ਗਰਮ ਵਿਵਾਦ ਵਿਚ ਹਿੱਸਾ ਪਾਇਆ । ਕੁਝ ਖੇਤਰਾਂ ਵਿਚ ਇਹ ਮੰਗ ਕੀਤੀ ਗਈ ਕਿ ਸਰਵ-ਉੱਚ ਅਦਾਲਤ ਤੋਂ ਇਹ ਅਧਿਕਾਰ ਲੈ ਲਿਆਂ ਜਾਵੇ ਅਤੇ ਕਾਨੂੰਨ ਨਿਰਮਾਣ ਦੇ ਖੇਤਰ ਵਿਚ ਸੰਸਦ ਦੀ ਸੱਤਾ ਅੰਤਿਮ ਅਤੇ ਸਰਵ-ਉੱਚ ਹੋਣੀ ਚਾਹੀਦੀ ਹੈ । ਇਸ ਤੋਂ ਉਲਟ ਕੁਝ ਵਿਅਕਤੀਆਂ ਨੂੰ ਜ਼ੋਰਦਾਰ ਸ਼ਬਦਾਂ ਵਿਚ ਇਸ ਦੀ ਨਿਖੇਧੀ ਕੀਤੀ ਅਤੇ ਉਹਨਾਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਨਿਆਇਕ ਪੁਨਰ-ਨਿਰੀਪਖਣ ਦੀ ਸ਼ਕਤੀ ਸਮਾਪਤ ਨਹੀਂ ਹੋਣੀ ਚਾਹੀਦੀ ਹੈ । *1973* ਵਿਚ ਇਕ ਵਾਰ ਫਿਰ ਸੁਪਰੀਮ ਕੋਰਟ ਨੇ ਕੇਸ਼ਵਾ ਨੰਦ ਭਾਰਤੀ ਕੇ ਸ ਵਿਚ *1967* ਵਾਲੇ ਫੈਸਲੇ ਨੂੰ ਰੱਦ ਕਰਕੇ ਨਵਾਂ ਫੈਸਲਾ ਦਿੱਤਾ । ਧਾਰਾ *13* ਦੀ ਨਵੀਂ ਵਿਆਖਿਆ ਕਰਦਿਆਂ ਸੁਪਰੀਮ ਕੋਰਟ ਨੈ ਇਹ ਕਿਹਾ ਕਿ ਇਹ ਧਾਰਾ ਸੰਸਦ ਨੂੰ ਕੋਈ ਇਹੋ ਜਿਹਾ ਸਾਧਾਰਣ ਕਾਨੂੰਨ ਬਣਾਉਣ ਤੋਂ ਰੋਕਦੀ ਹੈ ਜਿਹੜਾ ਮੌਲਿਕ ਅਧਿਕਾਰਾਂ ਨਾਲ ਮੇਲ ਨਾ ਖਾਂਦਾ ਹੋਵੇ । ਪਰੰਤੂ ਇਹ ਸੰਸਦ ਦੀ ਸੋਧ ਕਰਨ ਦੀ ਸ਼ਕਤੀ ਜਿਹੜੀ ਕਿ ਅਨੁਛੇਦ *368* ਦੁਆਰਾ ਸਥਾਪਿਤ ਕੀਤੀ ਗਈ ਹੈ, ਉਤੇ ਰੋਕ ਨਹੀਂ ਲਗਾਉਂਦੀ । ਸੋ ਸੰਸਦ ਦੁਆਰਾ ਮੌਲਿਕ ਅਧਿਕਾਰਾਂ ਵਿਚ ਕੀਤੀਆਂ ਗਈਆਂ ਦੋ ਸੋਧਾ, (*24*ਵੀਂ ਅਤੇ *25*ਵੀਂ) ਨੂੰ ਜਾਇਜ਼ ਕਰਾਰ ਦਿੱਤਾ ਅਤੇ ਇਹ ਸਥਾਪਿਤ ਹੋ ਗਿਆ ਕਿ ਸੰਸਦ ਮੌਲਿਕ ਅਧਿਕਾਰਾਂ ਵਿਚ ਸੋਧ ਕਰ ਸਕਦੀ ਹੈ ਸ਼ਰਤ ਇਹ ਹੈ ਕਿ ਸੰਵਿਧਾਨ ਦੀ ਮੌਲਿਕ ਰਚਨਾਂ ਵਿਚ ਪਰਿਵਰਤਨ ਨਾ ਆਵੇ । ਸੰਵਿਧਾਨ ਦੀ ਮੌਲਿਕ ਰਚਨਾ ਕੀ ਹੈ ਇਸ ਦੀ ਵਿਆਖਿਆ ਸੁਪਰੀਮ ਕੋਰਟ ਹੀ ਕਰੇਗਾ । ਇਥੇ ਇਹ ਨੋਟ ਕਰ ਸਕਦੇ ਹਾਂ ਕਿ ਸੰਸਦ ਨੇ *44* ਵੀਂ ਸੋਧ ਦੁਆਰਾ ਸੰਪਤੀ ਦਾ ਅਧਿਕਾਰ ਮੌਲਿਕ ਅਧਿਕਾਰਾਂ ਵਿਚੋਂ ਕੱਢ ਦਿੱਤਾ । ਸਰਵ-ਉੱਚ ਅਦਾਲਤ ਦੀ ਨਿਆਇਕ ਪੁਨਰ-ਨਿਰੀਖਣ ਦੀ ਸ਼ਕਤੀ ਨੂੰ ਸੀਮਿਤ ਕਰਨ ਲਈ ਸੰਵਿਧਾਨ ਦੀ *42*ਵੀਂ ਸੋਧ ਨੇ ਸੰਵਿਧਾਨ ਵਿਚ ਇਕ ਨਵੀਂ ਧਾਰਾ *144* (ਏ) ਜੋੜ ਦਿੱਤੀ ਸੀ । ਨਵੇਂ ਅਨੁਛੇਦ ਦੇ ਅਨੁਸਾਰ ਇਹ ਵਿਵਸਥਾ ਕੀਤੀ ਗਈ ਕਿ (i) ਕਿਸੇ ਵੀ ਕੇਂਦਰੀ ਕਾਨੰਨ ਜਾਂ ਰਾਜ ਕਾਨੂੰਨ ਦੀ ਸੰਵਿਧਾਨਕਤਾ ਦੀ ਪਰਖ ਕਰਨ ਲਈ ਸਰਵ-ਉੱਚ ਅਦਾਲਤ ਦੇ ਦੋ ਤਿਹਾਈ ਜੱਜ ਅਜਿਹਾ ਨਿਰਣਾ ਨਾ ਦੇਣ । ਇਹ ਵਿਧੀ ਅਤਿਅੰਤ ਇਤਰਾਜ਼ਯੋਗ ਸੀ ਕਿਓਂਕਿ ਅਮਲੀ ਰੂਪ ਵਿਚ ਭਾਵੇਂ ਜੱਜਾਂ ਦਾ ਬਹੁਮਤ ਵੀ ਕਿਸੇ ਕਾਨੂੰਨ ਦੀ ਸੰਵਿਧਾਨਕ ਉਚਿੱਤਤਾ ਦੇ ਵਿਰੁੱਧ ਫੈਸਲਾ ਦੇਵੇ ਤਾਂ ਵੀ ਉਸ ਕਾਨੂੰਨ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਸੀ । ਸੰਵਿਧਾਨ ਦੀ *43*ਵੀਂ ਸੋਧ ਨੇ ਇਹਨਾਂ ਉਪਬੰਧਾਂ ਨੂੰ ਖਾਰਜ ਕਰ ਦਿੱਤਾ ਹੈ ਅਤੇ *42*ਵੀਂ ਸੋਧ ਤੋਂ ਪਹਿਲਾਂ ਦੀ ਸਥਿਤੀ ਨੂੰ ਮੁੜ ਬਹਾਲ ਕਰ ਦਿੱਤਾ ਗਿਆ ਹੈ ।

ਜੇ ਉਚਿਤ ਦ੍ਰਿਸ਼ਟੀ ਨਾਲ ਦੇਖਿਆ ਜਾਵੇ ਤਾਂ ਨਿਆਂਇਕ ਪੁਨਰ-ਨਿਰੀਖਣ ਦੀ ਕੁੰਜੀ ਜੱਜਾਂ ਦੇ ਹੱਥ ਵਿਚ ਇਕ

ਮਹੱਤਵਪੂਰਨ ਸਾਧਨ ਹੈ ਜਿਸ ਰਾਹੀਂ ਓਹ ਲੋਕਾਂ ਦੇ ਅਧਿਕਾਰਾਂ ਤੇ ਸੁਤੰਤਰਤਾ ਦੇ ਰਖਵਾਲੇ ਅਤੇ ਸਰਕਾਰ ਦੇ ਪਰਾਜਾਤੰਤਰੀ ਢਾਂਚੇ ਦੇ ਰਖਿਅਕ ਦੇ ਰੂਪ ਵਿਚ ਕੰਮ ਕਰ ਸਕਦੇ ਹਨ । ਨਿਆਂਇਕ ਪੁਨਰ-ਨਿਰੀਖਣ ਦੇ ਅਧਿਕਾਰ ਦੀ ਹੋਂਦ ਵਿਚ ਕਾਰਜ-ਪਾਲਿਕਾ ਜਾਂ ਵਿਧਾਨ-ਪਾਲਿਕਾ ਦੀ ਨਿਰੰਕੁਸ਼ਤਾ ਆਮ ਲੋਕਾਂ ਦੇ ਮੌਲਿਕ ਅਧਿਕਾਰਾਂ ਤੇ ਹਮਲਾ ਨਹੀਂ ਕਰ ਸਕਦੀ । ਪਰੰਤੂ ਇਹ ਮੰਨਣਾ ਚਾਹੀਦਾ ਹੈ ਕਿ ਇਹ ਸ਼ਕਤੀ ਜੱਜਾਂ ਨੂੰ ਅਧਿਕਾਰ ਨਹੀਂ ਦਿੰਦੀ ਕਿ ਉਹ ਆਪਣੇ ਨਿੱਜੀ ਦਰਸ਼ਨ ਨੂੰ ਰਾਸ਼ਟਰ ਦੇ ਸਮਾਜਿਕ ਦਰਸ਼ਨ ਉਤੇ ਜ਼ਬਰਦਸਤੀ ਲਾਗੂ ਕਰਨ ਅਤੇ ਬਦਲ ਰਹੇ ਹਾਲਤ ਵਿਚ ਰਾਸ਼ਟਰ ਦੇ ਵਿਕਾਸ ਵਿਚ ਰੁਕਾਵਟ ਬਣਨ । ਚੀਫ ਜਸਟਿਸ ਪਾਤੰਜਲੀ ਸ਼ਾਸਤਰੀ ਨੇ *1952* ਵਿਚ ਵੀ.ਜੀ. ਰਾਓ ਬਨਾਮ ਮਦਰਾਸ ਸਰਕਾਰ ਕੇਸ ਵਿਚ ਠੀਕ ਦੱਸਿਆ ਸੀ ਕਿ ਅਜਿਹੇ ਭ੍ਰਮ ਪੂਰਵਕ ਪੱਖਾਂ ਦਾ ਮੁਲਾਂਕਣ ਕਰਨ ਅਤੇ ਕਿਸੇ ਦਿੱਤੇ ਗਏ ਕੇਸ ਦੀਆਂ ਸਾਰੀਆਂ ਪਰਸਥਿਤੀਆਂ ਵਿਚ ਕੀ ਉੱਚਿਤ ਹੈ, ਬਾਰੇ ਅਪਣਾ ਸੰਕਲਪ ਬਣਾਉਣ ਲਈ, ਇਹ ਲਾਜ਼ਮੀ ਹੈ ਕਿ ਸਮਾਜਕ ਦਰਸ਼ਨ ਅਤੇ ਫੈਸਲਾ ਕਰਨ ਵਾਲੇ ਜੱਜਾਂ ਦੀਆਂ ਮਾਨਤਾਵਾਂ ਇਕ ਮਹੱਤਵਪੂਰਣ ਭੂਮਿਕਾ ਨਿਭਾਉਣ ਅਤੇ ਸਵੈ-ਨਿਯੰਤਰਣ ਰੱਖਣ । ਇਸ ਗੱਲ ਦਾ ਵੀ ਧਿਆਨ ਰਖਿਆ ਜਾਵੇ ਕਿ ਕਾਨੂੰਨ ਕੇਵਲ ਉਹਨਾਂ ਦੀ ਸੋਚਣੀ ਵਾਲੇ ਬੰਦਿਆਂ ਲਈ ਹੀ ਨਹੀਂ ਬਲਕਿ ਸਾਰੇ ਲੋਕਾਂ ਲਈ ਹੀ ਨਿਰਦੇਸ਼ ਕਰਦਾ ਹੈ ।

2.6.18 ਸਾਰੰਸ਼

ਸੰਘਾਤਮਕ ਰਾਜ-ਪ੍ਰਬੰਧ ਵਿਚ ਨਿਆਂ-ਪਾਲਿਕਾ ਦਾ ਸੰਗਠਨ ਹੋਰ ਵੀ ਲੋੜੀਂਦਾ ਹੈ। ਸ਼ਕਤੀਆਂ ਦੀ ਵੰਡ ਆਪਣੇ ਆਪ ਹੀ ਇਕ ਅਜਿਹੀ ਸੁਤੰਤਰ ਸੰਸਥਾ ਦੀ ਮੰਗ ਕਰਦੀ ਹੈ ਜੋ ਇਸ ਵੰਡ ਨੂੰ ਬਣਾਈ ਰੱਖੇ ਅਤੇ ਇਸ ਵੰਡ ਨਾਲ ਸੰਬੰਧਿਤ ਝਗੜਿਆਂ ਦਾ ਨਿਪਟਾਰਾ ਕਰੇ । ਇਹ ਕਾਰਜ ਕਿਸੇ ਨਿਆਇਕ ਸੰਸਥਾ ਨੂੰ ਹੀ ਸੌਂਪੇ ਜਾ ਸਕਦੇ ਹਨ । ਸੰਵਿਧਾਨ ਦੀ ਧਾਰਾ *124* ਅਨੁਸਾਰ ਇਕ ਸਰਵ-ਉਚ ਅਦਾਲਤ ਦੀ ਵਿਵਸਥਾ ਹੈ ਜਿਹੜੀ ਕਿ ਸਮੁੱਚੇ ਨਿਆਇਕ ਸੰਗਠਨ ਵਿਚ ਸਰਵ-ਉਚ ਹੈ । ਸਰਵ-ਉਚ ਅਦਾਲਤ ਦੇ ਅਧੀਨ ਵਿਭਿੰਨ ਰਾਜਾਂ ਦੀਆਂ ਉਚ ਅਦਾਲਤਾਂ ਹਨ । ਜਿਹਨਾਂ ਦੇ ਅੰਤਰਗਤ ਅਧੀਨ ਅਦਾਲਤਾਂ ਦੀ ਦਰਜਾਬੰਦੀ ਹੈ । ਸਰਵ-ਉਚ ਅਦਾਲਤ ਭਾਰਤ ਦੀ ਸਭ ਤੋਂ ਉਚੀ ਅਦਾਲਤ ਹੈ ।

ਸੰਘੀ ਢਾਂਚੇ ਨੂੰ ਧਿਆਨ ਵਿਚ ਰੱਖਦੇ ਹੋਏ ਸੁਪਰੀਮ ਕੋਰਟ ਕੋਲ ਵਿਆਪਕ ਅਧਿਕਾਰ ਖੇਤਰ ਹੈ । ਸੰਘੀ ਢਾਂਚੇ ਨੂੰ ਧਿਆਨ ਵਿਚ ਰੱਖਦੇ ਹੋਏ ਸੁਪਰੀਮ ਕੋਰਟ ਨੂੰ ਇਸਦਾ ਰਖਵਾਲਾ ਬਦਾਇਆ ਗਿਆ ਹੈ । ਭਾਵੇਂ ਸਮੇਂ-2 ਇਸਦੀ ਆਲੋਚਨਾ ਹੁੰਦੀ ਹੈ ਕਿ ਕਈ ਵਾਰ ਜੱਜਾਂ ਦੀ ਨਿਯੁੱਕਤੀ ਵੇਲੇ ਨਿਆਂਪਾਲਿਕਾ ਦੀ ਸੁਤੰਤਰਤਾ ਨੂੰ ਧੱਕਾ ਪਹੁੰਚਾਉਣ ਵਾਲੇ ਕਦਮ ਚੁੱਕੇ ਗਏ ਹਨ ਪਰੰਤੂ ਫਿਰ ਵੀ ਇਹ ਕਹਿਣਾ ਉਚਿਤ ਹੈ ਕਿ ਸੁਪਰੀਮ ਕੋਰਟ ਨੇ ਆਪਣੀ ਸੁਤੰਤਰ ਭੂਮਿਕਾ ਕਾਫੀ ਸਫਲਤਾ ਨਾਲ ਨਿਭਾਈ ਹੈ । ਸਾਡਾ ਸੁਪਰੀਮ ਕੋਰਟ ਨਿਸ਼ਚੇ ਹੀ ਸੰਘ ਦਾ ਰੱਖਿਅਕ, ਨਾਗਰਿਕਾਂ ਦੀ ਸੁਤੰਤਰਾਵਾਂ ਦਾ ਰੱਖਿਅਕ ਅਤੇ ਸੰਵਿਧਾਨ ਦਾ ਰੱਖਿਅਕ ਹੈ ।

2.6.*19* (i) ਸੁਪਰੀਮ ਕੋਰਟ ਦੇ ਜੱਜਾਂ ਦੀ ਨਿਯੁਕਤੀ ਕੌਣ ਤੇ ਕਿਨ੍ਹੀ ਦੇਰ ਲਈ ਕਰਦਾ ਹੈ ।

(ii) ਸੁਪਰੀਮ ਕੋਰਟ ਦੀਆਂ ਸ਼ਕਤੀਆਂ ਦਾ ਵਰਣਨ ਕਰੋ ।

(iii) ਸੁਪਰੀਮ ਕੋਰਟ ਦੀ ਸਥਿਤੀ ਬਾਰੇ ਦੱਸੋ ।

(iv) ਨਿਆਂਇਕ ਪੁਨਰ ਨਿਰੀਖਣ ਕਿੰਨ੍ਹਾ ਫਾਇਦੇਮੰਦ ਹੈ ।

(v) ਸੁਪਰੀਮ ਕੋਰਟ ਦੇ ਜੱਜ ਨੂੰ ਕਿਵੇਂ ਹਟਾਇਆ ਜਾ ਸਕਦਾ ਹੈ ।

2.6.20 ਸੁਝਾਈ ਗਈਆਂ ਪੁਸਤਕਾਂ

1.	Constitution of India	:	Dr. M.J. Kagzi
2.	Constitution of India	:	Dr. V.N.Shukla
3.	Commentary on the Constitution of India, Vol. I, II, III	:	Dr. D.D. Basu
4.	Superssion of Judges	:	Kuldip Nayar
5.	Constitution of India	:	Dr. A.C. Kapoor